www.sikhbookclub.com

ਸ੍ਰੀ ਗੁਰੂ ਤੇਗ ਬਹਾਦਰ ਜੀਉ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀਉ ਦੇ

# ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ



ਸੰਪਾਦਨ
ਭਾਈ ਸਾਹਿਬ ਭਾਈ ਵੀਰ ਸਿੰਘ

www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਗੁਰੂ ਤੇਗ ਬਹਾਦਰ ਜੀਉ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀਉ ਦੇ

# ਮਾਲਵਾ ਦੇਸ਼ ਰਟਨ ਦੀ
# ਸਾਖੀ ਪੋਥੀ

-ਸੰਪਾਦਤ-

**ਭਾਈ ਸਾਹਿਬ ਭਾਈ ਵੀਰ ਸਿੰਘ**

ਇਕ ਪੁਰਾਤਨ ਰਚਨਾ ਜੋ
ਸਰ ਸਰਦਾਰ ਅਤਰ ਸਿੰਘ ਜੀ ਰਈਸ ਭਦੌੜ
ਦੀ ਲਿਖਤੀ ਪੋਥੀ ਨਾਲ ਟਾਕਰਾ
ਕਰਕੇ ਸੰਪਾਦਨ ਕੀਤੀ ਗਈ।

**ਭਾਈ ਵੀਰ ਸਿੰਘ ਸਾਹਿਤ ਸਦਨ**

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, ਨਵੀਂ ਦਿੱਲੀ-110001

www.sikhbookclub.com

**Malwa Desh Ratan di Sakhi Pothi**

Edited by Bhai Vir Singh

ISBN # 978-93-84777-56-2

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਪਹਿਲੀ ਛਾਪ, ਨਵੰਬਰ 1950
ਦੂਜੀ ਛਾਪ, ਜਨਵਰੀ 1968
ਤੀਜੀ ਛਾਪ, ਜੂਨ 2018

ਸਰਵਰਕ : ਕਿਲ੍ਹਾ ਮੁਬਾਰਕ ਪਟਿਆਲਾ ਦਾ ਇਕ ਕੰਧ ਚਿੱਤਰ।
ਧੰਨਵਾਦ, ਸਭਿਆਚਾਰਕ ਮਾਮਲੇ ਪੁਰਾਤਤਵ ਅਤੇ ਅਜਾਇਬ ਘਰ, ਪੰਜਾਬ ਚੰਡੀਗੜ੍ਹ।

*ਪ੍ਰਕਾਸ਼ਕ:* ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001
Email: info@bvsss.org

*Printer :* Print Media
1331, Chowk Sangatrashan,
Paharganj, New Delhi - 110055

ਮੁੱਲ: 60/- ਰੁਪਏ

www.sikhbookclub.com

# ਭੂਮਿਕਾ

ਗੁਰੂ ਪਰੰਪਰਾ 'ਚ ਬਾਣੀ ਸਿਰਜਣਾ ਦੇ ਨਾਲ ਨਾਲ ਸਾਖੀ ਪਰੰਪਰਾ ਵੀ ਚਲਦੀ ਰਹੀ ਹੈ। ਸਾਖੀ ਸਾਹਿਤ ਮੂਲ ਰੂਪ 'ਚ ਗੁਰ ਇਤਿਹਾਸ ਦੀ ਸਿਰਜਨਾ ਹੈ ਜੋ ਵੱਖ-ਵੱਖ ਸਾਖੀਕਾਰਾਂ ਰਚਿਤ ਜਨਮਸਾਖੀਆਂ ਦੇ ਰੂਪ 'ਚ ਸਾਨੂੰ ਕਵਿਤਾ ਤੇ ਵਾਰਤਕ ਦੋਹਾਂ ਰੂਪਾਂ 'ਚ ਮਿਲਦਾ ਹੈ। ਹਥਲੀ ਪੁਸਤਕ 'ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ' ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਲਵੇ ਦੇ ਸਫਰਾਂ ਨਾਲ ਸੰਬੰਧਿਤ ਰਚਨਾ ਹੈ ਜੋ ਪੋਥੀ ਦੇ ਸੰਪਾਦਕ ਭਾਈ ਵੀਰ ਸਿੰਘ ਜੀ ਅਨੁਸਾਰ ਇਹ ਪੋਥੀ, "ਨੌਵੇਂ ਪਾਤਸ਼ਾਹ ਤੇ ਦਸਵੇਂ ਪਾਤਸ਼ਾਹ ਜੀ ਦੇ ਮਾਲਵੇ ਦੇ ਸਫ਼ਰਾਂ ਦੀਆਂ ਛੋਟੀਆਂ ਛੋਟੀਆਂ ਸਾਖੀਆਂ ਹਨ ਤੇ ਕਵੀ ਸੰਤੋਖ ਸਿੰਘ ਜੀ ਨੇ ਇਸ ਪੁਸਤਕ ਦੀਆਂ ਇਨ੍ਹਾਂ ਸਾਖੀਆਂ ਨੂੰ ਆਪਣੇ ਗ੍ਰੰਥ, **ਗੁਰੂ ਪ੍ਰਤਾਪ ਸੂਰਜ** ਦੀ ਰਾਸ ੧੧ ਤੋਂ ਐਨ ੧ ਵਿਚ ਆਪਣੀ ਕਾਵਜ ਰਚਨਾਂ ਵਿਚ ਵਾਰਤਕ ਤੋਂ ਕਵਿਤਾ ਵਿਚ ਉਲਥਾਯਾ ਹੈ।"

ਭਾਈ ਸੰਤੋਖ ਸਿੰਘ ਰਚਿਤ **ਗੁਰ ਪ੍ਰਤਾਪ ਸੂਰਜ ਗ੍ਰੰਥ** ਦੀ ਸੰਪਾਦਨਾ ਕਰਦੇ ਸਮੇਂ ਭਾਈ ਸਾਹਿਬ ਦੇ ਮਨ ਦੀ ਇਹ ਰੀਝ ਸੀ ਕਿ ਇਸ ਦੇ ਸੋਮਿਆਂ ਦਾ ਵੀ ਥਹੁ-ਪਤਾ ਲੱਗੇ ਤੇ ਉਨ੍ਹਾਂ ਦੀ ਇਹ ਰੀਝ ਪੂਰੀ ਵੀ ਹੋਈ ਜਦ ਉਨ੍ਹਾਂ ਨੂੰ ਇਹ ਪੁਸਤਕ ਭਾਈ ਸਾਹਿਬ ਸਿੰਘ ਜੀ ਗਿਆਨੀ ਧਮਤਾਨ ਸਾਹਿਬ ਵਾਲਿਆਂ ਪਾਸੋਂ ਪ੍ਰਾਪਤ ਹੋਈ ਪਰ ਇਹ ਪੁਸਤਕ ਸਿਰਫ਼ ਨੌਵੀਂ-ਦਸਵੀਂ ਪਾਤਸ਼ਾਹੀ ਦੇ ਮਾਲਵਾ ਰਟਨ ਨਾਲ ਹੀ ਸੰਬੰਧਿਤ ਸੀ। ਸਮੱਸਿਆ ਇਹ ਖੜੀ ਹੋਈ ਕਿ ਪੁਸਤਕ ਦਾ ਰਚਨਾਕਾਰ ਕੌਣ ਹੈ ਤੇ ਇਹ ਕਦੋਂ ਰਚੀ ਗਈ? ਫਿਰ ਇਹ ਪੁਸਤਕ **ਗੁਰੂ ਪ੍ਰਤਾਪ ਸੂਰਜ ਗ੍ਰੰਥ** ਲਈ ਇਕ ਸ੍ਰੋਤ ਪੁਸਤਕ ਕਿਵੇਂ ਸਾਬਤ ਹੋਈ? ਪੁਸਤਕ ਦੀ ਉਥਾਨਕਾ'ਚ ਭਾਈ ਸਾਹਿਬ ਇਨ੍ਹਾਂ ਸਭ ਸੁਆਲਾਂ ਦਾ ਨਿਰਣਾ ਵੀ ਕਰਦੇ ਹਨ ਤੇ ਪੁਸਤਕ ਨੂੰ ਛਾਪਣ ਦੇ ਉਦੇਸ਼ ਦੇ ਨਾਲ ਨਾਲ ਇਸ ਵਿਚ ਕੀਤੇ ਸੰਪਾਦਕੀ ਵਾਧਿਆਂ ਦਾ ਉਲੇਖ ਵੀ ਕਰਦੇ ਹਨ।

ਮੂਲ ਰੂਪ 'ਚ ਇਹ ਪੁਸਤਕ ਵਾਰਤਕ 'ਚ ਹੈ। ਇਹ ਨੌਵੇਂ-ਦਸਵੇਂ ਗੁਰੂ ਜੀ ਦੀਆਂ ਮਾਲਵੇ ਦੇਸ਼ਾਟਨ ਦੀਆਂ ਛੋਟੀਆਂ ਛੋਟੀਆਂ ਸਾਖੀਆਂ ਹਨ ਜਿਨ੍ਹਾਂ ਦੀ

www.sikhbookclub.com

ਗਿਣਤੀ 118 ਤੱਕ ਹੈ। ਖਰੜੇ ਦਾ ਸੰਪਾਦਨ ਕਰਦਿਆਂ ਭਾਈ ਸਾਹਿਬ ਨੇ ਇਸ ਵਿਚ ਔਖੇ ਸ਼ਬਦਾਂ ਦੇ ਅਰਥ, ਬਿਸਰਾਮ ਚਿੰਨ੍ਹ, ਸਾਖੀ ਨਾਮਕਰਨ, ਵਿਵਾਦਿਤ ਗੱਲਾਂ ਦੇ ਸਪਸ਼ਟੀਕਰਨ ਆਦਿ ਵਾਧਿਆਂ ਨਾਲ ਇਸ ਨੂੰ ਛਾਪਿਆ ਹੈ ਜੋ ਪੁਸਤਕ ਨੂੰ ਪਾਠਕ ਲਈ ਸਹਿਜ ਸੁਗਮ ਤੇ ਬੋਧਗਮ ਬਣਾਉਂਦੇ ਹਨ।

ਇਸ ਮਧਕਾਲੀ ਸਿਰਜਨਾ ਦੇ ਰਚਨਾ-ਪਾਠ ਛੋਟੇ ਹਨ। ਇਹ ਗਲ ਅਜ ਦੇ ਪ੍ਰਸੰਗ 'ਚ ਜ਼ਿਆਦਾ ਢੁਕਵੀਂ ਸਾਬਤ ਹੋ ਰਹੀ ਹੈ ਕਿਉਂਜੋ ਅਜ ਦੇ ਮਨੁੱਖ ਕੋਲ ਵੀ ਸਮਾਂ ਘੱਟ ਹੈ ਤੇ ਫਿਰ ਸਾਹਿਤ ਦੇ ਬਹੁਤ ਸਾਰੇ ਰੂਪਾਂ 'ਚ ਵੀ ਸਮੇਂ ਨਾਲ ਪਰੀਵਰਤਨ ਹੋ ਕੇ ਨਿੱਕੀਆਂ ਕਹਾਣੀਆਂ, ਛੋਟੀਆਂ ਕਵਿਤਾਵਾਂ, ਨਾਵਲੈਟ ਆਦਿ ਨੇ ਜਿਸ ਤਰ੍ਹਾਂ ਹੋਂਦ ਗ੍ਰਹਿਣ ਕੀਤੀ, ਉਸੇ ਮੁਜਬ 18ਵੀਂ ਸਦੀ 'ਚ ਇਸ ਰਚਨਾ ਦਾ ਹੋਂਦ ਗ੍ਰਹਿਣ ਕਰਨਾ ਅਜ ਦੇ ਪ੍ਰਸੰਗ 'ਚ ਵਿਸਮੈਕਾਰੀ ਵੀ ਹੈ ਤੇ ਢੁਕਵਾਂ ਵੀ। ਭਾਸ਼ਾ ਸਰਲ ਹੈ ਤੇ ਬਿਰਤਾਂਤ ਸੰਕੋਚਵਾਂ।

ਮਾਲਵੇ ਦੇਸ਼ ਨਾਲ ਸੰਬੰਧਿਤ ਇਨ੍ਹਾਂ ਸਾਖੀਆਂ 'ਚ ਗੁਰ ਇਤਿਹਾਸ ਦੀ ਭਰਵੀਂ ਜਾਣਕਾਰੀ ਮੌਜੂਦ ਹੈ। ਇਤਿਹਾਸ ਦੇ ਇਹ ਪੁਰਾਤਨ ਗ੍ਰੰਥ ਸੰਪਾਦਨਾ ਤੇ ਪ੍ਰਕਾਸ਼ਨਾ ਦਾ ਹਿੱਸਾ ਬਣ ਕੇ ਇਤਿਹਾਸ ਖੋਜੀਆਂ ਤੇ ਪਾਠਕਾਂ ਲਈ ਇਕ ਚਿਰੰਜੀਵੀ ਸਰਮਾਇਆ ਸਾਬਤ ਹੋ ਰਹੇ ਹਨ। ਇਨ੍ਹਾਂ ਦੇ ਪਠਨ-ਪਾਠਨ 'ਚੋਂ ਇਤਿਹਾਸ ਦੀ ਪੁਣ-ਛਾਣ ਵੀ ਹੋਣੀ ਹੈ ਤੇ ਸੰਭਾਲ ਵੀ। ਇਸ ਪੁਸਤਕ ਦੀ ਪਹਿਲੀ ਪ੍ਰਕਾਸ਼ਨਾ ਨਵੰਬਰ 1950 'ਚ ਹੋਈ ਸੀ ਤੇ ਹੁਣ ਪਾਠਕਾਂ ਦੀ ਮੰਗ ਤੇ ਇਸ ਦੀ ਤੀਜੀ ਐਡੀਸ਼ਨ ਛਪ ਰਹੀ ਹੈ। ਪੁਰਾਤਨ ਗ੍ਰੰਥ ਜਿਥੇ ਇਤਿਹਾਸ ਦਾ ਸ੍ਰੋਤ ਹਨ ਉਥੇ ਗੁਰਬਾਣੀ ਦੇ ਸਮਝ-ਬੋਧ ਨੂੰ ਉਜਾਗਰ ਕਰਨ 'ਚ ਵੀ ਸਹਾਈ ਹਨ। ਇਸ ਦ੍ਰਿਸ਼ਟੀ ਤੋਂ ਬਹੁਤ ਜ਼ਰੂਰੀ ਹੈ ਅਸੀਂ ਇਸ ਪੁਰਾਤਨ ਕਥਾ-ਸਮੱਗਰੀ ਨੂੰ ਪੜ੍ਹੀਏ, ਵਾਚੀਏ ਤੇ ਇਤਿਹਾਸ ਦੇ ਉਸ ਦੌਰ ਨਾਲ ਜੁੜ ਜਾਈਏ ਤਾਂ ਜੋ ਜਿਥੇ ਸਾਡੀ ਪਹੁੰਚ ਇਤਿਹਾਸ ਬਾਰੇ ਸੁਦ੍ਰਿੜ ਹੋਵੇ ਉਥੇ ਇਤਿਹਾਸ ਦੀ ਮੌਜੂਦਾ ਪ੍ਰਸੰਗ 'ਚ ਸਾਰਥਕਤਾ ਵੀ ਉਜਾਗਰ ਹੋਵੇ। ਅਸੀਂ, ਭਾਈ ਸਾਹਿਬ ਦੇ ਉਪਰਾਲਿਆਂ ਨੂੰ ਵਿਸਤਾਰ ਦਿੰਦੇ ਹੋਏ ਇਸ ਪੁਸਤਕ ਦੀ ਤੀਜੀ ਐਡੀਸ਼ਨ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

ਜੂਨ, 2018 —ਡਾ. ਮਹਿੰਦਰ ਸਿੰਘ
ਭਾਈ ਵੀਰ ਸਿੰਘ ਸਾਹਿਤ ਸਦਨ ਡਾਇਰੈਕਟਰ
ਨਵੀਂ ਦਿੱਲੀ

www.sikhbookclub.com

# ਉਥਾਨਕਾ

ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸੰਪਾਦਨ ਸਮੇਂ ਸੰਨ 1926 ਤੋਂ 1936 ਈ: ਤਕ, ਸਾਡੀ ਇਹ ਤੀਬ੍ਰ ਢੂੰਡ ਰਹੀ ਕਿ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਪੁਰਾਣੇ ਤੋਂ ਪੁਰਾਣਾ ਲਿਖਤੀ ਨੁਸਖਾ, ਯਾ ਕਵੀ ਜੀ ਦਾ ਲਿਖਤੀ ਅਸਲ ਗ੍ਰੰਥ ਮਿਲੇ, ਤਥਾ ਕਵੀ ਜੀ ਦੀ ਜੀਵਨੀ ਦੇ ਸਵਿਸਥਾਰ ਹਾਲਾਤ ਮਿਲਨ ਤੇ ਫਿਰ ਓਹ ਗ੍ਰੰਥ ਬੀ ਪ੍ਰਾਪਤ ਹੋਣ ਜੋ ਇਸ ਅਮੋਲਕ ਗੁਰ ਇਤਿਹਾਸ ਦਾ ਸੋਮਾਂ ਹਨ ਯਾ ਜਿਨ੍ਹਾਂ ਤੋਂ ਕਵੀ ਜੀ ਨੇ ਆਪਣੇ ਗ੍ਰੰਥ ਰਚਨ ਸਮੇਂ ਲਾਭ ਉਠਾਇਆ ਹੈ। ਇਸ ਢੂੰਡ ਤੇ ਖੋਜ ਵਿਚ ਚੋਖਾ ਸਮਾਂ ਖਰਚ ਹੋਇਆ ਤੇ ਜੋ ਕੁਝ ਤਲਾਸ਼ ਵਿਚ ਸਫਲਤਾ ਹੋਈ ਓਹ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪ੍ਰਸਤਾਵਨਾਂ ਤੋਂ ਸਪਸ਼ਟ ਹੋ ਜਾਂਦੀ ਹੈ:

ਇਸ ਗੁਰ ਇਤਿਹਾਸ ਦੇ ਸੋਮਿਆਂ ਦੀ ਢੂੰਡ ਦੇ ਸੰਬੰਧ ਵਿਚ ਗੁਰ ਇਤਿਹਾਸ ਦੇ ਜੋ ਪੁਰਾਤਨ ਗ੍ਰੰਥ ਲੱਭੇ ਜਾ ਸਕੇ ਉਨ੍ਹਾਂ ਦਾ ਵੇਰਵਾ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪ੍ਰਸਤਾਵਨਾ 'ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸੋਮੇਂ ਦੇ ਸਿਰਲੇਖ ਥੱਲੇ ਦਿੱਤਾ ਹੋਇਆ ਹੈ; ਜਿਸ ਵਿਚ ਪ੍ਰਾਚੀਨ ਗ੍ਰੰਥਾਂ ਦੇ ਮਸਾਲੇ ਨੂੰ ਗੁ: ਪ੍ਰ: ਸੂਰਜ ਦੀ ਰਚਨਾਂ ਨਾਲ ਮੇਲ ਮੇਲ ਕੇ, ਟਾਕਰੇ ਕਰ ਕਰ ਕੇ ਤੇ ਇਹ ਨਿਸਚੇ ਕਰ ਕਰਕੇ ਕਿ ਅਮਕੀ ਪੁਸਤਕ ਵੀ ਗ੍ਰੰਥ ਰਚਨਾ ਸਮੇਂ ਕਵੀ ਜੀ ਦੇ ਪਾਸ ਮੌਜੂਦ ਸੀ, ਨਿਤਾਰਿਆ ਤੇ ਉਨ੍ਹਾਂ ਦੀ ਸੂਚੀ ਸੰਖੇਪ ਨੋਟਾਂ ਨਾਲ ਓਥੇ ਦੇ ਦਿੱਤੀ ਗਈ।

ਉਨ੍ਹਾਂ ਸੋਮਿਆਂ ਵਿਚੋਂ ਇਕ ਪੁਸਤਕ ਇਹ ਬੀ ਸੀ, ਜੋ ਇਸ ਵੇਲੇ ਆਪ ਦੇ ਕਰ ਕਵਲਾਂ ਵਿਚ ਹੈ। ਇਸ ਵਿਚ ਨੌਵੇਂ ਪਾਤਸ਼ਾਹ ਤੇ ਦਸਵੇਂ ਪਾਤਸ਼ਾਹ ਜੀ ਦੇ ਮਾਲਵੇ ਦੇ ਸਫਰਾਂ ਦੀਆਂ ਛੋਟੀਆਂ ਛੋਟੀਆਂ ਸਾਖੀਆਂ ਹਨ ਤੇ ਕਵੀ ਸੰਤੋਖ ਸਿੰਘ ਜੀ ਨੇ ਇਸ ਪੁਸਤਕ ਦੀਆਂ ਇਨ੍ਹਾਂ ਸਾਖੀਆਂ ਨੂੰ ਆਪਣੇ ਗ੍ਰੰਥ, ਗੁਰ ਪ੍ਰਤਾਪ ਸੂਰਜ ਦੀ ਰਾਸ ੧੧ ਤੇ ਐਨ ੧ ਵਿਚ ਆਪਣੀ ਕਾਵਜ ਰਚਨਾਂ ਵਿਚ ਵਾਰਤਕ ਤੋਂ ਕਵਿਤਾ ਵਿਚ ਉਲਥਾਯਾ ਹੈ।

www.sikhbookclub.com



## ਸਫਰਾਂ ਦੀ ਸਾਖੀ ਪੋਥੀ ਤੇ ਸਰ ਅਤਰ ਸਿੰਘ

ਇਹ ਪੋਥੀ ਅਪਣੇ ਅਸਲੀ ਗੁਰਮੁਖੀ ਰੂਪ ਵਿਚ ਤਾਂ ਹੁਣ ਹੀ ਪਹਿਲੀ ਵੇਰ ਛਾਪੇ ਦਾ ਜਾਮਾਂ ਪਹਿਨ ਰਹੀ ਹੈ, ਪਰ ਇਸ ਦਾ ਅੰਗਰੇਜ਼ੀ ਤਰਜੁਮਾਂ ਅਜ ਤੋਂ ਲਗ ਪਗ ਪਉਣੀ ਸਦੀ ਪਹਿਲੇ ਛਪ ਗਿਆ ਸੀ। ਸਰ ਸਰਦਾਰ ਅਤਰ ਸਿੰਘ ਜੀ ਰਈਸ ਭਦੌੜ ਨੂੰ ਅਪਣੇ ਸਮੇਂ ਇਹ ਪੋਥੀ ਮਿਲੀ ਤੇ ਉਨ੍ਹਾਂ ਨੇ ਇਸ ਦਾ ਅੰਗ੍ਰੇਜ਼ੀ ਤਰਜੁਮਾਂ ਕੀਤਾ ਤੇ 1876 ਈ: ਦੇ ਜਨਵਰੀ ਦੇ ਮਹੀਨੇ ਲਾਹੌਰ ਦੇ 'ਇੰਡੀਅਨ ਪਬਲਿਕ ਉਪੀਨੀਅਨ ਪ੍ਰੈਸ' ਵਿਚ ਛਪਵਾਇਆ ਤੇ ਇਸ ਦਾ ਨਾਮ ਰਖਿਆ:-

The Travels of Guru Teg Bahadur and
Guru Gobind Singh

ਇਹ ਅੰਗਰੇਜ਼ੀ ਪੋਥੀ ਬੀ ਇਸ ਵੇਲੇ ਦੁਰਲਭ ਹੋ ਰਹੀ ਹੈ, ਪਰ ਸਾਡੇ ਪਾਸ ਇਸ ਦੀ ਇਕ ਕਾਪੀ ਗੁ: ਪ੍ਰ: ਸੂ: ਗ੍ਰੰ: ਦੇ ਸੰਪਾਦਨ ਵੇਲੇ ਮੌਜੂਦ ਹੈਸੀ।

## ਸਾਨੂੰ ਅਸਲ ਗੁਰਮੁਖੀ ਪੋਥੀ ਕਿਥੋਂ ਮਿਲੀ

ਇਸ ਪੋਥੀ ਦਾ ਅੰਗ੍ਰੇਜ਼ੀ ਤਰਜੁਮਾ ਸਰ ਸਰਦਾਰ ਅਤਰ ਸਿੰਘ ਜੀ ਵਾਲਾ ਭਾਵੇਂ ਸਾਡੇ ਪਾਸ ਮੌਜੂਦ ਸੀ ਤੇ ਗੁ: ਪ੍ਰ: ਸੂ: ਗ੍ਰੰਥ ਦੇ ਪ੍ਰਕਾਸ਼ਨ ਸਮੇਂ ਉਸ ਤਰਜੁਮੇ ਤੋਂ ਇਹ ਤਾਂ ਸ਼ੱਕ ਪੈਂਦਾ ਸੀ ਕਿ ਇਸ ਅੰਗ੍ਰੇਜ਼ੀ ਪੋਥੀ ਦਾ ਅਸਲ ਗੁਰਮੁਖੀ ਨੁਸਖਾ ਗੁ: ਪ੍ਰ; ਸੂ: ਗ੍ਰੰਥ ਦੀ ਰਚਨਾ ਸਮੇਂ ਕਵੀ ਜੀ ਪਾਸ ਜ਼ਰੂਰ ਹੈਸੀ ਪਰ ਜੋ ਲਾਭ ਤੇ ਟਾਕਰੇ ਦਾ ਸੌਖ ਅਸਲ ਗੁਰਮੁਖੀ ਪੋਥੀ ਤੋਂ ਹੋ ਸਕਦਾ ਸੀ ਓਹ ਅੰਗ੍ਰੇਜ਼ੀ ਤਰਜਮੇ ਤੋਂ ਸੰਭਵ ਨਹੀਂ ਸੀ, ਸੋ ਅਸਲ ਪੋਥੀ ਦੀ ਢੂੰਡ ਜਾਰੀ ਰਹੀ। ਤੇ ਉਨ੍ਹਾਂ ਦਿਨਾਂ ਵਿਚ ਹੀ ਸ਼੍ਰੀਮਾਨ ਭਾਈ ਸਾਹਿਬ ਸਿੰਘ ਜੀ ਗਜਾਨੀ ਧਮਧਾਣ ਸਾਹਿਬ ਵਾਲੇ ਸ੍ਰੀ ਅੰਮ੍ਰਿਤਸਰ ਤਸ਼ਰੀਫ ਲਿਆਏ, ਉਨ੍ਹਾਂ ਨੇ ਸਾਡੀ ਇਹ ਖਾਹਸ਼ ਲਖਕੇ ਇਸ ਪੁਸਤਕ ਦੀ ਮਾਲਵੇ ਵਿਚ ਢੂੰਡ ਕਰਨ ਦਾ ਭਰੋਸਾ ਦਿਵਾਇਆ ਤੇ ਇਸ ਉਦਮ ਵਿਚ ਓਹ ਛੇਤੀ ਹੀ ਕਾਮਯਾਬ ਹੋ ਗਏ ਤੇ ਸੰ: 1935 ਦੇ ਸ਼ੁਰੂ ਵਿਚ ਹੀ ਓਹ ਇਸ ਪੋਥੀ ਦਾ ਇਕ ਪੁਰਾਤਨ ਕਲਮੀ ਨੁਸਖਾ ਸਾਡੇ ਪਾਸ ਸ੍ਰੀ ਅੰਮ੍ਰਿਤਸਰ ਲੈ ਆਏ। ਇਹ ਪੁਸਤਕ ਓਹ ਮਾਂਗਵੀਂ ਲਿਆਏ ਸਨ, ਇਸ ਲਈ ਅਸਾਂ ਉਸ ਦਾ ਉਤਾਰਾ ਝਟ ਪਟ ਹੀ ਕਰ ਲਿਆ

www.sikhbookclub.com



ਜੋ 3 ਫਰਵਰੀ 1935 ਈ: ਨੂੰ ਮੁਕੰਮਲ ਹੋਇਆ ਤੇ ਅਸਲ ਪੋਥੀ ਧੰਨਵਾਦ ਸਹਿਤ ਪੋਥੀ ਦੇ ਮਾਲਕ ਜੀ ਨੂੰ ਪੁਜਦੀ ਕਰ ਦਿੱਤੀ ਗਈ।

ਸਾਨੂੰ ਜਦ ਇਹ ਪੋਥੀ ਮਿਲੀ ਹੈ ਤਾਂ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪਹਿਲੀ ਐਡੀਸ਼ਨ ਛਪਕੇ ਤਿਆਰ ਹੋ ਚੁੱਕੀ ਸੀ ਤੇ ਦੂਸਰੀ ਐਡੀਸ਼ਨ ਦੀ ਛਪਾਈ ਸ਼ੁਰੂ ਸੀ। ਜੋ ਛਪਾਈ ਕਿ 1936 ਈ: ਦੇ ਅਖੀਰ ਸਮਾਪਤੀ ਨੂੰ ਪੁੱਜੀ। ਇਸ ਲਈ ਪਹਿਲੀ ਐਡੀਸ਼ਨ ਵਿਚ ਇਹ ਪੋਥੀ ਤੋਂ ਲੋੜੀਂਦਾ ਲਾਭ ਨਹੀਂ ਲਿਆ ਜਾ ਸਕਿਆ ਪਰ ਦੂਜੀ ਐਡੀਸ਼ਨ ਦੇ ਪ੍ਰਕਾਸ਼ਨ ਸਮੇਂ ਇਸ ਪੋਥੀ ਦੀਆਂ ਸਾਖੀਆਂ ਨੂੰ ਗੁਰਪ੍ਰਤਾਪ ਸੂਰਜ ਦੀਆਂ ਸਾਖੀਆਂ ਨਾਲ ਮੇਲ ਮੇਲ ਕੇ ਟਾਕਰਾ ਕੀਤਾ ਗਿਆ ਤੇ ਜੋ ਸਾਖੀਆਂ ਸਹੀ ਹੋਈਆਂ ਕਿ ਕਵੀ ਜੀ ਨੇ ਇਸ ਪੋਥੀ ਤੋਂ ਲੈਕੇ ਹੀ ਅਪਣੀ ਕਵਿਤਾ ਵਿਚ ਉਲਥਾਈਆਂ ਹਨ, ਉਨ੍ਹਾਂ ਦਾ ਪਤਾ ਕਵੀ ਜੀ ਦੀ ਰਚਨਾਂ ਦੇ ਹੇਠ ਟੂਕਾਂ ਵਿਚ ਥਾਂ ਪਰ ਥਾਂ ਦੇ ਦਿੱਤਾ ਗਿਆ। ਤੇ ਪ੍ਰਸਤਾਵਨਾਂ ਵਿਚ ਜਿਥੇ ਗੁ: ਪ੍ਰ: ਸੂ: ਗ੍ਰੰਥ ਦੇ ਸੋਮਿਆਂ ਦੀ ਸੂਚੀ ਦਿੱਤੀ ਹੈ ਉਸ ਵਿਚ ਇਸਦਾ ਨਾਮ ਸੰਖਿਪਤ ਟੂਕ ਦੇਕੇ ਵਧਾ ਦਿੱਤਾ ਗਿਆ। ਜੋ ਟੂਕ ਪ੍ਰਸਤਾਵਨਾ ਵਿਚ ਛਪੀ ਹੈ ਉਸਦਾ ਉਤਾਰਾ ਇਹ ਹੈ:-

"ਸਾਖੀਆਂ ਵਾਲੀ ਪੋਥੀ— ਇਸ ਵਿਚ ਨੌਵੇਂ ਅਤੇ ਦਸਵੇਂ ਸਤਿਗੁਰੂ ਜੀ ਦੇ ਮਾਲਵੇ ਦੇ ਸਫਰ ਦੀਆਂ ਸਾਖੀਆਂ ਹਨ, ਰਚਨਾਂ ਮਾਲਵੇ ਦੀ ਹੀ ਹੈ, 'ਸੀ' ਦੀ ਥਾਵੇਂ 'ਥੀ', 'ਲਾਗੇ' ਯਾ 'ਨੇੜੇ' ਦੀ ਥਾਂ 'ਲਾਉਣੇ' ਤੇ 'ਬ' 'ਵ' ਦੀ ਥਾਵੇਂ ਬਹੁਤ ਵਰਤਿਆ ਹੋਇਆ ਹੈ। ਇਸੇ ਤਰ੍ਹਾਂ ਹੋਰ ਅਨੇਕਾਂ ਪਦ ਇਸ ਨੂੰ ਮਾਲਵੇ ਦੀ ਚੀਜ਼ ਹੀ ਸਿਧ ਕਰਦੇ ਹਨ। ਗੁਰੂ ਸਾਹਿਬਾਂ ਦੇ ਮੁਕੰਮਲ ਸਫਰ ਇਸ ਵਿਚ ਨਹੀਂ ਹਨ, ਕੇਵਲ ਰਿਆਸਤ ਪਟਜਾਲਾ, ਜ਼ਿਲਾ ਕਰਨਾਲ ਲਾਗ ਦੇ ਗੁਰ ਅਸਥਾਨਾਂ ਦੀਆਂ ਸਾਖੀਆਂ ਦੇਕੇ ਇਹ ਪੁਸਤਕ ਸਮਾਪਤ ਹੋ ਜਾਂਦੀ ਹੈ।

"ਗੁਰੂ ਸਾਹਿਬਾਨ ਦੇ ਸਫਰਾਂ ਦੀ ਤਰਤੀਬ ਜੋ ਇਸ ਪੁਸਤਕ ਵਿਚ ਹੈ ਉਹੀ ਗੁ: ਪ੍ਰ: ਸੂਰਜ ਗ੍ਰੰਥ ਵਿਚ ਹੈ ਤੇ ਕਈ ਇਕ ਮਾਲਵੇ ਦੇ ਪਦ ਜੋ ਉਸੇ ਸਾਖੀ ਵਿਚ ਇਸ ਪੋਥੀ ਵਿਚ ਆਏ ਹਨ, ਗੁ: ਪ੍ਰ: ਸੂ: ਵਿਚ ਬੀ ਉਸੇ ਪ੍ਰਸੰਗ ਵਿਚ ਆ ਗਏ ਹਨ, ਜਿਸ ਤੋਂ ਸਿਧ ਹੁੰਦਾ ਹੈ ਕਿ ਇਹ ਪੁਸਤਕ ਬੀ ਕਵੀ ਜੀ ਪਾਸ ਹੈਸੀ। ਫਿਰ ਐਨ ੧ ਦੇ ਆਰੰਭ ਤੋਂ ਜਦੋਂ ਦਸਮ ਪਿਤਾ ਜੀ ਦਾ ਮਾਲਵੇ ਦਾ ਸਫਰ ਚਲਦਾ ਹੈ ਤਾਂ ਰੰਚਕ ਭਰ ਭੀ ਸੰਸਾ ਨਹੀਂ ਰਹਿ ਜਾਂਦਾ ਕਿ ਇਹ ਪੋਥੀ ਕਵੀ ਜੀ ਪਾਸ ਜ਼ਰੂਰ ਹੈਸੀ।

www.sikhbookclub.com



"ਇਸ ਵਿਚ ਆਈਆਂ ਸਾਖੀਆਂ ਤੇ ਗੁ: ਪ੍ਰ: ਸੂ: ਦੇ ਪ੍ਰਸੰਗਾਂ ਦਾ ਟਾਕਰਾ ਕਰੀਏ ਤਾਂ ਕਿਤੇ ਕਿਤੇ ਪ੍ਰਸੰਗਾਂ ਵਿਚ ਫਰਕ ਹੈ, ਤਰਤੀਬ ਭਾਵੇਂ ਓਹੋ ਹੀ ਹੈ, ਪਰ ਸਾਖੀਆਂ ਵਿਚ (ਸਾਰੀਆਂ ਵਿਚ ਨਹੀਂ, ਪਰ ਕਿਸੇ ਕਿਸੇ ਵਿਚ) ਫ਼ਰਕ ਹੈ। ਇਸ ਦਾ ਕਾਰਨ ਇਹ ਜਾਪਦਾ ਹੈ ਕਿ ਇਨ੍ਹਾਂ ਗੁਰਦੁਆਰਿਆਂ ਵਿਚੋਂ ਬਹੁਤੇ ਅਸਥਾਨਾਂ ਦੀ ਕਵੀ ਜੀ ਨੇ ਆਪ ਯਾਤ੍ਰਾ ਕੀਤੀ ਹੈ ਜੈਸਾ ਕਿ ਅਸੀਂ ਪਿਛੇ 'ਕਵੀ ਜੀ ਦੇ ਸਫਰ' ਦੇ ਸਿਰਲੇਖ ਹੇਠ (ਗੁ: ਪ੍ਰ: ਸੂ: ਦੀ ਪ੍ਰਸਤਾਵਨਾਂ ਵਿਚ) ਦੱਸ ਆਏ ਹਾਂ ਤੇ ਕਈਆਂ ਬਾਬਤ ਆਪ ਨੇ ਪੱਕੀ ਇਤਬਾਰ ਯੋਗ ਸਾਖ਼ ਪ੍ਰਾਪਤ ਕੀਤੀ ਹੈ। ਓਥੋਂ ਜੋ ਰਵਾਇਤਾਂ ਆਪ ਜੀ ਨੂੰ ਮਿਲੀਆਂ, ਉਨ੍ਹਾਂ ਦੀ ਬਿਨਾ ਉਤੇ ਇਨ੍ਹਾਂ ਸਾਖੀਆਂ ਨੂੰ ਆਪ ਨੇ ਸੋਧਿਆ ਤੇ ਆਪਣੇ ਗ੍ਰੰਥ ਵਿਚ ਗੁੰਥਨ ਕਰ ਲੀਤਾ ਤੇ ਆਪਣੇ ਵੇਲੇ ਤਕ ਦਾ ਇਤਿਹਾਸ ਬੀ ਜਿਥੇ ਯੋਗ ਖਿਆਲ ਕੀਤਾ ਲਿਖ ਦਿੱਤਾ, ਜਿਵੇਂ ਬਾਰਨ ਦੇ ਰਾਹਕ ਤੋਂ ਤੰਬਾਕੂ ਛੁੜਾਯਾ ਤੇ ਆਪ ਉਸ ਨੂੰ ਅੰਮ੍ਰਿਤ ਛਕਾਇਆ ਆਦਿ।"

[ਪ੍ਰਸਤਾਵਨਾ ਗੁ: ਪ੍ਰ: ਸੂ: ਗ੍ਰੰਥ (ਐਡੀਸ਼ਨ ਦੂਜੀ) ਪੰਨਾ ੧੮੩]

## ਭਾਈ ਸੰਤੋਖ ਸਿੰਘ ਹੱਥੀਂ ਇਸ ਪੋਥੀ ਦੀ ਸੁਧਾਈ

ਭਾਈ ਸੰਤੋਖ ਸਿੰਘ ਜੀ ਨੇ ਗੁਰ ਇਤਿਹਾਸ ਦੇ ਅਪਣੇ ਮਹਾਨ ਗ੍ਰੰਥ ਦੀ ਰਚਨਾ ਕੈਥਲ ਵਿਚ ਕੀਤੀ ਹੈ, ਜੋ ਬੀ ਮਾਲਵੇ ਦਾ ਇਕ ਟਿਕਾਣਾ ਹੈ ਤੇ ਇਹ ਪੋਥੀ ਬੀ ਮਾਲਵੇ ਦੀਆਂ ਸਾਖੀਆਂ ਦੀ ਹੀ ਹੈ। ਕਵੀ ਜੀ ਦੀ ਆਪਣੀ ਰਚਨਾ ਦੱਸਦੀ ਹੈ ਕਿ ਆਪ ਨੇ ਮਾਲਵੇ ਦਾ ਦੇਸ਼ਾਟਨ ਬੀ ਕੀਤਾ ਹੈ। ਗੁਰ ਇਤਿਹਾਸ ਦੇ ਲੇਖਕ ਲਈ ਇਹ ਲਗਨ ਹੋਣੀ ਕੁਦਰਤੀ ਗਲ ਹੈ ਕਿ ਓਹ ਗੁਰਧਾਮਾਂ ਦੀ ਬੀ ਪੁੱਜਕੇ ਤੇ ਚਾਹ ਨਾਲ ਯਾਤ੍ਰਾ ਕਰੇ ਤੇ ਫਿਰ ਓਥੋਂ ਦੇ ਇਤਿਹਾਸਕ ਸਮਾਚਾਰ, ਰਵਾਇਤਾਂ ਤਥਾ ਲਿਖਤੀ ਜਾ ਜਾਕੇ ਢੂੰਡੇ ਤੇ ਖੋਜੇ। ਇਉਂ ਉਨ੍ਹਾਂ ਨੇ ਥਾਂ ਥਾਂ ਜਾਕੇ ਗੁਰਧਾਮਾਂ ਦੇ ਦਰਸ਼ਨ ਕੀਤੇ, ਓਥੋਂ ਦੇ ਰਵਾਇਤੀ ਸੀਨਾ ਬਸੀਨਾ ਚਲੇ ਆ ਰਹੇ ਸਮਾਚਾਰ ਸੁਣੇ, ਖੋਜੇ, ਨਿਤਾਰੇ ਤੇ ਫਿਰ ਉਨ੍ਹਾਂ ਨੂੰ ਇਸ ਪੋਥੀ ਵਿਚ ਦਿੱਤੇ ਸਮਾਚਾਰਾਂ ਨਾਲ ਹਾੜਿਆ। ਜਿਥੇ ਕੋਈ ਫ਼ਰਕ ਪ੍ਰਤੀਤ ਕੀਤਾ ਯਾ ਅਪਣੀ ਖੋਜ ਇਸ ਨਾਲੋਂ ਵੱਖਰੀ ਤੇ ਦੁਰੁਸਤ ਭਾਸੀ ਓਥੇ ਅਪਣੀ ਖੋਜ ਨੂੰ ਮੁੱਖਤਾ ਦਿੱਤੀ ਤੇ ਇਸ ਪੋਥੀ ਦੀ ਦਿੱਤੀ ਸਾਖੀ ਦਾ ਉਤਨਾ ਭਾਗ ਛੋੜ ਦਿੱਤਾ ਜੋ ਕਿ ਆਪਦੀ ਖੋਜ ਦੇ ਅਨੁਕੂਲ ਨਹੀਂ ਸੀ। ਇਸ ਤੋਂ ਛੁਟ ਕਈ ਥਾਈਂ ਆਪ ਨੇ ਸਾਖੀ ਨੂੰ ਕਾਵਜ ਵਿਚ ਉਲਥਨ ਸਮੇਂ ਕਾਵਜ

www.sikhbookclub.com



ਭੂਸ਼ਨਾਂ ਨਾਲ ਸ਼ਿੰਗਾਰਿਆ ਬੀ ਹੈ ਤੇ ਉਪਦੇਸ਼ਾਂ ਦੇ ਅਵਸਰਾਂ ਪਰ ਭਾਵ ਅਨੁਕੂਲ ਸੁਹਣੇ ਵੀਚਾਰਾਂ ਦਾ ਵਾਧਾ ਬੀ ਕਰਕੇ ਲਾਵੰਨਤਾ ਪੈਦਾ ਕੀਤਾ ਹੈ, ਪਰ ਇਤਨਾ ਕੁਛ ਕਰਕੇ ਬੀ ਇਸ ਪੁਸਤਕ ਦਾ ਉਸ ਗ੍ਰੰਥ ਦਾ ਸੋਮਾ ਹੋਣਾ ਕਵੀ ਦੀ ਰਚਨਾਂ ਵਿਚੋਂ ਲੋਪ ਨਹੀਂ ਹੋ ਜਾਂਦਾ। ਇਸ ਦੇ ਮਲਵਈ ਬੋਲੀ ਦੇ ਮਿਠੇ ਪਦ ਕਵੀ ਜੀ ਬੀ ਛਡ ਨਹੀਂ ਸਕਦੇ ਰਹੇ, ਓਹ ਉਨ੍ਹਾਂ ਨੂੰ ਬੀ ਆਪਣੀ ਕਾਵਜ ਰਚਨਾਂ ਵਿਚ ਜਿਉਂ ਕੇ ਤਿਉਂ ਗੁੰਦ ਜਾਂਦੇ ਰਹੇ ਹਨ ਜੋ ਅਪਣੀ ਜੜਤਕਾਰੀ ਵਿਚ ਇਸ ਪੋਥੀ ਦੇ ਸੋਮਾ ਹੋਣ ਦੀ ਦਮਕ ਮਾਰ ਰਹੇ ਹਨ ਤੇ ਫੇਰ ਸਾਖੀਆਂ ਨੂੰ ਅਪਣੇ ਗ੍ਰੰਥ ਵਿਚ ਓਸੇ ਤਰਤੀਬ ਵਿਚ ਦਿੰਦੇ ਹਨ ਜਿਸ ਤਰਤੀਬ ਵਿਚ ਕਿ ਇਸ ਪੋਥੀ ਵਿਚ ਲਿਖਤ ਹਨ। ਇਨ੍ਹਾਂ ਸਾਖੀਆਂ ਨੂੰ ਜਿਵੇਂ ਕਿ ਕਵੀ ਜੀ ਨੇ ਸੋਧਿਆ ਤੇ ਸ਼ਿੰਗਾਰਿਆ ਹੈ ਓਹ ਗੁ: ਪ੍ਰ: ਸੂ: ਗ੍ਰੰਥ ਦੀ ਰਾਸ ੧੧ ਤੇ ਐਨ ੧ ਦਾ ਇਸ ਪੋਥੀ ਨੂੰ ਸਾਹਮਣੇ ਰਖਕੇ ਪਾਠ ਕੀਤਿਆਂ ਸਪਸ਼ਟ ਹੋ ਜਾਂਦਾ ਹੈ।

**ਇਸ ਪੋਥੀ ਦੀ ਰਚਨਾ ਦਾ ਸਮਾਂ**

ਇਸ ਪੋਥੀ ਦਾ ਕਲਮੀ ਨੁਸਖਾ ਜੋ ਸਾਨੂੰ ਮਿਲਿਆ ਸੀ ਉਹ ਸਾਰਾ ਇਕੋ ਕਲਮ ਤੇ ਇਕੋ ਹੱਥ ਦੀ ਲਿਖਤ ਸੀ ਤੇ ਚੰਗਾ ਪੁਰਾਣਾ ਜਾਪਦਾ ਸੀ, ਪਰ ਉਸ ਉਪਰ ਨਾਂ ਤਾਂ ਪੁਸਤਕ ਦੇ ਰਚਨਹਾਰ ਦਾ ਦਿੱਤਾ ਕੋਈ ਸੰਮਤ ਸੀ ਤੇ ਨਾਂ ਹੀ ਲਿਖਾਰੀ ਦੀ ਲਿਖਣ ਸਮੇਂ ਦੀ ਕੋਈ ਤ੍ਰੀਕ ਦਿਤੀ ਹੋਈ ਸੀ। ਏਸੇ ਤਰ੍ਹਾਂ ਜੋ ਪੁਸਤਕ ਸਰ ਸਰਦਾਰ ਅਤਰ ਸਿੰਘ ਜੀ ਦੇ ਸੰਚੇ ਦੀ ਹੈ, ਉਸ ਉਪਰ ਬੀ ਰਚਨਾਂ ਦਾ ਕੋਈ ਸੰਮਤ ਨਹੀਂ ਤੇ ਸਰ ਅਤਰ ਸਿੰਘ ਜੀ ਬੀ ਇਸ ਦਾ 'ਰਚਨਾਂ ਕਾਲ' ਕੋਈ ਨਿਸਚਿਤ ਨਹੀਂ ਕਰ ਸਕੇ। ਪਰ ਇਹ ਗਲ ਅੰਗਰੇਜ਼ੀ ਦੇ ਤਰਜਮੇ ਦੇ ਪੁਸਤਕ ਤੋਂ ਸਪਸ਼ਟ ਹੋ ਜਾਂਦੀ ਹੈ ਕਿ ਇਹ ਅੰਗ੍ਰੇਜ਼ੀ ਤਰਜੁਮਾ ਜਨਵਰੀ 1876 ਈ: ਵਿਚ ਛਪਿਆ ਹੈ। ਇਸ ਤੋਂ ਜੇ ਹੋਰ ਪਿਛੇ ਜਾਈਏ ਤਾਂ ਸਾਨੂੰ ਇਹ ਬੀ ਸਹੀ ਹੋ ਚੁੱਕਾ ਹੈ ਕਿ ਕਵੀ ਸੰਤੋਖ ਸਿੰਘ ਜੀ ਨੇ ਇਸ ਪੁਸਤਕ ਨੂੰ ਆਪਣੇ ਗ੍ਰੰਥ ਵਿਚ ਉਲਥਾਯਾ ਹੈ ਅਤੇ ਗੁ: ਪ੍ਰ: ਸੂ: ਗ੍ਰੰਥ 1900 ਬਿ: (1843 ਈ:) ਵਿਚ ਸਮਾਪਤ ਹੋਇਆ ਹੈ ਤੇ ਏਹ ਮਾਲਵੇ ਦੇ ਸਫਰਾਂ ਦੀਆਂ ਸਾਖੀਆਂ ਕਵੀ ਜੀ ਨੇ ਰਾਸ ੧੧ ਤੇ ਐਨ ੧ ਵਿਚ ਕਾਵਜ ਵਿਚ ਗੁੰਦੀਆਂ ਹਨ। ਰਾਸ ੧੧ ਸਮਾਪਤੀ ਤੋਂ ਕਾਫੀ ਪਹਿਲੋਂ ਦਾ ਹਿਸਾ ਹੈ। ਉਸਤੋਂ ਬਾਦ ਰਾਸ ੧੨, ੬ ਰੁਤਾਂ ਤੇ ਫਿਰ ਦੋ ਐਨ ਰਚੇ ਜਾਂਦੇ ਹਨ। ਸੋ

www.sikhbookclub.com



ਅਨੁਮਾਨ ਕੀਤਾ ਜਾ ਸਕਦਾ ਹੈ ਕਿ ਦੋ ਤ੍ਰੈ ਸਾਲ ਜ਼ਰੂਰ ਪਹਿਲੋਂ ਕਵੀ ਜੀ ਨੇ ਰਾਸ ੧੧ ਰਚੀ ਹੋਸੀ। ਇਉਂ ਇਸ ਪੁਸਤਕ ਦੇ ਰਚਨਾਂ ਦੇ ਸਮੇਂ ਦੀ ਆਖਰੀ ਹੱਦ 1897 ਬਿ: (1840 ਈ:) ਸਾਨੂੰ ਮਿਲਦੀ ਹੈ, ਜਿਸ ਤੋਂ ਹਰ ਹਾਲ ਇਹ ਪੋਥੀ ਪਹਿਲੇ ਰਚੀ ਗਈ ਹੈ।

ਸਮੇਂ ਦੀ ਹੱਦ ਦਾ ਪੁਰਾਣੇ ਤੋਂ ਪੁਰਾਣਾ ਦੂਸਰਾ ਕਿਨਾਰਾ ਜੋ ਅਸੀਂ ਕੋਈ ਅਟਕਲ ਸਕਦੇ ਹਾਂ ਤਾਂ ਉਹ ਸਾਨੂੰ 1762 ਬਿ: ਤੋਂ ਪਿਛੇ ਨਹੀਂ ਜਾਣ ਦਿੰਦਾ, ਕਿਉਂਕਿ ਇਹ ਉਹ ਸਮਾਂ ਹੈ ਜਦ ਕਿ ਕਲਗੀਧਰ ਪਾਤਸ਼ਾਹ ਨੇ ਮਾਲਵੇ ਦਾ ਰਟਨ ਕੀਤਾ। ਇਉਂ ਇਸ ਪੁਸਤਕ ਦੇ ਰਚਨਾਂ ਕਾਲ ਦੀ ਪੜਤਾਲ ਲਈ 1762 ਬਿ: ਤੋਂ 1897 ਬਿ: ਦੇ ਵਿਚਕਾਰ ਦਾ ਸਮਾਂ ਸਾਡੇ ਪਾਸ ਮਹਿਦੂਦ ਹੋ ਜਾਂਦਾ ਹੈ।

ਸਮੇਂ ਦਾ ਇਹ ਘੇਰਾ 135 ਬਰਸ ਦਾ ਹੈ। ਅਸਾਂ ਹੁਣ ਇਸ ਸਮੇਂ ਵਿਚ ਦੇਖਣਾ ਹੈ ਕਿ ਇਹ ਪੁਸਤਕ ਕਿਹੜੇ ਸਮੇਂ ਦੇ ਨੇੜੇ ਰਚਿਆ ਗਿਆ ਵਧੀਕ ਅੰਕਿਆ ਜਾ ਸਕਦਾ ਹੈ ਤੇ ਸਮੇਂ ਦਾ ਇਹ ਘੇਰਾ ਅਸੀਂ ਕਿਥੋਂ ਕੁ ਤਕ ਛੋਟੇ ਤੋਂ ਛੋਟਾ ਕਰ ਸਕਦੇ ਹਾਂ। ਇਸ ਗਲ ਦੇ ਨਿਪਟਾਰੇ ਲਈ ਤੇ ਕਿਸੇ ਸਿੱਟੇ ਤੇ ਪੁਜਣ ਲਈ ਜੇ ਅਸੀਂ ਇਸ ਪੁਸਤਕ ਦਾ ਗਹੁ ਨਾਲ ਪਾਠ ਕਰੀਏ ਤਾਂ ਸਾਡੀ ਇਸ ਢੂੰਡ ਦੇ ਮਦਦਗਾਰ ਅੱਗੇ ਦਿਤੇ ਵੀਚਾਰ ਪੱਲੇ ਪੈਂਦੇ ਹਨ:-

1. ਇਸ ਪੋਥੀ ਦੀ ਪੰਜਵੀਂ ਸਾਖੀ ਵਿਚ ਜ਼ਿਕਰ ਹੈ ਕਿ ਹੰਢਿਆਏ, ਜਿਥੇ ਨੌਵੇਂ ਸਤਿਗੁਰੂ ਜੀ ਉਤਰੇ ਸਨ, ਉਥੇ ਮੰਜੀ ਨਹੀਂ ਸੀ ਬਣੀ ਹੋਈ, ਜੋਗਾ ਸਿੰਘ ਹਰੀਕੇ ਨੇ ਜਾਕੇ ਪੁੱਛ ਪੜਤਾਲ ਕੀਤੀ ਤਾਂ ਨਗਰ ਵਿਚ ਇਕ ਚਮਿਆਰ ਮਿਲਿਆ ਜੋ ਗੁਰੂ ਜੀ ਦੇ ਵੇਲੇ ਦਾ ਸੀ, ਉਸ ਨੇ ਥਾਂ ਟਿਕਾਣਾ ਦੱਸਿਆ ਕਿ ਗੁਰੂ ਜੀ ਅਮਕੇ ਕਰੀਰ ਹੇਠ ਬੈਠੇ ਸਨ ਤਾਂ ਫਿਰ ਜੋਗਾ ਸਿੰਘ ਨੇ ਓਥੇ ਮੰਜੀ ਸਾਹਿਬ ਬਣਾਈ। ਇਸ ਜ਼ਿਕਰ ਤੋਂ ਥਹੁ ਮਿਲਦਾ ਹੈ ਕਿ ਜਦ ਹੱਢਿਆਏ ਮੰਜੀ ਸਾਹਿਬ ਬਣੀ ਹੈ ਤਾਂ ਉਸ ਤੋਂ ਪਿਛੋਂ ਇਹ ਪੋਥੀ ਲਿਖੀ ਗਈ ਹੈ। ਮੰਜੀ ਸਾਹਿਬ ਬਣਨ ਦਾ ਸੰਮਤ ਸਾਨੂੰ ਪ੍ਰਾਪਤ ਨਹੀਂ ਪਰ ਇਤਨਾ ਥਹੁ ਜ਼ਰੂਰ ਹੈ ਕਿ ਜੋਗਾ ਸਿੰਘ ਨੂੰ ਖੋਜ ਕਰਨ ਵੇਲੇ ਕੇਵਲ ਇਕੋ ਹੀ ਆਦਮੀ ਮਿਲਦਾ ਹੈ ਜੋ ਸਾਖ ਭਰ ਸਕਦਾ ਹੈ ਕਿ ਗੁਰੂ ਜੀ ਅਮਕੇ ਟਿਕਾਣੇ ਵਿਰਾਜੇ ਸਨ। ਇਹ ਗਲ ਦਸਦੀ ਹੈ ਕਿ ਘੱਟੋ ਘੱਟ ਇਕ ਪੀਹੜੀ ਬੀਤ ਗਈ ਹੈ। ਜੇ ਇਹ ਸਮਾਂ ਸੱਠ ਕੁ ਸਾਲ ਤੋਂ ਘੱਟ ਦਾ ਨਾ ਗਿਣਿਆ ਜਾਵੇ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੋਤੀ ਜੋਤ ਸਮਾਉਣ ਦੇ ਸੰਮਤ 1732 ਤੋਂ 60 ਬਰਸ ਬਾਦ

www.sikhbookclub.com



1792 ਬਿ: ਤੇ ਅਸੀਂ ਪੁੱਜ ਜਾਂਦੇ ਹਾਂ ਤੇ ਇਉਂ ਪੋਥੀ 1792 ਬਿ: ਤੋਂ ਮਗਰੋਂ ਲਿਖੀ ਗਈ ਸਹੀ ਹੋਈ।

2. ਸਾਖੀ 110 ਵਿਚ ਲੇਖਕ ਸਾਖ ਭਰਦਾ ਹੈ ਕਿ ਨੌਹਰ ਬਾਰੇ ਜੋ ਭਵਿਖਤ ਵਾਕ ਸਤਿਗੁਰੂ ਜੀ ਨੇ 'ਗੁਰੂ ਕੀ ਮੋਹਰ ਲੁਟੇ ਖਾਲਸਾ' ਆਦਿ ਉਚਾਰੇ, ਓਹ 1811 ਵਿਚ ਸਫਲ ਹੋਏ ਤੇ ਕਵੀ ਸੰਤੋਖ ਸਿੰਘ ਜੀ ਬੀ ਇਸੇ ਸਾਖੀ ਦੇ ਉਲਥਾਉਣ ਸਮੇਂ ਇਨ੍ਹਾਂ ਅਖਰਾਂ ਨੂੰ ਉਲਥਾ ਜਾਂਦੇ ਹਨ ਤੇ 1811 ਦੇ ਵਾਕਜਾ ਦਾ ਸੰਖੇਪ ਵੇਰਵਾ ਬੀ ਦੇ ਜਾਂਦੇ ਹਨ। ਇਸ ਦਾ ਭਾਵ ਇਹ ਹੋਇਆ ਕਿ 1811 ਦੀ ਘਟਨਾ ਇਸ ਪੋਥੀ ਦੇ ਰਚੇ ਜਾਣ ਤੋਂ ਪਹਿਲੇ ਹੋ ਚੁੱਕੀ ਹੈ। ਇਸ ਤੋਂ ਪੋਥੀ ਦੇ ਰਚਨਾਂ ਕਾਲ ਦਾ ਘੇਰਾ ਹੋਰ ਤੰਗ ਹੋਕੇ 1811 ਤੋਂ 1897 ਦੇ ਵਿਚਾਲੇ ਰਹਿ ਜਾਂਦਾ ਹੈ।

3. ਪਹਿਲੀ ਸਾਖੀ ਸੈਫਾਬਾਦ ਦੀ ਵਿਚ ਨੌਵੇਂ ਪਾਤਸ਼ਾਹ ਜੀ ਦਾ ਸੈਫਾ ਬਾਦ ਪਧਾਰਨਾ ਤੇ ਓਥੇ ਦੀ ਸਰਾਂ ਬਾਰੇ ਭਵਿਖਤ ਵਾਕ ਕਰਨੇ ਲਿਖੇ ਹਨ ਕਿ ਸਾਡਾ ਸਿਖ ਕਰਮ ਸਿੰਘ ਇਸ ਸਰਾਂ ਦਾ ਉਸਾਰ ਚਉੜੇਰਾ ਕਰਕੇ ਸਾਡੇ ਨਾਮ ਤੇ ਵਸਾਏਗਾ। ਜਿਸ ਦੀ ਮੁਰਾਦ ਪਟਯਾਲਾ ਪਤੀ ਮਹਾਰਾਜਾ ਕਰਮ ਸਿੰਘ ਦੇ ਹੱਥੋਂ ਬਹਾਦਰ ਗੜ੍ਹ ਦਾ ਕਿਲਾ ਬਣਨ ਦੀ ਹੈ। ਜੇ ਇਹ ਕਿਹਾ ਜਾਏ ਕਿ ਇਸ ਪੋਥੀ ਦੀ ਰਚਨਾਂ ਤੋਂ ਪਹਿਲੇ ਬਹਾਦਰ ਗੜ੍ਹ ਦਾ ਕਿਲਾ ਬਣ ਚੁਕਾ ਹੈ, (ਕਿਉਂਕਿ ਕਰਮ ਸਿੰਘ ਦਾ ਨਾਮ ਆ ਜਾਣਾ ਇਸ ਦਲੀਲ ਦੀ ਪ੍ਰੋੜਤਾ ਕਰਦਾ ਹੈ) ਤਾਂ ਫਿਰ ਇਸ ਦਾ ਰਚਨਾਂ ਕਾਲ 1831 ਤੋਂ ਬੀ ਪਿਛੇ ਚਲਾ ਜਾਂਦਾ ਹੈ, ਕਿਉਂਕਿ ਇਹ ਕਿਲਾ ਪਟਯਾਲਾ ਪਤੀ ਜੀ ਨੇ 1831 ਵਿਚ ਬਣਾਇਆ ਸੀ ਤੇ ਮਹਾਨ ਕੋਸ਼ ਵਿਚ ਭਾਈ ਕਾਹਨ ਸਿੰਘ ਜੀ ਲਿਖਦੇ ਹਨ ਕਿ ਇਹ ਕਿਲਾ ਮਹਾਰਾਜਾ ਅਮਰ ਸਿੰਘ ਜੀ ਸਪੁਤ੍ਰ ਮਹਾਰਾਜਾ ਆਲਾ ਸਿੰਘ ਜੀ ਨੇ 1831 ਬਿ: (1774 ਈ:) ਵਿਚ ਬਣਾਕੇ ਆਪਣੇ ਰਾਜ ਵਿਚ ਸ਼ਾਮਲ ਕੀਤਾ ਸੀ। ਮਹਾਰਾਜਾ ਕਰਮ ਸਿੰਘ ਦਾ ਸਮਾਂ ਤਾਂ ਹੋਰ ਬੀ ਪਿਛੋਂ 1844 ਤੋਂ 1902 ਬਿ: ਤਕ ਦਾ ਹੈ। ਪਰ ਜੇ ਅਸੀਂ ਮ: ਅਤਰ ਸਿੰਘ ਦੀ ਥਾਂ ਮ: ਕਰਮ ਸਿੰਘ ਲਿਖੇ ਜਾਣ ਦੀ ਲੇਖਕ ਦੀ ਕਲਮ ਉਕਾਈ ਖਿਆਲੀਏ ਤਾਂ ਇਸ ਪੁਸਤਕ ਦੀ ਰਚਨਾਂ ਦੇ ਸਮੇਂ ਦਾ ਘੇਰਾ ਹੋਰ ਤੰਗ ਹੋਕੇ 1831 ਤੋਂ 1897 ਬਿ: ਰਹਿ ਜਾਂਦਾ ਹੈ।

4. ਇਕ ਸੰਮਤ ਹੋਰ ਸਾਨੂੰ ਇਸ ਪੋਥੀ ਵਿਚੋਂ ਮਿਲਦਾ ਹੈ। ਸਾਖੀ 39 ਵਿਚ ਰੁਖਾਲੇ ਦਾ ਪ੍ਰਸੰਗ ਦਿੰਦੇ ਹੋਏ ਇਸ ਪੋਥੀ ਦਾ ਲੇਖਕ ਲਿਖਦਾ ਹੈ:-

www.sikhbookclub.com



'ਜਲਾਲ ਕੇ ਅਠਾਰਾਂ ਸੈ ਪੱਚੀਏ ਗੁਰੂ ਕੇ ਦਲ ਨੂੰ ਜਾਇ ਪਏ।' ਗੁਰੂ ਕੇ ਦਲ ਤੋਂ ਲੇਖਕ ਦਾ ਭਾਵ ਸਿੰਘਾਂ ਦੇ ਦਲ ਦਾ ਹੈ। ਇਹ ਸੰਮਤ ਬੀ ਭਾਵੇਂ ਰਚਨਾਂ ਕਾਲ ਦੇ ਘੇਰੇ ਨੂੰ ਹੋਰ ਤੰਗ ਨਹੀਂ ਕਰਦਾ ਪਰ ਉਪਰ ਅੰਕ 3 ਵਿਚ ਦਿਤੇ ਸੰਮਤ ਦੀ ਪ੍ਰੋੜ੍ਹਤਾ ਜ਼ਰੂਰ ਕਰ ਦਿੰਦਾ ਹੈ।

5. 1831 ਤੋਂ 1897 ਦਾ ਸਮਾਂ ਉਹ ਸਮਾਂ ਹੈ ਜੋ ਕਵੀ ਸੰਤੋਖ ਸਿੰਘ ਕਰਤਾ ਗੁਰੂ ਪ੍ਰਤਾਪ ਸੂਰਜ ਗ੍ਰੰਥ ਦੇ ਜੀਵਨ ਕਾਲ ਨਾਲ ਇਕ ਸੁਰ ਹੈ, ਤੇ ਅਸੀਂ ਇਸ ਖਿਆਲ ਨੂੰ ਬੀ ਕੁਝ ਅਹਿਮੀਅਤ ਜ਼ਰੂਰ ਦੇ ਸਕਦੇ ਹਾਂ ਕਿ ਇਹ ਪੁਸਤਕ ਸੰਭਵ ਹੈ ਕਿ ਕਵੀ ਸੰਤੋਖ ਸਿੰਘ ਜੀ ਨੇ ਅਪਣੀ ਲੋੜ ਨੂੰ ਮੁੱਖ ਰਖਕੇ, ਚਾਹੇ ਸੁਤੰਤਰ ਤੇ ਚਾਹੇ ਕਿਸੇ ਹੋਰ ਹਸਤੀ ਦੀ ਮਦਦ ਨਾਲ ਕਿਸੇ ਸਿਆਣੇ ਦੇ ਜ਼ੁੰਮੇ ਲਾਕੇ ਲਿਖਵਾਈ ਹੋਵੇ। ਇਸ ਦੀ ਪ੍ਰੋੜ੍ਹਤਾ ਵਿਚ ਸਾਨੂੰ ਇਹ ਇਕ ਨਿਗਰ ਸਬੂਤ ਮਿਲਦਾ ਹੈ ਕਿ ਇਸ ਪੁਸਤਕ ਦੇ ਬਹੁਤੇ ਉਤਾਰੇ ਨਹੀਂ ਹੋਏ ਤੇ ਇਹ ਪੁਸਤਕ ਪੁਰਾਤਨ ਲਿਖਤੀ ਪੁਸਤਕਾਂ ਵਿਚ ਆਮ ਨਹੀਂ ਮਿਲ ਰਹੀ। ਇਹ ਤਦੇ ਹੀ ਹੋ ਸਕਦਾ ਹੈ ਜੇ ਇਹ ਉਚੇਚੀ ਕਵੀ ਸੰਤੋਖ ਸਿੰਘ ਜੀ ਲਈ ਹੀ ਰਚੀ ਗਈ ਹੋਵੇ ਤੇ ਜਿਸ ਦਾ ਇਕ ਅੱਧ ਉਤਾਰਾ ਲੇਖਕ ਕੋਲ ਰਿਹਾ ਹੋਵੇ ਤੇ ਦੂਜਾ ਕਵੀ ਸੰਤੋਖ ਸਿੰਘ ਜੀ ਪਾਸ। ਤੇ ਉਚੇਚੀ ਰਚੀ ਗਈ ਰਚਨਾਂ ਦੇ ਉਤਾਰੇ ਕਰਨੇ ਹਰ ਇਕ ਲਈ ਸੁਲਭ ਨਾਂ ਕੀਤੇ ਗਏ ਹੋਣ।

ਜੇ ਇਹ ਗਲ ਤਸਲੀਮ ਕਰ ਲਈਏ ਤਾਂ ਇਕ ਗਲ ਹੋਰ ਸਪਸ਼ਟ ਹੈ ਕਿ ਕਵੀ ਜੀ ਦੇ ਸੂ: ਪ੍ਰ: ਰਚਣ ਤੇ ਸਮਾਪਤੀ ਦੇ ਸਮੇਂ ਤੋਂ ਕੁਝ ਬਰਸ ਜ਼ਰੂਰ ਪਹਿਲੇ ਇਹ ਪੋਥੀ ਰਚੀ ਗਈ ਹੈ। ਜਿਸ ਦੇ ਸਬੂਤ ਵਿਚ ਪੋਥੀ ਵਿਚੋਂ ਸਾਮਾਨ ਮਿਲ ਜਾਂਦਾ ਹੈ। ਸਾਖੀ 17 ਵਿਚ ਦੇਸੂ ਦਾ ਪ੍ਰਸੰਗ ਜੋ ਇਸ ਪੋਥੀ ਵਿਚ ਦਰਜ ਹੈ ਕਵੀ ਸੰਤੋਖ ਸਿੰਘ ਜੀ ਨੇ ਅਪਣੇ ਕਾਵਜ ਉਲਥੇ ਵਿਚ ਸਾਰਾ ਦਿੱਤਾ ਹੈ ਪਰ ਨਾਲ ਹੀਦ ਦੇਸੂ ਤੋਂ ਪਿਛੋਂ ਦਾ ਉਸ ਦੀ ਵੰਸ਼ ਦਾ ਵਧੇਰੇ ਹਾਲ ਬੀ ਦੇ ਦਿਤਾ ਹੈ, ਇਹ ਤਾਂ ਹੀ ਹੋ ਸਕਦਾ ਹੈ ਜੇ ਪੋਥੀ ਸੂ: ਪ੍ਰ: ਦੀ ਸਮਾਪਤੀ ਤੋਂ ਕੁਝ ਬਰਸ ਪਹਿਲੇ ਲਿਖੀ ਗਈ ਹੋਵੇ।

ਇਸੇ ਤਰ੍ਹਾਂ ਸਾਖੀ 37 ਵਿਚ ਇਹ ਪੋਥੀ ਬਾਰਨੇ ਦੇ ਰਾਹਕ ਦਾ ਪਹਿਲਾ ਪ੍ਰਸੰਗ ਹੀ ਦਿੰਦੀ ਹੈ ਪਰ ਕਵੀ ਸੰਤੋਖ ਸਿਘ ਨੇ ਉਸ ਦੇ ਵੰਸ਼ ਦਾ ਮਗਰੋਜ ਦਾ ਹਾਲ ਬੀ ਦਿੱਤਾ ਹੈ ਤੇ ਉਸ ਦੇ ਤੰਬਾਕੂ ਦੀ ਵਰਤੋਂ ਤਜਾਗਣ ਤੇ ਗੁਰੂ ਹੁਕਮ ਪਾਲਣ ਪਰ ਵਧਣ ਫੁਲਣ ਦਾ ਸਮਾਚਾਰ ਦਿੱਤਾ ਹੈ ਤੇ ਫੇਰ ਅਪਣੇ ਵੇਲੇ ਦੇ ਉਸ ਦੇ ਵੰਸ਼ਜ ਦਾ ਮੁੜ ਤੰਬਾਕੂ ਪੀਣ ਲਗ ਪੈਣਾ ਤੇ ਉਸ ਦਾ ਕੰਗਾਲ

www.sikhbookclub.com



ਹੋ ਜਾਣਾ ਬੀ ਲਿਖਿਆ ਤੇ ਇਹ ਬੀ ਸਾਖ ਭਰੀ ਹੈ ਕਿ ਅਸਾਂ ਆਪ ਜਾਕੇ ਸਮਝਾਇਆ, ਤੰਬਾਕੂ ਉਸ ਤੋਂ ਛੁਡਾਇਆ ਤੇ ਉਸ ਨੂੰ ਅੰਮ੍ਰਿਤ ਛਕਾਕੇ ਸਿੰਘ ਸਜਾਇਆ। ਇਹ ਬੀ ਇਹੋ ਇਸ਼ਾਰਾ ਸੁਟਦਾ ਹੈ ਕਿ ਕਵੀ ਦੇ ਗੁ:ਪ੍ਰ:ਸੂ: ਗ੍ਰੰਥ ਦੀ ਸਮਾਪਤੀ ਤੋਂ ਜ਼ਰੂਰ ਕੁਝ ਬਰਸ ਪਹਿਲੇ ਦੀ ਇਹ ਰਚਨਾਂ ਹੈ।

ਅਸੀਂ ਇਸ ਪੁਸਤਕ ਦੀ ਰਚਨਾਂ ਨੂੰ ਕਵੀ ਸੰਤੋਖ ਸਿੰਘ ਜੀ ਦੀ ਲਗਨ ਤੇ ਪ੍ਰੇਰਨਾਂ ਤੋਂ ਸੌਖੀ ਤਰਾਂ ਪਰੇ ਨਹੀਂ ਕਰ ਸਕਦੇ ਕਿਉਂਕਿ ਸਾਨੂੰ ਕਵੀ ਸੰਤੋਖ ਸਿੰਘ ਜੀ ਦੀ ਇਹ ਲਗਨ ਵੀ ਸਪਸ਼ਟ ਦਿਸ ਪੈਂਦੀ ਹੈ ਕਿ ਆਪ ਇਕ ਵਡੇਰੀ ਮੁੱਦਤ ਤੋਂ ਗੁਰ ਇਤਿਹਾਸ ਦੇ ਸੰਚਨ ਵਿਚ ਜੁਟੇ ਹੋਏ ਸਨ ਤੇ ਗੁਰ ਜਸ ਦਾ ਗ੍ਰੰਥ ਇਹ ਗੁ: ਪ੍ਰ: ਸੂ: ਓਹ ਲਿਖਣਾ ਚਾਹੁੰਦੇ ਸਨ ਪਰ ਮਸਾਲਾ ਖਿੰਡਿਆ ਫੁਟਿਆ ਪਿਆ ਸੀ ਜਿਸ ਸਾਰੇ ਨੂੰ ਇਕਤ੍ਰ ਕਰਨ ਦਾ ਉਦਮ ਆਪ ਦੀ ਪਹੁੰਚ ਤੋਂ ਬਾਹਰ ਸੀ, ਪਰ ਆਪ ਉਸ ਦੇ ਇਕੱਤ੍ਰ ਕਰਨ ਦੇ ਉਦਮ ਵਿਚ ਬਰਸਾਂ ਬੱਧੀ ਲਗੇ ਰਹੇ ਤੇ ਅਖੀਰ ਜਦ ਮਹਾਰਾਜ ਕੈਥਲ ਪਾਸ ਪੁੱਜੇ ਤਾਂ ਮਹਾਰਾਜ ਦੇ ਅਸਰ ਰਸੂਖ ਸਹਾਯਤਾ ਤੇ ਖਰਚ ਨਾਲ ਰਹਿੰਦਾ ਮਸਾਲਾ ਬੀ ਚੋਖਾ ਕੱਠਾ ਹੋ ਗਿਆ ਤੇ ਫਿਰ ਆਪ ਨੇ ਗ੍ਰੰਥ ਲਿਖਣਾ ਸ਼ੁਰੂ ਕੀਤਾ। ਇਸ ਮਸਾਲਾ ਇਕੱਤ੍ਰਨ ਦੇ ਬਰਸਾਂ ਵਿਚ ਹੀ ਸੰਭਵ ਹੋ ਸਕਦਾ ਹੈ ਕਿ ਇਸ ਪੋਥੀ ਦੀ ਰਚਨਾਂ ਦਾ ਬੀ ਉਪਰਾਲਾ ਹੋ ਗਿਆ ਹੋਵੇ। ਆਪ ਪਹਿਲੀ ਰਾਸ ਵਿਚ ਲਿਖਦੇ ਹਨ:-

ਪੂਰਬ ਮੈਂ ਸ੍ਰੀ ਨਾਨਕ ਕਥਾ। ਛੰਦਨ ਬਿਖੈ ਰਚੀ ਮਤਿ ਜਥਾ।
ਰਹਜੋ ਚਾਹਤੋ ਗੁਰਨ ਬ੍ਰਿਤਾਂਤ। ਨਹਿਂ ਪਾਯੋ ਤਿਸਤੇ ਪਸ਼ਚਾਤ।
ਪਰਾਲਬਧ ਕਰ ਕਿਤ ਕਿਤ ਰਹੋ। ਚਿਤ ਮਹਿ ਗੁਰਜਸ ਰਚਿਬੋ ਚਹੇ।
ਕਰਮ ਕਾਲ ਤੇ ਕੈਥਲ ਆਏ। ਥਿਤ ਹੁਇ ਜਪੁਜੀ ਅਰਥ ਬਨਾਏ।
ਪੁਨ ਸੰਯੋਗ ਹੋਇ ਅਸ ਗਯੋ। ਰਾਮ ਚਰਿਤ ਕੋ ਮਨ ਹੁਲਸਯੋ।
ਬਾਲਮੀਕ ਕ੍ਰਿਤ ਕਥਾ ਸੁਨੀ ਜਬ। ਛੰਦਨ ਬਿਖੈ ਰਚੀਤਬ ਹਮ ਸਬ।...
ਬਹੁਤ ਬਰਸ ਬੀਤੇ ਜਬ ਲਹੇ। ਗੁਰ ਜਸ ਰਚਨ ਚਾਹਤੇ ਰਹੇ।
ਉਰ ਅਭਿਲਾਖਾ ਨਿਤ ਕੀ ਮੇਰੀ। ਸਤਿਗੁਰ ਕ੍ਰਿਪਾਦ੍ਰਿਸ਼ਟਿ ਕਰ ਹੇਰੀ।
ਭਯੋ ਅਚਾਨਕ ਸੰਚੈ ਆਈ। ਸਰਬ ਗੁਰਨ ਕੋ ਜਸੁ ਸਮੁਦਾਈ।
ਚਾਹਤ ਭਏ ਆਪ ਗੁਰ ਜਬ ਹੂੰ। ਭਾ ਸੰਚਯ ਦਸ ਗੁਰ ਜਸ ਸਭ ਹੂੰ।
ਹੋਰਿ ਉਮੰਗ ਮੋਹਿ ਮਨ ਆਈ। ਕਰਨ ਲਗਯੋ ਤਬ ਗ੍ਰੰਥ ਸੁਹਾਈ।

(ਰਾਸ ੧ ਅੰਸੂ ੫)

www.sikhbookclub.com



ਗੁਰ ਨਾਨਕ ਪ੍ਰਕਾਸ਼ 1880 ਬਿ: ਵਿਚ ਕਵੀ ਜੀ ਨੇ ਮੁਕਾਯਾ ਹੈ ਤੇ ਇਸ ਦਾ ਪ੍ਰਚਾਰ ਉਸੇ ਵੇਲੇ ਹੋ ਗਿਆ ਹੈ ਤੇ ਥਾਂ ਥਾਂ ਤੇ ਇਸ ਦੇ ਉਤਾਰੇ ਕੀਤੇ ਗਏ ਤੇ ਕਥਾ ਸ਼ੁਰੂ ਹੋ ਗਈਆਂ। ਇਸੇ ਸਮੇਂ ਦੇ ਨੇੜੇ ਹੀ ਹੋ ਸਕਦਾ ਹੈ ਕਿ ਕਵੀ ਜੀ ਦੀ ਗੁਰ ਜਸ ਦੀ ਚਮਤਕਾਰੀ ਘਾਲ ਤੇ ਮੋਹਿਤ ਹੋਕੇ ਕਿਸੇ ਵਿਦ੍ਵਾਨ ਨੇ ਕਵੀ ਜੀ ਦੀ ਇਛਾ ਲਖਕੇ ਯਾ ਕਿਸੇ ਸਰਦਾਰ ਦੇ ਇਸ਼ਾਰੇ ਤੇ ਕਵੀ ਦੀ ਸਹਾਇਤਾ ਹਿਤ ਇਹ ਮਾਲਵੇ ਦੇ ਗੁਰਦੁਆਰਿਆਂ ਦਾ ਇਤਿਹਾਸ ਰਟਨ ਕਰਕੇ ਲਿਖਣ ਦਾ ਵਧੇ ਚਿਤ ਜ਼ੁੰਮਾਂ ਲੈ ਲਿਆ ਹੋਵੇ ਤੇ ਇਸ ਪੁਸਤਕ ਦੀ ਰਚਨਾ ਹੋ ਗਈ ਹੋਵੇ।

ਇਉਂ ਸਾਰੀ ਵੀਚਾਰ ਦੇ ਅਖੀਰ ਇਸ ਦਾ ਰਚਨਾ ਕਾਲ 1880 ਬਿ: ਦੇ ਲਾਗੇ ਚਾਗੇ ਸਾਨੂੰ ਲੈ ਜਾਂਦਾ ਹੈ ਤੇ ਸਾਨੂੰ ਆਸ ਹੈ ਕਿ ਇਹ ਸੰਮਤ ਅਸਲੀਅਤ ਤੋਂ ਬਹੁਤ ਦੂਰ ਨਹੀਂ ਹੋਵੇਗਾ।

## ਪੋਥੀ ਕਿਸਨੇ ਲਿਖੀ?

ਇਸ ਪੋਥੀ ਦੀ ਬੋਲੀ ਪਟਿਆਲੇ ਦੇ ਲਾਗ ਦੀ ਮਲਵਈ ਬੋਲੀ ਹੈ। ਇਸ ਵਿਚ ਆਏ ਪਦ: ਕਰੂੰਗਾ, ਬਣੂੰਗਾ, ਥੀ, ਐਮੇ ਕਿਮੇ, ਕਰਦਾ ਥੀ, ਰਹਿੰਦਾ ਥੀ, ਆਦਿ ਪਦ ਲੇਖਕ ਦਾ ਮਲਵਈ ਹੋਣਾ ਸਿਧ ਕਰਦੇ ਹਨ। ਲੇਖਕ ਹੈ ਚੰਗਾ ਵਿਦ੍ਵਾਨ ਜੋ ਸਾਖੀਆਂ ਦੀ ਸੰਖੇਪਤਾ ਵਿਚ ਪੂਰੀ ਦਿਲਚਸਪੀ ਕੈਮ ਰਖਣ ਤੇ ਜ਼ੋਰਦਾਰ ਗੁਫਤਗੂ ਲਿਖਣ ਵਿਚ ਮਾਹਰ·ਹੈ। ਇਸ ਪੋਥੀ ਦੀ ਰਚਨਾ ਤੋਂ ਇਹ ਬੀ ਗੁੱਝਾ ਨਹੀਂ ਰਹਿ ਜਾਂਦਾ ਕਿ ਇਸ ਦਾ ਲੇਖਕ ਕੋਈ ਸੈਲਾਨੀ ਜੀਉੜਾ ਹੈ ਜੋ ਗੁਰਧਾਮਾਂ ਦੀ ਯਾਤ੍ਰਾ ਆਪ ਕਰਦਾ ਹੈ, ਥਾਂ ਥਾਂ ਤੇ ਮੀਲਾਂ ਦੇ ਵੇਰਵੇ ਵੀ ਦਿੰਦਾ ਹੈ ਤੇ ਹੋਰ ਹਾਲ ਬੀ ਐਸੇ ਦਿੰਦਾ ਹੈ ਜੋ ਕੋਈ ਯਾਤਰੂ ਹੀ ਆਪਣੀ ਯਾਤ੍ਰਾ ਵਿਚ ਪ੍ਰਾਪਤ ਕਰਕੇ ਲਿਖ ਸਕਦਾ ਹੈ।

ਜੇ ਹੋਰ ਗਹੁ ਨਾਲ ਤੱਕੀਏ ਤਾਂ ਇਕ ਇਸ਼ਾਰਾ ਇਸ ਵਿਚੋਂ ਸਾਨੂੰ ਵਿਸ਼ੇਸ਼ ਬੀ ਮਿਲਦਾ ਹੈ, ਜੋ ਲੇਖਕ ਬਾਰੇ ਕਿਸੇ ਇਸ਼ਾਰੇ ਦੀ ਸੇਧ ਸੁਟ ਜਾਂਦਾ ਹੈ। ਦੂਜੀ ਸਾਖੀ ਦੇ ਸ਼ੁਰੂ ਵਿਚ ਲੇਖਕ ਇਨ੍ਹਾਂ ਅਖਰਾਂ ਵਿਚ ਮੰਗਲ ਕਰਦਾ ਹੈ:-

ਸ੍ਰੀ ਸਤਿਗੁਰੂ ਜੀ ਸਹਾਇ॥
ਬਾਬਾ ਗੁਰਦਿਤਾ ਦੀਨ ਦੁਨੀ ਦਾ ਟਿਕਾ॥
ਜੀਉ ਪਿੰਡ ਜਿਨ ਦਿੱਤਾ॥
ਐਸਾ ਗੁਰ ਸਿਵਰੋ ਨਿਤ ਨਿੱਤਾ॥

www.sikhbookclub.com



ਇਸ ਸਾਖੀ ਨਾਲ ਬਾਬੇ ਗੁਰਦਿਤੇ ਜੀ ਦਾ ਕੋਈ ਸੰਬੰਧ ਨਹੀਂ ਤੇ ਨਾਂ ਹੀ ਐਸਾ ਯਾ ਕੋਈ ਹੋਰ ਮੰਗਲ ਕਿਸੇ ਹੋਰ ਸਾਖੀ ਦੇ ਸ਼ੁਰੂ ਵਿਚ ਇਸ ਲੇਖਕ ਨੇ ਕੀਤਾ ਹੈ। ਏਹ ਸੁਭਾਵਕ ਲਿਖੇ ਗਏ ਅਖਰ ਸੂੰਹ ਦਿੰਦੇ ਹਨ ਕਿ ਲੇਖਕ ਬਾਬਾ ਗੁਰਦਿਤਾ ਜੀ ਨੂੰ ਗੁਰੂ ਸਥਾਨੀ ਮੰਨਣ ਵਾਲਾ ਹੈ। ਬਾਬਾ ਗੁਰਦਿਤਾ ਜੀ ਛੇਵੇਂ ਪਾਤਸ਼ਾਹ ਜੀ ਦੇ ਟਿੱਕੇ ਸਾਹਿਬਜ਼ਾਦੇ ਸਨ ਜਿਨ੍ਹਾਂ ਨੂੰ ਬਾਬਾ ਸ੍ਰੀ ਚੰਦ ਜੀ ਦੇ ਮੰਗਣੇ ਪਰ ਸਤਿਗੁਰੂ ਜੀ ਨੇ ਬਾਬੇ ਕਿਆਂ ਦੇ ਸਪੁਰਦ ਕਰ ਦਿਤਾ ਸੀ ਤੇ ਬਾਬਾ ਸ੍ਰੀ ਚੰਦ ਜੀ ਨੇ ਸ੍ਰੀ ਗੁਰਦਿਤਾ ਜੀ ਨੂੰ ਅਪਣਾ ਸਥਾਨੀ ਉਦਾਸੀ ਸੰਪ੍ਰਦਾ ਦਾ ਮੋਢੀ ਥਾਪਿਆ ਸੀ। ਬਾਬਾ ਗੁਰਦਿਤਾ ਜੀ ਨੂੰ ਗੁਰੂ ਪਦਵੀ ਤੁਲ ਮੰਨਣਾ ਉਦਾਸੀ ਸੰਪ੍ਰਦਾ ਵਿਚ ਵਧੇਰੇ ਪ੍ਰਚਲਤ ਰਿਹਾ ਹੈ। ਇਸ ਲਈ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਇਸ ਪੁਸਤਕ ਦਾ ਲੇਖਕ ਕੋਈ ਵਿਦ੍ਵਾਨ ਉਦਾਸੀ ਸਾਧੂ ਹੈ।

**ਆਖੇਪਕ**

ਇਸ ਪੋਥੀ ਦਾ ਰਚਨਾਂ ਕਾਲ ਅਸੀਂ ਪਿਛੇ 1880 ਬਿ: ਦੇ ਆਨ ਮਾਨ ਅਟਕਲ ਆਏ ਹਾਂ ਤੇ ਇਹ ਬੀ ਦੱਸ ਆਏ ਹਾਂ ਕਿ ਇਹ ਕਵੀ ਸੰਤੋਖ ਸਿੰਘ ਜੀ ਦਾ ਸਮਾਂ ਹੈ। ਕਵੀ ਜੀ ਨੇ ਗੁ: ਪ੍ਰ: ਸੂ: ਗ੍ਰੰਥ ਸਾਵਣ 1900 ਬਿ: ਵਿਚ ਸਮਾਪਤ ਕੀਤਾ ਹੈ ਤੇ ਉਨ੍ਹਾਂ ਨੇ ਇਸ ਪੁਸਤਕ ਦਾ ਉਲਥਾ ਆਪਣੀ ਕਵਿਤਾ ਵਿਚ ਰਾਸ ੧੧ ਤੇ ਐਨ ੧ ਵਿਚ ਕੀਤਾ ਹੈ। ਐਨ ੧ ਤੇ ੨ ਗੁ: ਪ੍ਰ: ਸੂ: ਗ੍ਰੰਥ ਦਾ ਅੰਤਮ ਭਾਗ ਹਨ ਜੋ ਨਿਰਸੰਸੇ 1900 ਬਿ: ਦੀ ਰਚਨਾਂ ਹਨ। ਇਓਂ ਇਹ ਉਹ ਸਮਾਂ ਹੈ ਜਦ ਕਿ ਇਹ ਪੁਸਤਕ ਅਪਣੇ ਅਸਲ Original ਰੂਪ ਵਿਚ ਕੈਮ ਸੀ ਤੇ ਕਈ ਉਸ ਵਿਚ ਵਾਧਾ ਘਾਟਾ ਨਹੀਂ ਸੀ ਕਰ ਸਕਿਆ। ਅਸੀਂ ਉਪਰ ਦੱਸ ਚੁਕੇ ਹਾਂ ਕਿ ਕਵੀ ਜੀ ਨੇ ਇਹ ਸਾਰਾ ਪੁਸਤਕ ਅਪਣੀ ਕਵਿਤਾ ਵਿਚ ਉਲਥਾਇਆ ਹੈ ਤੇ ਕਵੀ ਜੀ ਦਾ ਤਰਜੁਮਾ ਤੇ ਜੋ ਲਿਖਤੀ ਪੋਥੀ ਸਾਨੂੰ ਮਿਲੀ ਹੈ, ਓਹ ਮੁਕਾਬਲਾ ਕਰਨ ਤੇ ਦੋਨੋਂ ਇਕ ਸਾਰ ਚਲ ਰਹੇ ਸਹੀ ਹੋਏ ਹਨ। ਪਰ ਜੋ ਕਲਮੀ ਨੁਸਖਾ ਸਰ ਸਰਦਾਰ ਅਤਰ ਸਿੰਘ ਜੀ ਭਦੌੜ ਵਾਲਿਆਂ ਦਾ ਆਪਣਾ ਕੀਤਾ ਕਰਾਇਆ ਉਤਾਰਾ ਹੈ ਉਸ ਦੇ ਅਖੀਰ ਦੇ ਲਗਪਗ ਦੋ ਸਾਖੀਆਂ ਵਧੀਕ ਹਨ, ਤੇ ਓਹ ਦੋਵੇਂ ਸਾਖੀਆਂ ਹਨ ਬੀ ਓਹੋ ਹੀ ਜੋ ਪੁਸਤਕ ਦੇ ਆਪਣੇ ਕ੍ਰਮ ਵਿਚ ਪਿਛੇ ਆ ਚੁਕੀਆਂ ਹੋਈਆਂ ਹਨ। ਮਾਨੋਂ ਓਹ ਦੋਵੇਂ ਸਾਖੀਆਂ ਆ ਚੁਕੀਆਂ ਕੁਝ

www.sikhbookclub.com



ਸਾਖੀਆਂ ਦਾ ਦੁਬਾਰਾ ਆਇਆ ਸਵਿਸਤਾਰ ਪੁਨਰ ਰੂਪ ਹੈ। ਦੋਹਾਂ ਉਪਰ ਵਖਰੇ ਸਿਰਲੇਖ ਹਨ, ਜਿਸ ਤਰ੍ਹਾਂ ਦੇ ਕਿ ਪਿਛੇ ਕਿਸੇ ਸਾਖੀ ਉਪਰ ਨਹੀਂ ਆਏ। ਇਨ੍ਹਾਂ ਦੀ ਰਚਨਾਂ, ਬੋਲੀ ਦੀ ਸ਼ੈਲੀ ਸਾਫ ਦੱਸ ਰਹੀ ਹੈ ਕਿ ਏਹ ਦੋਨੋਂ ਸਾਖੀਆਂ ਪੋਥੀ ਦੇ ਅਸਲ ਲੇਖਕ ਜੀ ਦੀ ਰਚਨਾਂ ਨਹੀਂ ਹਨ ਤੇ ਮਗਰੋਂ ਪਾਈਆਂ ਗਈਆਂ, ਯਾ ਆਖੇਪਕ ਹਨ। ਫਿਰ ਜਦ ਅਸੀਂ ਕਵੀ ਸੰਤੋਖ ਸਿੰਘ ਦੇ ਇਸ ਪੋਥੀ ਦੇ ਕੀਤੇ ਉਲਥੇ ਦੀ ਖੋਜ ਕਰਦੇ ਹਾਂ ਤਾਂ ਇਨ੍ਹਾਂ ਦੋਹਾਂ ਸਾਖੀਆਂ ਦਾ ਤਰਜੁਮਾ ਗੁ: ਪ੍ਰ: ਸੂ: ਗ੍ਰੰਥ ਵਿਚ ਨਹੀਂ ਮਿਲਦਾ, ਓਥੇ ਕੇਵਲ ਸੰਖੇਪ ਰੂਪ ਵਿਚ, ਜੋ ਪਹਿਲੇ ਸਾਖੀਆਂ ਆ ਚੁਕੀਆਂ ਹਨ, ਉਨ੍ਹਾਂ ਦਾ ਹੀ ਰੂਪਾਂਤ੍ਰ ਹੈ। ਇਹ ਬੀ ਇਹੋ ਸਿਧ ਕਰਦਾ ਹੈ ਕਿ, ਏਹ ਦੋਵੇਂ ਸਾਖੀਆਂ 1900 ਬਿ: ਤੋਂ ਪਿਛੋਂ ਕਿਸੇ ਨੇ ਠੱਪਕੇ ਇਸ ਪੋਥੀ ਵਿਚ ਵਧਾਈਆਂ ਹਨ।

ਇਸੇ ਤਰ੍ਹਾਂ ਇਸ ਪੋਥੀ ਦੇ ਇਕ ਹੋਰ ਉਤਾਰੇ ਦੀ ਬੀ ਸੂੰਹ ਪਈ ਹੈ ਕਿ ਓਹ ਕਦੇ ਸ੍ਰੀ ਦਮਦਮੇ ਸਾਹਿਬ ਦੇ ਇਕ ਬੁੰਗੇ ਵਿਚ ਮੌਜੂਦ ਸੀ। 1946 ਈ: ਵਿਚ ਸਰਦਾਰ ਮਾਨ ਸਿੰਘ ਜੀ ਜੱਜ, ਜੋ ਤਦੋਂ ਜੁਡੀਸ਼ਲ ਕਮੇਟੀ ਫਰੀਦਕੋਟ ਦੇ ਮੈਂਬਰ ਸਨ, ਸ੍ਰੀ ਦਮਦਮੇ ਸਾਹਿਬ ਪਧਾਰੇ ਸਨ ਤੇ ਉਨਾਂ ਨੇ ਉਸ ਪੋਥੀ ਦੇ ਦੇਖਣ ਦਾ ਯਤਨ ਕੀਤਾ ਸੀ। ਪਰ ਪਤਾ ਲਗਾ ਸੀ ਕਿ ਕੋਈ ਸਜਣ ਅਪਣੀ ਚਿਤਵੀ ਕਿਸੇ ਸ੍ਵਾਰਥ ਸਿਧੀ ਲਈ ਉਹ ਪੁਸਤਕ ਉਕਤ ਬੁੰਗੇ ਦੇ ਸਿੰਘ ਜੀ ਪਾਸੋਂ ਲੈ ਗਿਆ ਹੈ ਤੇ ਦੱਸਿਆ ਗਿਆ ਹੈ ਕਿ ਉਸ ਪੁਸਤਕ ਵਿਚ ਕੁਝ ਹੋਰ ਵਧੀਕ ਸਾਖੀਆਂ ਬੀ ਹਨ ਤੇ ਦਮਦਮੇ ਨਿਵਾਸ ਦੀ ਇਕ ਸਾਖੀ ਵਿਚ ਕਲਗੀਧਰ ਪਾਤਸ਼ਾਹ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ ਰਚਣ ਦੀ ਸਾਖੀ ਬੀ ਦਿਤੀ ਹੈ ਤੇ ਉਸ ਵਿਚ ਦਸਿਆ ਹੈ ਕਿ ਗੁਰੂ ਜੀ ਨੇ ਦਮਦਮੀ ਬੀੜ ਦਾ ਭੋਗ ਮੁੰਦਾਵਣੀ ਤੇ ਪਾਇਆ।

ਦਮਦਮੇ ਵਾਲੀ ਬੀੜ ਬੰਨ੍ਹਣ ਵਾਲੀ ਕੋਈ ਸਾਖੀ, ਨਾ ਤਾਂ ਸਾਨੂੰ ਪ੍ਰਾਪਤ ਹੋਈ ਲਿਖਤੀ ਪੋਥੀ ਵਿਚ ਹੈ, ਨਾ ਸਰ ਸਰਦਾਰ ਅਤਰ ਸਿੰਘ ਜੀ ਦੇ ਨਿਜੀ ਕਲਮੀ ਨੁਸਖੇ ਵਿਚ ਹੈ, ਨਾ ਉਨ੍ਹਾਂ ਦੇ ਅੰਗ੍ਰੇਜ਼ੀ ਤਰਜੁਮੇ ਵਿਚ ਅਤੇ ਨਾ ਹੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕਵੀ ਸੰਤੋਖ ਸਿੰਘ ਨੇ ਦਿਤੀ ਹੈ, ਜਿਸ ਤੋਂ ਨਿਰਸੰਸੇ ਸਹੀ ਹੋ ਜਾਂਦਾ ਹੈ ਕਿ ਜੇ ਉਸ ਪੋਥੀ ਵਿਚ ਕੋਈ ਐਸੀ ਸਾਖੀ ਹੈ ਤਾਂ ਉਹ ਪੁਸਤਕ ਦੇ ਅਸਲ ਲੇਖਕ ਦੀ ਨਹੀਂ ਪਰ ਮਗਰੋਂ ਕਿਸੇ ਨੇ ਵਧਾਈ ਹੈ।

ਇਕ ਪ੍ਰਤਿਸ਼ਟਤ ਸਜਣ ਜੀ, ਜਿਨ੍ਹਾਂ ਨੇ ਉਕਤ ਪੋਥੀ ਉਸ ਸਜਣ ਪਾਸ ਦੇਖੀ ਹੈ, ਜੋ ਕਿ ਦਮਦਮੇ ਸਾਹਿਬ ਦੇ ਉਕਤ ਬੁੰਗੇ ਤੋਂ ਲੈ ਆਏ ਹਨ, ਓਹ

www.sikhbookclub.com



ਦੱਸਦੇ ਹਨ ਕਿ ਉਸ ਸਾਖੀ ਦੀ ਲਿਖਤ ਪੋਥੀ ਦੀ ਅਸਲ ਲਿਖਤ ਨਾਲੋਂ ਵਖਰੀ ਹੈ ਤੇ ਪੱਤਰੇ ਮਗਰੋਂ ਵਧਾਏ ਗਏ ਸਪਸ਼ਟ ਹਨ। ਕੁਝ ਬੀ ਹੋਵੇ, ਹਰ ਹਾਲ ਇਹ ਗਲ ਯਕੀਨੀ ਹੈ ਕਿ ਇਸ ਪੋਥੀ ਵਿਚ ਮਗਰੋਂ ਵਾਧੇ ਕਿਸੇ ਨੇ ਕੀਤੇ ਹਨ ਤੇ ਉਸ ਪੋਥੀ ਦੀਆਂ ਜੋ ਸਾਖੀਆਂ ਵਧੀਕ ਹਨ ਓਹ ਅਸਲ ਲੇਖਕ ਦੀ ਰਚਨਾਂ ਨਹੀਂ ਪਰ ਆਖੇਪਕ ਹਨ।

ਇਹ ਗਲ ਅਨਹੋਣੀ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਖਰੀ ਭੋਗ ਦੀ ਬਾਣੀ 'ਰਾਗਮਾਲਾ' ਦੇ ਕਿਸੇ ਵਿਰੋਧੀ ਨੇ ਉਕਤ ਸਾਖੀ ਉਸ ਪੋਥੀ ਵਿਚ ਵਧਾਕੇ ਇਹ ਗਲ ਸਿਧ ਕਰਨ ਦਾ ਬਿਰਥਾ ਯਤਨ ਕੀਤਾ ਹੋਵੇ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦਮਦਮੇ ਜੋ ਬੀੜ ਤਿਆਰ ਕੀਤੀ ਸੀ ਓਸ ਦਾ ਭੋਗ ਮੁੰਦਾਵਣੀ ਤੇ ਪਾ ਦਿਤਾ ਸੀ ਤੇ ਰਾਗਮਾਲਾ ਨਹੀਂ ਸੀ ਲਿਖੀ। ਪਰ ਉਸ ਦਾ ਇਹ ਯਤਨ ਸਫਲ ਕਿਵੇਂ ਬੀ ਨਹੀਂ ਹੋ ਸਕਦਾ, ਕਿਉਂਕਿ ਦਮਦਮੇ ਵਾਲੀ ਬੀੜ ਦੇ ਜੋ ਬੀ ਉਤਾਰੇ ਇਸ ਵੇਲੇ ਮਿਲਦੇ ਹਨ, ਰਾਗਮਾਲਾ ਸਭਨਾਂ ਵਿਚ ਮੌਜੂਦ ਹੈ। ਇਹ ਕਦੇ ਹੋ ਹੀ ਨਹੀਂ ਸਕਦਾ ਕਿ ਕਲਗੀਧਰ ਪਾਤਸ਼ਾਹ ਕੋਈ ਬਾਣੀ ਬੀੜ ਵਿਚ ਜੇ ਨਾਂ ਚੜ੍ਹਾਵਣ ਤਾਂ ਕੋਈ ਸਿਖ ਇਤਨੀ ਦੀਦਾ ਦਲੇਰੀ ਕਰੇ ਕਿ ਓਹ ਬੀੜ ਵਿਚ ਆਪ ਚੜ੍ਹਾ ਦੇਵੇ ਤੇ ਨਿਰਾ ਇਕ ਬੀੜ ਵਿਚ ਸਗੋਂ ਸਾਰੇ ਪੰਜਾਬ ਤਥਾ ਹਿੰਦ ਭਰ ਵਿਚ, ਜਿਥੇ ਜਿਥੇ ਬੀ ਪਵਿਤ੍ਰ ਬੀੜਾਂ ਉਸ ਵੇਲੇ ਸਥਾਪਤ ਹੋਣ ਕਰਾਮਾਤ ਨਾਲ ਰਾਗਮਾਲਾ ਲਿਖ ਦੇਵੇ ਤੇ ਪੰਥ ਵਿਚੋਂ ਕੋਈ ਉਂਗਲ ਨਾ ਕਰ ਸਕੇ ਕਿ ਅਮਕਾਂ ਭੱਦ੍ਰ ਪੁਰਸ਼ ਇਹ ਅਨੁਚਿਤ ਕਾਰਾ ਕਰ ਰਿਹਾ ਹੈ। ਇਤਿਹਾਸ ਉੱਕਾ ਚੁੱਪ ਹੈ, ਇਤਿਹਾਸ ਤਾਂ ਹੀ ਸਾਖ ਭਰ ਸਕਦਾ ਹੈ ਜੇ ਕੋਈ ਗਲ ਹਕੀਕਤ ਵਿਚ ਹੋਈ ਹੋਵੇ ਤਾਂ।

ਇਹ ਪੋਥੀ ਜੋ ਆਪ ਦੇ ਕਰ ਕਵਲਾਂ ਵਿਚ ਹੈ, ਇਹ ਸ੍ਰੀਮਾਨ ਗਜਾਨੀ ਸਾਹਿਬ ਸਿੰਘ ਜੀ ਧਮਧਾਣ ਸਾਹਿਬ ਵਾਲਿਆਂ ਦੀ ਲਿਆਂਦੀ ਪੋਥੀ ਦਾ ਉਤਾਰਾ ਹੈ, ਪਰ ਸਰ ਸਰਦਾਰ ਅਤਰ ਸਿੰਘ ਜੀ ਦੇ ਕਲਮੀ ਨੁਸਖੇ ਨਾਲ ਇਸਦਾ ਸਰਸਰੀ ਟਾਕਰਾ ਕੀਤਾ ਗਿਆ ਹੈ। ਉਸ ਨੁਸਖੇ ਵਿਚ ਜੋ ਦੋ ਸਾਖੀਆਂ ਅੰਤ ਦੇ ਲਾਗ ਵੱਧ ਹਨ ਓਹ ਚੂੰਕਿ ਇਸ ਪੋਥੀ ਦਾ ਹਿੱਸਾ ਨਹੀਂ ਹਨ, ਓਹ ਅਸੀਂ ਇਸ ਪੋਥੀ ਦੀ ਸਮਾਪਤੀ ਉਪ੍ਰੰਤ ਅੰਤਕਾ ੧ ਤੇ ਅੰਤਕਾ ੨ ਦੇ ਸਿਰਲੇਖ ਹੇਠ ਵੱਖਰੀਆਂ ਦੇ ਰਹੇ ਹਾਂ ਤਾਂ ਜੋ ਆਖੇਪਕਾਂ ਦਾ ਨਖੇੜਾ ਕੈਮ ਰਹੇ ਤੇ ਅਸਲ ਪੋਥੀ ਅਸਲ ਰੂਪ ਵਿਚ ਸੁਰਖਜਤ ਰਹੇ।

www.sikhbookclub.com



## ਅਸਾਂ ਕੀ ਕੀਤਾ ਹੈ?

ਅਸਲ ਲਿਖਤੀ ਪੋਥੀ ਪੁਰਾਤਨ ਜੁੜਵੀਂ ਲਿਖਤ ਦੇ ਢੰਗ ਵਿਚ ਲਿਖੀ ਹੋਈ ਸੀ ਤੇ ਉਸ ਨੂੰ ਛਾਪੇ ਦੇ ਜਾਮੇ ਵਿਚ ਸੁਸਜਿਤ ਕਰਨ ਸਮੇਂ ਪਾਠਕਾਂ ਦੇ ਸੁਭੀਤੇ ਲਈ ਅਸਾਂ ਅਗੇ ਦਿੱਤੀਆਂ ਗਲਾਂ ਆਪ ਕੀਤੀਆਂ ਹਨ:-

1. ਖਾਲਸਾ ਕਾਲਜ ਦੀ ਲਾਇਬ੍ਰੇਰੀ ਵਿਚ ਸਰ ਸਰਦਾਰ ਅਤਰ ਸਿੰਘ ਜੀ ਰਈਸ ਭਦੌੜ ਦਾ ਜੋ ਲਿਖਤੀ ਉਤਾਰਾ ਇਸ ਪੋਥੀ ਦਾ ਪਿਆ ਹੈ, ਉਸ ਨਾਲ ਇਸ ਪੋਥੀ ਦਾ ਟਾਕਰਾ ਕੀਤਾ ਹੈ। ਜੋ ਮਾਮੂਲੀ ਪਾਠਾਂਤ੍ਰ ਭੇਦ ਸਨ ਯਾ ਅਖਰਾਂ ਦੀਆਂ ਐਸੀਆਂ ਬਦਲੀਆਂ ਸਨ ਜੋ ਅਰਥਾਂ ਵਿਚ ਫਰਕ ਨਹੀਂ ਪਾਉਂਦੀਆਂ ਓਹ ਛੋੜ ਦਿਤੀਆਂ ਹਨ, ਪਰ ਜਿਥੇ ਕੋਈ ਖਾਸ ਪਾਠਾਂਤ੍ਰ ਮਿਲੇ ਹੈਨ, ਓਹ ਭਾਵੇਂ ਹੈਨ ਬਹੁਤ ਘੱਟ, ਫੁਟ ਨੋਟਾਂ ਵਿਚ ਦੇ ਦਿੱਤੇ ਹਨ।
2. ਕਠਨ ਪਦਾਂ ਦੇ ਅਰਥ ਬੀ ਟੂਕਾਂ ਵਿਚ ਦੇਣ ਦਾ ਜਤਨ ਕੀਤਾ ਹੈ।
3. ਸਾਖੀਆਂ ਵਿਚ ਵਿਰਾਮ, ਛੇਵੇਂ ਅਤੇ ਉਲਟਾਵੇਂ ਕਾਮੇ ਇਬਾਰਤ ਨੂੰ ਨਿਖੇੜਨ ਤੇ ਸੌਖੀ ਤਰ੍ਹਾਂ ਸਮਝਣ ਲਈ ਅਸਾਂ ਲਾਏ ਹਨ, ਪੈਰਿਆਂ ਦੀ ਵੰਡ ਬੀ ਕੀਤੀ ਹੈ ਤਾਂ ਜੋ ਪਾਠਕ ਸਾਖੀ ਦੇ ਭਾਵ ਨੂੰ ਸੁਖੈਨਤਾ ਨਾਲ ਗ੍ਰਹਣ ਕਰਦਾ ਚਲਾ ਜਾਏ।
4. ਸਾਖੀਆਂ ਦੇ ਉਪਰ ਬ੍ਰੀਕ ਅਖਰਾਂ ਵਿਚ ਉਸ ਸਾਖੀ ਦਾ ਨਾਮ ਅਸਾਂ ਪਾਇਆ ਹੈ, ਅਸਲ ਪੋਥੀ ਵਿਚ ਸਾਖੀਆਂ ਦੇ ਸਿਰਲੇਖ ਨਹੀਂ ਹਨ।
5. ਗੁਰ ਪ੍ਰਤਾਪ ਸੂਰਜ ਗ੍ਰੰਥ ਨਾਲ ਟਾਕਰਾ ਕਰਕੇ ਹਰ ਸਾਖੀ ਹੇਠ ਇਹ ਪਤਾ ਦੇਣ ਦਾ ਬੀ ਜਤਨ ਕੀਤਾ ਹੈ ਕਿ ਕਵੀ ਸੰਤੋਖ ਸਿੰਘ ਨੇ ਇਸ ਸਾਖੀ ਦਾ ਉਲਥਾ ਆਪਣੀ ਰਚਨਾਂ ਵਿਚ ਕਿਸ ਟਿਕਾਣੇ ਦਿਤਾ ਹੈ।
6. ਕਿਤੇ ਕਿਤੇ ਗੁਰਧਾਮਾਂ ਦੇ ਨਾਮ ਥਾਂਵ ਤੇ ਪਤੇ ਬੀ ਟੂਕਾਂ ਵਿਚ ਵਧਾਏ ਹਨ, ਪਰ ਇਤ੍ਰਾਜ਼ ਜੋਗ ਗਲਾਂ ਦੇ ਸਮਾਧਾਨ ਉਚੇਚੇ ਦੇਣ ਵਲ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਕਾਰਨ ਏਹ ਕਿ ਇਤ੍ਰਾਜ਼ ਯੋਗ ਨੁਕਤਿਆਂ ਦੇ ਸਮਾਧਾਨ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਵਿਸਥਾਰ ਆ ਚੁਕੇ ਹਨ, ਸ਼ੌਕ ਵਾਲੇ ਸਜਣ ਓਥੋਂ ਵਾਚ ਸਕਦੇ ਹਨ। ਜੇ ਓਹ ਸਾਰੇ ਇਥੇ ਦਿਤੇ ਜਾਂਦੇ ਤਾਂ ਇਸ ਪੁਸਤਕ ਦੇ ਹੁਜਮ ਦੀ ਹੱਦ ਤੋਂ ਓਹ ਬਹੁਤ ਟੱਪ ਜਾਂਦੇ; ਇਸ ਲਈ ਸੰਕੋਚ ਤੋਂ ਕੰਮ ਲਿਆ ਗਿਆ ਹੈ।

www.sikhbookclub.com



7. ਦੋ ਸਾਖੀਆਂ ਜੋ ਸਾਡੇ ਲਿਖਤੀ ਨੁਸਖੇ ਵਿਚ ਨਹੀਂ ਹਨ ਤੇ ਸਰ ਅਤਰ ਸਿੰਘ ਜੀ ਦੇ ਲਿਖਤੀ ਨੁਸਖੇ ਵਿਚ ਹਨ ਓਹ ਆਖੇਪਕ ਸਹੀ ਕਰਕੇ ਪੁਸਤਕ ਦੇ ਅੰਤ ਅੰਤਕਾ ੧ ਤੇ ਅੰਤਕਾ ੨ ਦਾ ਸਿਰਲੇਖ ਦੇਕੇ ਛਾਪ ਦਿਤੀਆਂ ਹਨ।

**ਅੰਤਮ ਬੇਨਤੀ**

ਜਦ ਗੁ: ਪ੍ਰ: ਸੂ: ਗ੍ਰੰਥ ਦੇ ਪ੍ਰਕਾਸ਼ਨ ਸਮੇਂ ਇਹ ਪੁਸਤਕ ਮਿਲੀ ਸੀ ਤਾਂ ਇਸ ਦੇ ਪਠਨ ਪਾਠਨ ਤੋਂ ਗੁ: ਪ੍ਰ: ਸੂ: ਗ੍ਰੰਥ ਦੀ ਰਚਨਾਂ ਨਾਲ ਟਾਕਰੇ ਤੋਂ ਇਹ ਪੁਸਤਕ ਬੜੀ ਲਾਭਦਾਇਕ ਸਹੀ ਹੋਈ ਸੀ ਤੇ ਇਹ ਚਾਹ ਤਦੋਂ ਹੀ ਹੋ ਆਈ ਸੀ ਕਿ ਕਵੀ ਸੰਤੋਖ ਸਿੰਘ ਜੀ ਦੇ ਮਹਾਨ ਗ੍ਰੰਥ ਛਪ ਜਾਣ ਪਿਛੋਂ ਸੂ: ਪ੍ਰ: ਦੇ ਇਸ ਦੁਰਲਭ ਸੋਮੇ ਨੂੰ ਬੀ ਛਾਪਕੇ ਸੁਲਭ ਕਰ ਦਿਤਾ ਜਾਏ। ਪਰ ਇਸ ਚਾਹ ਦੀ ਸਫਲਤਾ ਚਿਰ ਕਾਲ ਬਾਦ ਅਸੀਂ ਹੁਣ ਹੀ ਪ੍ਰਾਪਤ ਕਰ ਸਕੇ ਹਾਂ ਤੇ ਸਾਨੂੰ ਪੂਰਨ ਭਰੋਸਾ ਹੈ ਕਿ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਜਨਮ ਸਾਖੀਆਂ ਵਿਚੋਂ ਛੋਟੀਆਂ ਛੋਟੀਆਂ ਤੇ ਮਿਠੀ ਬੋਲੀ ਦੀਆਂ ਸਾਖੀਆਂ ਵਾਲੀ 'ਪੁਰਾਤਨ ਜਨਮ ਸਾਖੀ' ਦਾ ਖਾਸ ਦਰਜਾ ਹੈ, ਉਸੇ ਤਰ੍ਹਾਂ ਮਾਲਵੇ ਦੇ ਨੌਵੇਂ ਤੇ ਦਸਵੇਂ ਪਾਤਸ਼ਾਹ ਜੀ ਦੇ ਸਫਰਾਂ ਦੀਆਂ ਛੋਟੀਆਂ ਛੋਟੀਆਂ ਸਾਖੀਆਂ ਦੀ ਇਹ ਪੋਥੀ ਪਾਠਕਾਂ ਦੇ ਮਨਾਂ ਵਿਚ ਆਪਣੀ ਥਾਂ ਬਣਾ ਲਵੇਗੀ।

(ਅਕਤੂਬਰ 1950)

www.sikhbookclub.com

## ਸਾਖੀਆਂ ਦੀ ਸੂਚੀ


1. ਸੈਫਾ ਬਾਦ ਸ਼ਰਫਦੀਨ ਕੋਲ ........ 23
2. ਮੂਲੋਵਾਲ ਖੂਹ ਮਿੱਠਾ ਕੀਤਾ .......... 26
3. ਰਾਹ ਵਿਚ ਡੇਰਾ ........................ 27
4. ਜਵੰਧਿਆਂ ਦੇ ਸੇਖੇ ..................... 27
5. ਹਢਿਆਏ ਵਬਾ ਹਟਾਈ ............ 28
6. ਧੌਲੇ ਕੇ ਤੇ ਸੋਹੀਵਾਲ ................ 30
7. ਢਿੱਲਵੀਂ ਜੱਗ ਕੀਤਾ................... 30
8. ਡਿਖੀ ਡੇਰਾ ........................... 31
9. ਮਾਈਸਰ ਖਾਨੇ, ਪਧੇਹਰੀ............. 31
10. ਅਲੀਸ਼ੇਰ............................. 31
11. ਜੋਗੇ ਕੇ ਤੇ ਭੂਪਾਲੀ.................... 32
12. ਖੀਵੇ ਦੇ ਸੇਵਕ ਨੂੰ ਦੋ ਵਰਤਾਰੇ ..... 32
13. ਵਣ ਹੇਠ ਡੇਰਾ........................ 32
14. ਭਿੱਖੀ, ਦੇਸੂ ਨੂੰ ਬਖ਼ਸ਼ੀਸ਼ ............ 32
15. ਖਿਆਲੇ ਬ੍ਰਹਮਣ ਨੂੰ ਵਰ ............ 34
16. ਮੌੜਾਂ ਤੋਂ ਦੇਉ ਕੱਢਿਆ ............. 35
17. ਟਾਲ੍ਹਾ ਸਾਹਿਬ ਦੀ ਕਾਰ............. 36
18. ਤਲਵੰਡੀ ਡੇਰਾ, ਭਵਿਖਜਤ ਵਾਕ... 37
19. ਗੁਰੂਸਰ ਦਾ ਟੱਕ ..................... 38
20. ਦਮਦਮੇ ਬਾਰੇ ਭਵਿਖਤ ਵਾਕ ....... 38
21. ਬਠਿੰਡਾ ............................... 39
22. ਸੂਲੀਸਰ .............................. 39
23. ਬਰ੍ਹੇ ਚੁਮਾਸਾ ਰਹੇ ........................ 40
24. ਬਛੋਆਣੇ ..................................... 40
25. ਗੋਬਿੰਦਪੁਰੇ.................................... 41
26. ਗਾਗੇ ........................................... 41
27. ਗੁਰਨੇ ........................................ 41
28. ਮਕਰੋੜ........................................ 41
29. ਧਮਧਾਣ...................................... 42
30. ਭਾਈ ਫੇਰੂ ਨੂੰ ਵਰ ......................... 43
31. ਇਕਾਦਸ਼ੀ .................................... 43
32. ਬਾਂਗਰ ਦੇਸ਼ ਵਿਚ.......................... 44
33. ਦੱਗੋ ਮਸੰਦ ................................... 45
34. ਖਨੌਰ ......................................... 45
35. ਬਹਿਰ ਜੱਖ .................................. 45
36. ਕੈਥਲ......................................... 46
37. ਬਾਰਨੇ ........................................ 48
38. ਕਰਨ ਖੇੜੇ ................................... 39


**ਪਾਤਸ਼ਾਹੀ 10 ਦੇ ਸਫਰ—**


39. ਰਖਵਾਲਾ...................................... 50
40. ਭਾਈ ਭਗਤੇ ................................. 51
41. ਘੁੰਘਣੀਆਂ ਸਿੰਘ........................... 52
42. ਵਾਂਦਰ ........................................ 52

www.sikhbookclub.com




43. ਬਨਗਾੜੀ .................................. 53
44. ਬਹਿਬਲ ਤੇ ਸਰਾਵੀਂ ......................... 53
45. ਸਰਾਵੀਂ .................................. 53
46. ਕੋਟ ਕਪੂਰੇ ................................ 55
47. ਜੈਤੋ ..................................... 56
48. ਮਲੂਕਾ ਦੀਵਾਨਾ ............................ 57
49. ਸੁਨੀਅਰ, ਕਪੂਰਾ ........................... 57
50. ਰਾਮੇ ਆਣੇ ................................. 58
51. ਦਾਨ ਸਿੰਘ ਦੇ ਪੁਤ੍ਰ ਨੂੰ ਬਖਸ਼ਿਆ .. 59
52. ਖਾਨੇ ਪਾਣੀ ਵੇਚਿਆ ......................... 60
53. ਮੁਕਤਸਰ ਯੁੱਧ .............................. 61
54. ਮਾਈ ਭਾਗੋ ................................. 62
55. ਮੁਕਤਿਆਂ ਦੇ ਸਸਕਾਰ ....................... 63
56. ਚਿਰੰਜੀਵੀ ਤਾਰਿਆ.......................... 64
57. ਨੌਥੇਹੇ ਡੇਰਾ ................................ 65
58. ਡੋਗਰਾਂ ਨੂੰ ਬਖਸ਼ੀਸ਼ ........................ 65
59. ਰੋਹੀ ਵਿਚ ਬੇਰ ਹੇਠ ........................ 66
60. ਬਜੀਦ ਪੁਰ ਜ਼ਾਮਨੀ.......................... 66
61. ਫੇਰ ਆਏ ਮੁਕਤਸਰ ......................... 68
62. ਰੁਪਾਣੇ ਘੋਗੜ .............................. 68
63. ਥੇਹੜੀ ਹੁਕਮ ਨਾਥ........................... 69
64. ਭੂੰਦੜ ..................................... 70
65. ਕਾਲ ਝਿਰਾਣੀ .............................. 71
66. ਗੁਰੂ ਸਰ.................................... 71
67. ਛਤਿਆਣੇ, ਲਖੀ ਜੰਗਲ........................ 71
68. ਦਾਨ ਸਿੰਘ ਦੇ ਪਿੰਡ ......................... 74
69. ਗੁਪਤ ਸਰ, ਇਬ੍ਰਾਹੀਮ ਅਜਮੇਰ ਸਿੰਘ74
70. ਸਾਹਿਬ ਚੰਦ ਦੀ ਮਾਲ ਹੇਠ ਡੇਰਾ.. 75
71. ਭਾਈ ਦੇ ਕੋਟ ............................... 75
72. ਰੋਹਲੇ ..................................... 75
73. ਬਾਜਕ ..................................... 75
74. ਸੁਖੂ ਬੁਧੂ ਦੀਵਾਨੇ........................... 76
75. ਰੋਹੀ ਵਿਚ .................................. 77
76. ਜੱਸੀ, ਸ੍ਰੇਤਸਰ .............................. 77
77. ਪੱਕੇ ....................................... 78
78. ਦਮਦਮੇ ਡੱਲੇ ਪਾਸ .......................... 78
79. ਵੈਸਾਖੀ ਮੇਲਾ................................ 80
80. ਮਹੱਲਾ ਚੜ੍ਹਿਆ .............................. 82
81. ਇਕ ਪੁਤ੍ਰ ਮੰਗਦੀ ਨੂੰ........................... 81
82. ਕੰਘਾ ਕਰਕੇ ਸੁਚੇਤੀ.......................... 81
83. ਦਲਪਤ ਮੌੜਾਂ ਦਾ ........................... 82
84. ਭਾਈ ਕੇ ਚੱਕ ............................... 83
85. ਦਜਾਲ ਸਿੰਘ ਬਖਸ਼ਿਆ ...................... 84
86. ਬਠਿੰਡੇ ਡੇਰਾ ................................ 85
87. ਸਮੀਰ ਡੇਰਾ ................................ 87
88. ਤਲਵੰਡੀ ਸਾਬੋ .............................. 87
89. ਸੰਗਤ ਨੂੰ ਸ਼ਸਤ੍ਰਧਾਰੀ ਕੀਤਾ................ 88
90. ਕੜਾਹ ਲੁਟਾਇਆ ............................ 90
91. ਡਲੇ ਨੂੰ ਮੀਂਹ ਦਿਤਾ ......................... 90
92. ਮੂਲੇ ਦਾ ਪੁਨਰ ਜਨਮ ....................... 91
93. ਮਾਲਵੇ ਦਾ ਕਾਲ ............................ 91
94. ਝੂਲਣ ਸਿੰਘ ................................. 93
95. ਤਲਵੰਡੀ ਵਿਖੇ ਦਮਦਮਾ...................... 95
96. ਦਮਦਮੇ ਬਾਰੇ ਭਵਿਖਤ ...................... 95

www.sikhbookclub.com



97. ਟਾਲ੍ਹੀ ਹੇਠ ਦੁਧ ਛਕਿਆ ............ 96
98. ਕਬੀਰ ਸਮੇਂ ਬਾਦਸ਼ਾਹ ............... 96
99. ਧਰਤੀ ਨੂੰ ਚੁਕਣ ਵਾਲਾ ਕੌਣ ਹੈ ? . 97
100.ਪਰਾਯਾ ਹੱਕ ਨਹੀਂ ਮਾਰਨਾ .......... 98
101.ਲਿਖਣ ਸਰ ........................... 98
102.ਦਮਦਮੇ ਨਿਵਾਸ ਡੱਲੇ ਅੰਮ੍ਰਿਤ ਛਕਿਆ99
103.ਰਾਮ ਸਿੰਘ ਤਿਲੋਕ ਸਿੰਘ ਨੂੰ ਵਰ 102
104.ਵੰਗੇਹਰੀਆਂ ਨੂੰ ਬਖਸ਼ੀਸ਼ .......... 103
105.ਦੱਖਣ ਨੂੰ ਟੂਰੇ ........................ 104
106.ਡੇਰਾ ਕੇਵਲ .......................... 105
107.ਝੋਰੜ ਡੇਰਾ .......................... 105
108.ਝੰਡੇ ਡੇਰਾ ............................ 105
109.ਸਰਸੇ, ਡੱਲਾ ਨੱਸਿਆ ............... 105
110.ਨੌਹਰ ਡੇਰਾ .......................... 106
111.ਸੁਹੇਵੇ ਡੇਰਾ .......................... 107
112.ਮਧੂ ਸਿੰਘਾਣੇ ......................... 108
113.ਪੁਸ਼ਕਰ ਡੇਰਾ ......................... 108
114.ਡੇਰਾ ਚੂਰੂ ............................ 108
115.ਦਾਦੂ ਦੁਆਰੇ ......................... 108
116.ਲਾਲੀ ਡੇਰਾ ........................... 109
117.ਮਘਰੋਦੇ ............................... 109
118.ਕੁਲਾਇਤ ਡੇਰਾ ....................... 110
ਅੰਤਕਾ 1– ................................ 111
ਅੰਤਕਾ 2– ................................ 118

www.sikhbookclub.com

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੰਗਲ ਦੇਸ਼ ਫੇਰੀ

ਸ੍ਰੀ ਸਤਿਗੁਰੂ ਜੀ ਸਹਾਇ॥ ਗੁਰੂ ਤੇਗ ਬਹਾਦਰ ਸੰਸਾਰ ਸਾਗਰ ਕੇ ਤਾਰਬੇ ਕੋ ਰਮਤ ਕੀਆ। ਜੋ ਜੋ ਸਿਖ ਸਾਧੂ ਪ੍ਰੇਮੀ ਅਰਾਧਦੇ ਥੇ ਤਿਨਾਂ ਕੀ ਭਾਵਨੀ ਪੂਰੀ ਕਰਨੇ ਕੋ ਬਹਾਨਾ ਤੀਰਥਾਂ ਦਾ ਚਰਨ ਪਧਾਰੇ। ਸੈਫਾਬਾਦ ਆਨ ਉਤਰੇ ਬਾਗ ਬੀਚ।

## 1. ਸੈਫਾਬਾਦ ਸ਼ਰਫ ਦੀਨ ਕੋਲ[1]

[2]ਕੂਏ ਕੇ ਕਿਨਾਰੇ ਪੰਚਬਟੀ[3] ਕੇ ਸਮਾਨ ਅਸਥਾਨ ਦੇਖਾ, ਤਿਥੇ ਹੀ ਡੇਰਾ ਕੀਆ। ਤਿਸ ਕਸਬੇ ਕਾ ਮਾਲਕ ਸ਼ਰਫ ਦੀਨ ਥਾ। ਬੜਾ ਨੇਕ ਮਰਦ

---

1. ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਨੇ ਸਤਿਗੁਰੂ ਜੀ ਦੇ ਸੈਫਾਬਾਦ ਪਧਾਰਨ ਦੀ ਸਾਖੀ ਨੂੰ ਪਹਿਲੇ ਸਫਰ ਵਿਚ ਇਥੇ ਨਹੀਂ ਪਰ ਆਪ ਦੇ ਦਿੱਲੀ ਨੂੰ ਪਧਾਰਨ ਵੇਲੇ ਦੇ ਅੰਤਲੇ ਸਫਰ ਵਿਚ ਰਖਿਆ ਹੈ, ਦੇਖੋ ਗੁ: ਪ੍ਰ: ਸੂ: ਰਾਸ ੧੨ ਅੱਸੂ ੩੦।
2. ਸਰ: ਅਤਰ ਸਿੰਘ ਜੀ ਦੇ ਲਿਖਤੀ ਨੁਸਖੇ ਵਿਚ ਏਥੇ ਦੋ ਚੌਪਈਆਂ ਹਨ ਜਿਨ੍ਹਾਂ ਦਾ ਪਾਠ ਇਹ ਹੈ:-

ਚੌਪਈ— ਤੇਗ ਬਹਾਦਰ ਗੁਰ ਪ੍ਰਤਿਪਾਰਨ। ਚਲੋ ਬਜਾਜ ਤੀਰਥ ਸਿਖ ਤਾਰਨ।
ਚਲਿਕੈ ਸੈਫਾਬਾਦ ਮੇ ਆਏ। ਆਸਨ ਕੂਪ ਨਜੀਕ ਲਗਾਏ॥੧॥
ਪੰਚਬਟੀ ਸਮ ਠੋਰ ਹੈ ਸੋਈ। ਤਿਸ ਕਸਬੇ ਕਾ ਮਾਲਕ ਜੋਈ॥
ਸ਼ਰਫ ਦੀਨ ਦਿਲ ਸਾਫੀ ਵਾਲਾ। ਨੇਕ-ਬਖਤ ਗੁਰ ਚਹਤ ਰਵਾਲਾ॥੨॥

3. ਗੋਦਾਵਰੀ ਕੰਢੇ ਇਕ ਰਮਣੀਕ ਟਿਕਾਣਾ ਜਿਥੇ ਸ੍ਰੀ ਰਾਮਚੰਦ੍ਰ ਜੀ ਬਨਬਾਸ ਸਮੇਂ ਰਹੇ ਸਨ। ਭਾਵ ਰਮਣੀਕਤਾ ਤੋਂ ਹੈ।

www.sikhbookclub.com



ਹੈਸੀ, ਦਿਲ ਕਾ ਸਾਫ ਹੈਸੀ। ਤਿਸ ਨੇ ਭੀ ਸੁਨਿਆ ਜੋ ਤੇਗ ਬਹਾਦਰ ਸਾਹਿਬ ਬਾਗ ਬੀਚ ਉਤਰੇ ਹੈਨਿ। ਬਡਾ ਖੁਸ ਹੋਆ, ਬਾਗੋ[1] ਬੀਚ ਮਾਵੇ ਨਹੀਂ। ਉਸੀ ਵਖਤ ਲੈ ਕਰਕੇ ਮੇਵਿਓਂ ਕੀ ਡਾਲੀਆਂ, ਲੰਗਰ ਨੂੰ ਰਸਤ ਮੰਗਵਾਇ, ਆਪ ਗੁਰੂ ਜੀ ਨੂੰ ਆਇ ਮਥਾ ਟੇਕਿਆ। ਕਹਿਣ ਲਗਾ: 'ਗੁਰੂ ਜੀ! ਅਜ ਮੇਰਾ ਜਨਮੁ ਸਫਲ ਹੂਆ।' ਗੁਰੂ ਜੀ ਬਚਨ ਕੀਆ: 'ਤੁਸਾਂ ਸਾਹਿਬ ਕੋ ਚਿਤ ਕੀਤਾ ਹੈ। ਤੁਸਾਡੇ ਇਕੀ ਕੁਲਾਂ ਦਾ ਜਨਮ ਸਫਲਾ ਕੀਆ'। ਫੇਰ ਸ਼ਰਫ ਦੀਨ ਕਹਾ: 'ਗਰੀਬ ਨਿਵਾਜ ਜੀ ਡੇਰਾ ਅੰਦਰ ਕਰੀਏ।' ਗੁਰੂ ਜੀ ਬਚਨ ਕੀਆ: 'ਡੇਰਾ ਇਸੀ ਜਾਗਾ ਬਹੁਤ ਬੇਸ਼[2] ਹੈ।' ਸ਼ਰਫ ਦੀਨ ਕਹਾ: 'ਭਲਾ ਗੁਰੂ ਜੀ! ਭਲਾ,'

ਟਹਿਲ ਸੇਵਾ ਨੂੰ ਆਪਣੇ ਮਨੁਖ ਸਪੁਰਦ ਕੀਏ। ਆਪ ਅੰਦਰ ਆਇਆ। ਆਇਕੇ ਗੁਰੂ ਜੀ ਕੇ ਨਮਿਤ ਅਸਥਾਨੁ ਬਣਾਉਣੇ ਲਗਾ। ਕਿਤਨੇ ਦਿਨ ਮੈਂ ਅਸਥਾਨ ਤਈਆਰ ਹੋਆ। ਵਡਾ ਉਜਲ ਅਸਥਾਨ ਬਣਿਆ। ਮਾਤਾ ਜੀ ਕੇ ਰਹਿਣੇ ਕੀ ਜਾਗਾ ਬੀ ਬਣਾਈ। ਫੇਰ ਸਰਫ ਦੀਨ ਗੁਰੂ ਜੀ ਪਾਸਿ ਮਥਾ ਆਨਿ ਟੇਕਿਆ। ਗੁਰੂ ਜੀ ਵਡੀ ਖੁਸੀ ਕੀਤੀ: 'ਆਉ ਸਰਫ ਦੀਨ ਬੈਠੋ।' ਸਰਫ ਦੀਨ ਕਹਾ: 'ਗੁਰੂ ਜੀ ਏਹਿ ਬਾਗ ਵਡੇ ਭਾਗ ਵਾਲਾ ਹੋਆ'। ਬਚਨ ਕਹਾ: 'ਗੁਰੂ ਜੀ! ਆਪ ਅੰਦਰ ਚਰਨ ਪਾਵੋ, ਧਾਮ ਪਵਿਤ੍ਰ ਕਰੋ।' ਗੁਰੂ ਜੀ ਤਿਸ ਕਾ ਪ੍ਰੇਮ ਦੇਖਕੇ ਚੜੇ ਘੋੜੇ ਪਰ, ਸਰਫ ਦੀਨ ਨੇ ਰਕਾਬ ਲਈ। ਮਾਤਾ ਜੀ ਡੋਲੇ ਬੀਚ ਬੈਠੇ। ਸਰਫ ਦੀਨ ਪੈਰੀ ਚਲਿਆ ਗੁਰੂ ਜੀ ਕੇ ਪੀਛੇ ਪੀਛੇ। ਦਰਵਾਜੇ ਵੜਦਿਆਂ ਗੁਰੂ ਜੀ ਨੇ ਮਹਿਜਤ[3] ਦੇਖੀ। ਤੌ ਸਰਫ ਦੀਨ ਕਹਾ: 'ਗੁਰੂ ਜੀ ਆਪ ਕਾ ਅਸਥਾਨ ਆਗੇ ਹੈ। ਏਹ ਖੁਦਾ ਕਾ ਘਰ ਹੈ ਜੀ।'

ਗੁਰੂ ਜੀ ਅੰਦਰ ਆਨ ਬੈਠੇ। ਸਰਫ ਦੀਨ ਮੁਹਰਾਂ ਭੇਟਾ ਆਨਿ ਧਰੀਆਂ, ਪੋਸ਼ਾਕ ਰਖੀ, ਮਥਾ ਟੇਕਿਆ। ਤਿਸਕੀ ਸਮਾਣੀ[4] ਨੇ ਮਾਤਾ ਗੁਜਰੀ ਜੀ ਕੋ ਮਥਾ ਟੇਕਿਆ, ਭੂਖਨ ਬਸਤ੍ਰ ਦੀਏ ਅਨਿਕ ਪ੍ਰਕਾਰ ਕੇ। ਗੁਰੂ ਜੀ ਸਰਫ ਦੀਨ ਕੋ ਕਹਾ: 'ਤੁਸਾਂ ਕਜਾ ਜਾਣਕੇ ਜਾਗਾ ਬਣਾਈ ਹੈ?' ਤਿਨ੍ਹ ਭਾਖਿਆ:

---

1. ਜਾਮੇ, ਪੁਸ਼ਾਕੇ ਵਿਚ। 2. ਚੰਗਾ, ਠੀਕ। [ਫਾ: ਬੇਸ਼=ਵਧੀਆ]
3. ਮਸੀਤ। 4. ਸੁਆਣੀ। ਇਸਤ੍ਰੀ।

www.sikhbookclub.com



'ਜੀ ਮੈਂ ਅਸਪ[1] ਅਸਵਾਰ ਹੂਆ ਚਲਿਆ ਜਾਤਾ ਥਾ ਜੀ, ਏਥੇ ਇਕ ਭੇਡ ਤੁਰਤ ਕੀ ਪ੍ਰਸੂਤੀ, ਤਿਸਨੋ ਦੋਇ ਬਘਿਆੜ ਪਏ ਮਾਰਨ, ਤਿਸ ਮਾਰ ਨਾ ਖਾਧੀ; ਹਾਰਿਕੇ ਛਡ ਗਏ। ਮੈਂ ਇਸ ਕਰਕੇ ਸਰਾਇ[2] ਪਾਹੀ ਜੋ ਅਜੀਤ ਜਾਗਾ ਜਾਣਕੇ ਗੁਰੂ ਜੀ!' ਗੁਰੂ ਜੀ ਬਚਨ ਕੀਤਾ: 'ਸਰਫ ਦੀਨ! ਦਿਵਾਲ ਕਾ ਉਸਾਰ ਛੋਟਾ ਹੈ।' ਤਿਨ ਭਾਖਿਆ: 'ਗੁਰੂ ਜੀ! ਆਪ ਵਡਾ ਕਰੋ!' ਬਚਨ ਹੋਆ: 'ਸਾਡਾ ਸਿੰਘ ਹੋਵੈਗਾ ਕਰਮ ਸਿੰਘ ਨਾਮ, ਓਹੁ ਵਡਾ ਕਰੇਗਾ, ਸਾਡਾ ਹੀ ਨਾਉਂ ਰਖੇਗਾ, ਅੰਦਰ ਬੀ ਸਾਡਾ ਅਸਥਾਨ ਬਣਾਵੇਗਾ ਤੇ ਬਾਹਰ ਭੀ ਬਣਾਵੇਗਾ।'

ਗੁਰੂ ਜੀ ਫੇਰ ਬਾਗ ਬੀਚ ਉਸੀ ਜਾਗਾ ਬਾਹਰ ਆਨਿ ਉਤਰੇ। ਮਾਤਾ ਜੀ ਅੰਦਰ ਰਹੇ। ਸਾਥ ਮਾਤਾ ਜੀ ਕਾ ਭਾਈ ਰਹਿਆ ਭਾਈ ਕ੍ਰਿਪਾਲ; ਹੋਰ ਸਿਖ ਰਹੇ ਮਾਤਾ ਜੀ ਕੀ ਸੇਵਾ ਨੂੰ ਬਹੁਤ ਜੀ।

ਏਕ ਦਿਨ ਸਰਫ ਦੀਨ ਦਰਸਨ ਨੂੰ ਆਇਆ। ਆਨਿ ਮਥਾ ਟੇਕਿਆ। ਗੁਰੂ ਜੀ ਬਚਨ ਕੀਤਾ: 'ਚਤੁਰ ਮਾਸਾ[3] ਪੂਰਾ ਹੋਇਆ, ਕੂਚ ਕਰਾਂਗੇ।' ਤਿਨ ਭਾਖਿਆ: 'ਆਪ ਕੇ ਰਹਿਣੇ ਕਰ ਮੈਨੂੰ ਵਡਾ ਅਨੰਦ ਸੀ।' ਗੁਰੂ ਜੀ ਬਚਨ ਕੀਤਾ: 'ਸਾਹਿਬ ਨੂੰ ਹਰਦਮ ਯਾਦ ਰਖਣਾ, ਸਾਧ ਫਕੀਰ ਕੀ ਸੇਵਾ ਬੰਦਗੀ ਕਰਨੀ; ਮਨ ਨੀਵਾਂ ਰਖਣਾਂ, ਤੁਸਾਨੂੰ ਸਦਾ ਹੀ ਅਨੰਦ ਰਹੇਗਾ।'

ਉਸੀ ਦਿਨ ਤੇ ਚਿਪੀ ਪਿਆਲਾ ਰਖੇ, ਗਿਰਿਸਤ ਵਿਚ ਹੀ ਫਕੀਰੀ ਕਰੇ। ਗੁਰੂ ਜੀ ਕੋ ਲੰਗਰ ਕੇ ਭਾਂਡੇ ਦੀਏ। ਤੰਬੂ ਛਾਇਆਵਾਨ ਦੀਆ। ਭਾਰ ਬਰਦਾਰੀ ਕੋ ਸ਼ੁਤਰ[4] ਦੀਏ। ਅਸਵਾਰੀ ਕੋ ਵਡਾ ਉਮਦਾ ਘੋੜਾ ਦੀਆ। ਮਾਤਾ ਜੀ ਕੀ ਅਸੁਵਾਰੀ ਕੋ ਰਥੁ ਦੀਆ। ਹਾਥ ਜੋੜ ਬੇਨਤੀ ਕਰੀ:

---

1. ਘੋੜੇ ਤੇ।
2. ਮੁਰਾਦ ਸੈਫਾ ਬਾਦ ਦੀ ਵਸੋਂ ਤੇ ਸਰਫ ਦੀਨ ਦੀ ਆਪਣੀ ਸ਼ਾਨਦਾਰ ਰਿਹੈਸ਼ ਦਾ ਹੈ ਜੋ ਇਕ ਕਿਲੇ ਦੀ ਸ਼ਕਲ ਦੀ ਸੀ। ਇਹੋ ਥਾਂ ਹੈ ਜੋ ਪਿਛੋਂ ਮਹਾਰਾਜਾ ਪਟਿਆਲਾ ਦੇ ਵਡਿਆਂ ਨੇ ਸ਼ਰਫ ਦੀਨ ਦੀ ਸੰਤਾਨ ਨੂੰ ਜਗੀਰ ਦੇ ਕੇ ਲੈ ਲਈ ਤੇ ਪੱਕਾ ਕਿਲਾ ਬਣਾਇਆ ਜਿਸ ਦਾ ਨਾਮ 'ਬਹਾਦਰ ਗੜ' ਰਖਿਆ। ਮਹਾਨ ਕੋਸ਼ ਲਿਖਦਾ ਹੈ ਕਿ 1831 ਬਿ: ਵਿਚ ਮਹਾਰਾਜਾ ਅਮਰ ਸਿੰਘ ਨੇ ਸ਼ਰਫ ਦੀਨ ਦੀ ਸੰਤਾਨ ਤੋਂ ਲੈਕੇ ਪੱਕਾ ਕਿਲ੍ਹਾ ਬਨਾਯਾ।
3. ਚੁਮਾਂਸਾ= ਬਰਸਾਤ ਦੇ ਦਿਨ, ਹਾੜ ਤੋਂ ਅੱਧ ਅੱਧ ਕਤਕ ਤੱਕ।
4. ਊਠ।

www.sikhbookclub.com



'ਜੀ ਗਰੀਬ ਨਿਵਾਜ ਜੀ! ਆਪਕੀ ਅਸਵਾਰੀ ਕੀ ਹਮਾਰੇ ਕੋ ਜਾਹਰੀ ਹੋਵੈ[1]।' ਗੁਰੂ ਜੀ ਕਹਿਆ: 'ਸਰਫ ਦੀਨ! ਜੰਗਲ[2] ਦੇਸ ਮੈਂ ਹਮਾਰੀ ਗੁਪਤਿ ਕਾਂਸੀ ਹੈ, ਊਹਾਂ ਜਾ ਕਰ ਤਿਸ ਨੂੰ ਪ੍ਰਗਟ ਕਰਾਂਗੇ।' ਸਰਫ ਦੀਨ ਕਹਾ: 'ਗਰੀਬ ਨਿਵਾਜ ਜੀ ਫੇਰ ਦਰਸ਼ਨ ਦੇਣਾ ਜੀ'। ਗੁਰੂ ਜੀ ਕਹਾ: 'ਦੇਵਾਂਗੇ ਏਕ ਬੇਰ।' ਤਿਸ ਨੂੰ ਦਿਲਾਸਾ ਦੇਕੇ ਆਪ ਅਸਵਾਰ ਹੋਏ। ਤਿਸ ਨੇ ਰਕਾਬ ਪਕੜੀ। ਕੂਚ ਹੋਏ ਲੰਗ[3] ਕੀ ਤਰਫ॥੧॥

## 2. ਮੂਲੋਵਾਲ[4] ਖੂਹ ਮਿੱਠਾ ਕੀਤਾ

ਸ੍ਰੀ ਸਤਿਗੁਰੂ ਜੀ ਸਹਾਇ॥ ਬਾਬਾ ਗੁਰਦਿਤਾ॥
ਦੀਨ ਦੁਨੀ ਦਾ ਟਿਕਾ॥ ਜੀਉ ਪਿੰਡ ਜਿਨ ਦਿਤਾ॥
ਐਸਾ ਗੁਰ ਸਿਵਰੋ ਨਿਤ ਨਿਤਾ॥

ਆਗੇ ਡੇਰਾ ਕੂਚ ਕਰੀ ਜਾਂਦੇ ਥੇ, ਮੂਲੋਵਾਲ[5] ਕੇ ਕੂਏ ਪਰ ਜਾ ਖੜੇ ਹੋਏ। ਬਚਨ ਹੋਇਆ: 'ਜਲ ਲਿਆਵੋ ਛਕਣ ਨੂੰ।' ਓਥੇ ਜਿਮੀਦਾਰ ਬੈਠੇ ਸਨ, ਕਹਿੰਦੇ: 'ਇਸਕਾ ਜਲ ਖਾਰਾ ਹੈ ਜੀ। ਖੂਹ ਉਤੇ ਮੋੜ੍ਹੇ ਦਿਤੇ ਹੋਏ ਹਨਿ।' ਗੁਰੂ ਜੀ ਨੇ ਕਹਿਆ: 'ਮੋੜ੍ਹੇ ਉਤੋਂ ਲਾਹਿਕੇ ਲਿਆਵੋ ਜਲੁ।' ਸਿਖਾਂ ਨੇ ਖੂਹ ਉਤੋਂ ਮੋੜ੍ਹੇ ਲਾਹ ਕੇ ਆਂਦਾ ਜਲ। ਗੁਰੂ ਜੀ ਨੇ ਚੁਲਾ ਕੀਤਾ, ਮੂਹ ਧੋਤਾ। ਬਚਨ ਕੀਤਾ: 'ਜਲ ਤਾਂ ਮਿਠਾ ਹੈ।' ਜਲ ਮਿਠਾ ਹੋਇਆ। ਏਹਿ ਬਾਰਤਾ ਜਾਹਰ ਹੈ। ਗੁਰੂ ਜੀ ਨੇ ਕਹਿਆ: 'ਏਥੇ ਨੌ ਖੂਹ ਲਗਨਗੇ।' ਜੇ ਤਾਂ ਜ਼ਿਮੀਂਦਾਰ ਹੋਰ ਖੂਹ ਲਾਉਂਦੇ ਹਨ ਤਾਂ ਇਕ ਖੂਹ ਨਿਘਰ ਜਾਂਦਾ ਹੈ ਦਸਮਾਂ[6]।

---

1. ਭਾਵ ਪ੍ਰਗਟ ਕਰੋ ਕਿ ਫੇਰ ਕਦ ਦਰਸ਼ਨ ਦਿਓਗੇ? 2. ਮਾਲਵਾ।
3. ਪਟਿਆਲੇ ਤੋਂ 7 ਮੀਲ ਉੱਤਰ ਵਲ ਹੈ ਤੇ ਇਸ ਦੇ ਲਹਿੰਦੇ ਵਲ ਨੇੜੇ ਹੀ ਗੁਰੂ ਜੀ ਦਾ ਯਾਦਗਾਰੀ ਗੁਰਦੁਆਰਾ ਹੈ।
4. ਇਹ ਸਾਖੀ ਗੁ: ਪ੍ਰ: ਸੂਰਜ ਗ੍ਰੰਥ ਦੇ ਕਰਤਾ ਨੇ ਰਾਸ ੧੧ ਅੰਸੂ ੩੪ ਵਿਚ ਦਿਤੀ ਹੈ।
5. ਇਹ ਨਗਰ ਪਟਿਆਲੇ ਵਿਚ 'ਅਲਾਲ' ਸਟੇਸ਼ਨ ਤੋਂ ਇਕ ਮੀਲ ਦਖਣ ਵੱਲ ਹੈ, ਓਥੇ ਗੁਰਦੁਆਰਾ ਵਿਦਮਾਨ ਹੈ।
6. ਸੂ: ਪ੍ਰ: ਵਿਚ ਦਸਿਆ ਹੈ ਕਿ ਸਤਿਗੁਰਾਂ ਨੇ ਕਿਹਾ, ਇਕ ਖੂਹ ਇਹ ਤੇ ਨੌ ਹੋਰ ਲਗਣਗੇ, ਸਾਰੇ ਦਸ ਰਹਿਣਗੇ, ਗਿਆਰ੍ਹਵਾਂ ਨਹੀਂ ਲਗ ਸਕੇਗਾ।

www.sikhbookclub.com



ਗੁਰੂ ਜੀ ਨੇ ਡੇਰਾ ਲਹਿੰਦੇ ਵਲ ਆਨਿ ਕੀਤਾ। ਜਿਮੀਂਦਾਰਾਂ ਨੂੰ ਕਹਿਆ: 'ਤੁਸਾਂ ਕੇ ਕੈ ਥਾਉਂ ਹਨਿ ਸੋਟੀ ਫੜਨ ਵਾਲੇ ? ਪਗਾਂ ਪੈਨ੍ਹਾਈਏ।' ਗੋਇੰਦੇ ਚੌਧਰੀ ਕਹਿਆ: 'ਥਾਉਂ ਤਾਂ ਸਾਡੇ ਸਤਿ ਹਨਿ, ਸੋਟੀ ਫੜਨਿ ਵਾਲਾ ਤਾਂ ਮੈਂ ਹੀ ਹਾਂ।' ਗੁਰੂ ਜੀ ਬਚਨ ਕੀਤਾ; 'ਅਸੀਂ ਸਤਾਂ ਹੀ ਨੂੰ ਪਹਿਰਾਵਾਂਗੇ ਪੱਗਾਂ।'

ਤਿਸ ਨਗਰੀ ਨੇ ਟਹਿਲ ਸੇਵਾ ਕੀਤੀ। ਗੁਰੂ ਜੀ ਖੁਸੀ ਕਰੀ। ਨੌ ਦਿਨ ਡੇਰਾ ਕੀਤਾ ਤਿਥੇ॥੨॥

## ੩. ਰਾਹ ਵਿਚ ਡੇਰਾ

ਅਗੇ ਗੁਰੂ ਜੀ ਚਲੇ ਜਾਂਦੇ ਥੇ, ਰਸਤੇ ਬੀਚ ਘੋੜੇ ਨੂੰ ਸੂਲ ਹੋਇਆ, ਤਿਥੇ ਉਤਰ ਬੈਠੇ। ਓਥੇ ਬੀ ਗੁਰੂ ਕਾ ਅਸਥਾਨ ਬਣਿਆ ਹੈ॥੩॥

## 4. ਜਵੰਧਿਆਂ ਦੇ ਸੇਖੇ[1]

ਅਗੇ ਡੇਰਾ ਗੁਰੂ ਜੀ ਨੇ ਸੇਖੇ[2] ਕੀਤਾ। ਓਥੇ ਜੀਵੰਧਿਆਂ ਕੇ ਬਾਈ ਪਿੰਡ ਸਨਿ ਬਸਦੇ। ਮਟਿ ਪਾਸ ਆਨਿ ਉਤਰੇ। ਬਾਹੀਏ ਕਾ ਸਰਦਾਰ ਸੀ, ਓਸ ਦਾ ਨਾਉ ਥੀ ਤਲੋਕਾ, ਤਿਸ ਕੀ ਬੇਟੀ ਦਾ ਬੀਵਾਹ ਸੀ। ਓਸ ਬਾਈ ਦਿਨ ਜੰਵ ਰਖੀ ਤੇ ਗੁਰੂ ਜੀ ਕੀ ਟਹਿਲ ਸੇਵਾ ਕੁਛ ਨਾ ਕੀਤੀ। ਦੂਰਗੂ ਹਰੀ ਕਾ ਤਿਸ ਨੇ ਸੇਵਾ ਕਰੀ ਸਭ ਕਾਸੇ ਕੀ, ਤਿਸ ਨੂੰ ਖੁਸੀ ਕੀਤੀ। ਜੀਵੰਧਿਆਂ ਉਤੇ ਕੋਪ ਹੋਏ।

ਕੋਈ ਸਿਖ ਕਹਿੰਦੇ ਹਨ: ਗੁਰੂ ਦਸਮੇ ਪਾਤਸਾਹ ਨਾਲ ਸਨਿ। ਕਿਸੇ ਨੇ ਕਹਿਆ: 'ਏਹ ਬਾਹੀਏ ਕਾ ਟਿੱਕਾ ਹੈ ਚਲਿਆ ਜਾਂਦਾ ਚਾਂਦੀ ਕੀਆਂ ਖੜਾਮਾਂ ਵਾਲਾ।' ਗੁਰੂ ਜੀ ਬਚਨ ਕੀਤਾ: 'ਏਸ ਦਾ ਕੀ ਨਾਉਂ ਹੈ ?' ਓਸ ਕਹਿਆ: 'ਏਸ ਕਾ ਨਾਉ ਤਲੋਕਾ ਹੈ ਜੀ।' ਗੁਰੂ ਜੀ ਕਹਿੰਦੇ: 'ਇਹੁ ਤਾਂ ਅਕਲ ਕਾ ਅੰਧਾ ਹੈ।' ਓਸ ਆਖਿਆ: 'ਜੀ ! ਏਹੁ ਤਾਂ ਬਾਹੀਏ ਕਾ ਸਰਦਾਰ

---

1. ਇਹ ਸਾਖੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੧੧ ਅੰਸੂ ੩੪ ਵਿਚ ਕਵੀ ਸੰਤੋਖ ਸਿੰਘ ਜੀ ਨੇ ਦਿੱਤੀ ਹੈ।
2. ਇਹ ਟਿਕਾਣਾ ਮੂਲੋਵਾਲ ਤੋਂ ਪੰਜ ਕੋਹ ਪੱਛਮ ਵਲ ਹੈ। ਯਾਦਗਾਰ ਗੁਰਦੁਆਰੇ ਇਥੇ ਦੋ ਸੁਣੀਂਦੇ ਹਨ।

www.sikhbookclub.com



ਹੈ।' ਗੁਰੂ ਜੀ ਹਥ ਉਤੇ ਹਥ ਮਾਰਕੇ ਕਹਿਆ: 'ਬਾਹੀਆ ਨਾ ਤੇਹੀਆ' ਤਿੰਨ ਵਾਰੀ।

ਮਾਧੋ ਦਾਸ ਬੈਰਾਗੀ ਕੇ ਸੇਵਕ ਸਨ ਜਿਵੰਧੇ। ਓਥੇ ਜੀਵੰਧਿਆਂ ਕਾ ਜਮਾਈ[1] ਸੀ ਵਸਦਾ। ਓਸ ਨੇ ਬੀ ਗੁਰੂ ਕੀ ਟਹਿਲ ਕੀਤੀ ਹੈਸੀ। ਗੁਰੂ ਜੀ ਕਹਿਆ: 'ਸਿਖਾ! ਤੈਂ ਗੁਰੂ ਕੀ ਟਹਿਲ ਕੀਤੀ ਹੈ, ਐਥੋਂ ਉਠਕੇ ਆਪਣੇ ਪਿੰਡ ਦੁਆਬੇ ਜਾਇ ਬਸੁ। ਜਿਵੰਧਿਆਂ ਨਾਲਿ ਸੈਦ ਪੁਰ ਵਾਲੀ ਹੋਵੈਗੀ[2]।' ਓਹੁ ਸਿਖ ਆਪਣੇ ਟਬਰ ਸਮੇਤ ਹੀ ਉਠ ਗਇਆ ਦੁਆਬੇ॥੪॥

## 5. ਹਢਿਆਏ ਵਬਾ ਹਟਾਈ

ਗੁਰੂ ਕਾ ਡੇਰਾ ਅਗੇ ਕੂਚ ਹੋਇਆ ਓਥੋਂ ਹਢਿਆਏ ਨੂੰ। ਪਿਛੇ ਤੇ ਜਿਵੰਧਿਆਂ ਨੂੰ ਖ਼ਬਰ ਹੋਈ, ਰਸਤੇ ਵਿਚ ਆਨਿ ਮਿਲੇ: 'ਜੀ ਗਰੀਬ ਨਵਾਜ। ਬਖਸ਼ੀਏ ਜੀ! ਅਸੀਂ ਭੁਲੇ ਹਾਂ ਜੀ।' ਗੁਰੂ ਜੀ ਬਚਨ ਕੀਤਾ: 'ਥੇਹੁ ਤੁਸਾਡਾ ਬਸਦਾ ਨਹੀਂ, ਹੋਰ ਜਿਥੇ ਬਸੋਗੇ ਸਿਰ ਉਘਾੜ ਬਸੋਗੇ। ਗੁਜਰਾਨ ਹੋਰਨਾਂ ਨਾਲੋ ਸਿਰੇ ਹੋਊਗੀ।'

ਗੁਰੂ ਜੀ ਹਢਿਆਏ ਆਨਿ ਉਤਰੇ ਟਾਲ੍ਹੀਆਂ ਕੀ ਝੰਗੀ ਹੇਠਿ। ਓਥੇ ਇਕ ਨਗਰੀ ਕੇ ਜਿਵੰਧੇ ਕੁੰਭੜਿਵਾਲ ਕੇ ਦਹੀ ਦੁਧ ਰਸਤ ਲੈ ਕੇ ਆਨਿ ਮਿਲੇ। ਗੁਰੂ ਜੀ ਨੇ ਉਨ੍ਹਾਂ ਉਤੇ ਖੁਸੀ ਕੀਤੀ: 'ਤੁਮਾਰੀ ਨਗਰੀ ਵਸਦੀ ਰਹੇਗੀ।'

ਮਗਰ ਤੇ ਈਸੇ ਖ਼ਾਂ ਕੀਆਂ ਫੌਜਾਂ ਨੇ ਜੀਵੰਧੇ ਮਾਰੇ ਲੁਟੇ। ਕੁੰਭੜਿਵਾਲ ਘੋੜਾ ਲੈਕੇ ਮਿਲਿਆ ਈਸੇ ਖ਼ਾਂ ਨੂੰ; ਬਸਦੇ ਰਹੇ; ਗੁਰੂ ਕਾ ਬਚਨ ਹੋਇਆ ਸੀ। ਫੇਰ ਸੇਖੇ ਮਟ ਵਾਲੀ ਜਾਗਾ ਤੇ ਕੋਸਭਰ ਉਗਣ[3] ਕੀ ਵਲ ਨਗਰੀ ਵਸੀ।

---

1. ਜੁਆਈ।
2. ਇਹ ਸ੍ਰਾਪ ਨਹੀਂ, ਅਗੰਮ ਵਾਚਣਾ ਹੈ। ਕਿਉਂਕਿ ਅਗਲੀ ਸਾਖੀ ਦੇ ਆਰੰਭ ਵਿਚ ਜ਼ਿਕਰ ਹੈ ਕਿ ਜੀਵੰਧੇ ਬਖਸ਼ਾਉਣ ਹਿਤ ਪੁਜੇ ਹਨ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਹੋਰ ਥੇ ਜਾ ਵਸਣ ਲਈ ਕਿਹਾ ਤੇ ਓਥੇ ਦੀ ਵਸੋਂ ਵਿਚ ਸਰਫਰਾਜ਼ੀ ਬਖਸ਼ੀ। ਗੁ:ਪ੍ਰ: ਸੂਰਜ ਗ੍ਰੰਥ ਵਿਚ ਇਥੇ ਦਸਿਆ ਹੈ ਕਿ ਇਹ ਨਗਰ ਉਜੜ ਗਿਆ ਸੀ ਤੇ ਲੋਕੀ ਮੇਰਠ ਕੋਲ ਜਾਕੇ ਵਸੇ ਸਨ। ਉਸ ਪਿੰਡ ਦਾ ਨਾਮ 'ਜਵੰਧਿਆਂ ਕਾ ਜਟਵਾੜਾ' ਹੈ। ਪਰ ਇਹ ਸੇਖਾ ਬੀ ਮਗਰੋਂ ਫਿਰ ਆਬਾਦ ਹੋਇਆ।
3. ਪੂਰਬ

www.sikhbookclub.com



ਜੋਗਾ ਸਿੰਘ ਹਰੀ ਕੇ ਨੇ ਕਹਿਆ: 'ਮੂਲੋ ਵਾਲ ਗੁਰੂ ਕੇ ਉਤਰੇ ਸਨ, ਜਾਗਾ ਕਾ ਥਹੁ ਨਹੀਂ।' ਜਾਇ ਕੇ ਮੂਲੋਵਾਲ ਕੇ ਜਿਮੀਦਾਰ ਪੁਛੇ ਥੇ: 'ਗੁਰੂ ਕੇ ਕਿਥੇ ਉਤਰੇ ਸਨ?' ਓਦੋਂ ਦਾ ਇਕੁ ਚਮਿਆਰੁ ਸੀ, ਓਸ ਨੇ ਜਾਗਾ ਦੱਸੀ: 'ਗੁਰੂ ਜੀ ਵਡੇ ਐਤਿ ਕਰੀਰ ਹੇਠਿ ਸੀ ਪਲੰਘ ਡਾਹਿਆ।' ਓਸ ਜੋਗਾ ਸਿੰਘ ਨੇ ਮੰਜੀ ਬਣਾਈ, ਹਮੇਸਾਂ ਮੱਥਾ ਟੇਕਣਿ ਜਾਵੇ। ਫੇਰ ਪਠਾਣਾਂ ਨਾਲ ਵੈਰੁ ਲਗ ਪਇਆ। ਓਸ ਕਾ ਨੇਮ ਸੀ ਮਥਾ ਟੇਕਣਿ ਕਾ। ਸੇਖੇ ਉਨਾਂ ਦੀ ਸਰਦਾਰੀ ਹੈ। ਓਸਦੀ ਉਲਾਦ ਬਸਦੀਹੇ ਹੁਣ ਤੀਕੁ। ਪਿੰਡੋਂ ਚੜਦੇ ਵਲ ਮੰਜੀ ਬਣਾਈ।

ਹਢਿਆਏ ਭੀ ਗੁਰੂ ਜੀ ਕੀ ਟਹਲ ਨਾਂ ਕੀਤੀ ਜੱਟਾਂ ਨੇ। ਗੁਰੂ ਜੀ ਗੁਸੇ ਹੋਏ। ਕੋਈ ਜਟ ਗੁਰੂ ਕੇ ਰਥਵਾਨ ਨੂੰ ਬੈਲ ਚਾਰਦੇ ਨੂੰ ਕਹਿੰਦਾ: 'ਸਾਡੇ ਕੱਖ ਰਖੇ ਹੋਏ ਹਨ'; ਗਲ ਵਿਚ ਕਪੜਾ ਪਾਇਕੈ ਘਸੀਟਿਆ। ਓਸ ਨੇ ਕਹਿਆ ਜੀ ਜਟਾਂ ਨੇ ਮੈਨੂੰ ਘਸੀਟਿਆ। ਲਗੇ ਲੋਕ ਮਰਣ ਗਲ ਸੁਜ ਜਾਇ ਜਟੂ ਮਰ ਜਾਇ*।

ਹਢਿਆਏ ਜਿਥੇ ਗੁਰੂ ਕਾ ਡੇਰਾ ਸੀ ਓਥੇ ਟਾਲ੍ਹੀਆਂ ਕੀ ਝੰਗੀ ਸੀ, ਪਾਸ ਛਪੜੀ ਸੀ। ਇਕ ਜਿਮੀਦਾਰ ਗੁਰੂ ਜੀ ਕੇ ਪਾਸ ਮੱਥਾ ਟੇਕ ਕੇ ਬੈਠਿ ਗਇਆ। ਗੁਰੂ ਜੀ ਨਾਲ ਗਲਾਂ ਕਰਨ ਲਗਿਆ। 'ਗੁਰੂ ਜੀ! ਮਨੁਖ ਮਰਿ ਜਾਂਦੇ ਹੈਨਿ ਗਲੁ ਸੁਜ ਕੇ।' ਗੁਰੂ ਜੀ ਬਚਨ ਕੀਤਾ: 'ਕਿਸੀ ਸਿਖ ਨੂੰ ਦੁਖ ਦਿਤਾ ਹੋਊਗੁ।'

---

* ਭਾਈ ਸੰਤੋਖ ਸਿੰਘ ਕਰਤਾ ਗੁ: ਪ੍ਰ: ਸੂ: ਗ੍ਰੰਥ ਨੇ ਇਹ ਨਗਰ ਆਪ ਜਾਕੇ ਡਿਠਾ, ਇਹ ਸਾਖੀ ਰਵਾਯਤ ਨਾਲ ਸੋਧਕੇ ਰਾਸ ੨੧ ਅੰਸੂ ੩੫ ਵਿਚ ਦਿਤੀ ਤੇ ਲਿਖਜਾ ਹੈ:- ਸੋ ਅਬ ਲੋ ਹਮ ਦੇਖਨ ਕਰਯੋ। ਗੁਰਦੁਆਰਾ ਤਿਸ ਤੀਰ ਨਿਹਰਯੋ। ਮਹਿਮਾ ਸਤਿਗੁਰ ਕੀ ਪ੍ਰਗਟਾਈ। ਪੁਰਿ ਹਡਿਆਏ ਮਹਿਅਬ ਤਾਈਂ। ਉਥੇ ਇਹ ਸਿਖ ਨੂੰ ਗਲ ਵਿਚ ਕਪੜਾ ਪਾਕੇ ਘਸੀਟਣ ਤੇ ਇਸ ਕਾਰਨ ਮਰੀ ਪੈਣ ਵਾਲੀ ਗਲ ਨਹੀਂ ਲਿਖੀ, ਤੇ ਇਹ ਹੈ ਬੀ ਅਪ੍ਰਸੰਗਕ, ਕਿਉਂਕਿ ਜਿਨੀ ਛੇਤੀ ਮਰੀ ਪਈ ਤੇ ਫੇਰ ਹਟਾਈ ਪ੍ਰਸੰਗ ਵਿਚ ਘਟਦੇ ਨਹੀਂ। ਸਤਿਗੁਰ ਜੀ ਨੇ ਤਾਂ ਪਈ ਹੋਈ ਵਬਾ ਆਕੇ ਹਟਾਈ ਹੈ ਤੇ ਗੁਰੂਸਰ ਸਰੋਵਰ ਉਜਾਗਰ ਕੀਤਾ ਹੈ। ਜਿਵੇਂ ਇਹ ਸਾਖੀ ਅਗੇ ਜਾਕੇ ਦਸਦੀ ਹੈ। ਇਹ ਟਿਕਾਣਾ ਬੀ ਪਟਿਆਲਾ ਯੂਨੀਅਨ ਵਿਚ ਤੇ ਇਸੇ ਨਾਮ ਦਾ ਰੇਲਵੇ ਸਟੇਸ਼ਨ ਹੈ, ਯਾਦਗਾਰੀ ਗੁਰਦੁਆਰਾ ਤੇ ਗੁਰੂਸਰ ਸਰੋਵਰ ਹੈ।

www.sikhbookclub.com



ਓਨ ਆਖਿਆ: 'ਇਕੁ ਬਾਲਕਾ ਕਲ ਮੁਕਲਾਵਾ ਲੈਕੇ ਆਇਆ ਸੀ, ਅਜੁ ਮਰ ਗਇਆ; ਮੌਤ ਵਡੀ ਪਈ ਹੈ।' ਗੁਰੂ ਜੀ ਕਹਿੰਦੇ: 'ਐਤ ਛਪੜੀ ਅਸ਼ਨਾਨੁ ਕਰੋ, ਸੁਖ ਹੋ ਜਾਵੇਗੀ।' ਓਸ ਆਖਿਆ: 'ਏਸ ਛਪੜੀ ਤਾਂ ਚਮਿਆਰ ਚੰਮ ਦਬਦੇ ਹੈਨਿ। ਅਸ਼ਨਾਨ ਕਿਕੂੰ ਕਰੀਏ?' ਤਾਂ ਗੁਰੂ ਜੀ ਆਪ ਅਸ਼ਨਾਨ ਕੀਤਾ, ਆਪ ਕਾਰ ਕੱਢੀ। ਓਸ ਜਟ ਨ ਜਾਇਕੇ ਪਿੰਡ ਵਿਚ ਕਹਿਆ: 'ਜਬ ਲਗ ਅਸਨਾਂਨ ਕਰਣਾ'। ਤੀਮੀ ਪੁਰਸ ਛਪੜੀ ਮਾਰ ਕੇ ਮੱਧ ਸਿਟੀ; ਗਾਰਾ ਗੂਰਾ ਲਗੇ ਸਿਰ ਪਾਇ ਪਾਇ ਨਾਉਣ। ਸੁਖ ਹੋਇ ਗਈ।

ਹੁਣ ਭੀ ਓਨ੍ਹਾ ਨੂੰ ਕੋਈ ਦੁਖ ਹੀਲਾ ਬਣਦਾ ਹੈ ਤਾਂ ਗੁਰੂ ਸਰ ਦੀ ਕਾਰ ਕਢਦੇ ਹੈਨ, ਏਹ ਬਾਤ ਰੋਸਨ ਹੈ। ਲਗੇ ਗੁਰੂ ਕੀ ਟਹਿਲ ਕਰਣ। ਗੁਰੂ ਜੀ ਪ੍ਰਸਿੰਨ ਹੋਏ ਕਹਿੰਦੇ: ਕੌਣ ਜਿਮੀਦਾਰ ਬਸਦੇ ਹੈਨਿ?' 'ਜੀ ਸਰਾ ਉਵਸਦੇ ਹੈਨਿ ਜੀ'। ਗੁਰੂ ਜੀ ਨੇ ਕਹਿਆ: 'ਏਥੇ ਬਹੁਤ ਨਗਰੀ ਬਸੇਗੀ'। ੫।

## 6. ਧੌਲੇ ਕੇ ਤੇ ਸੋਹੀਵਾਲ*

ਗੁਰੂ ਜੀ ਨੇ ਅਗੇ ਡੇਰਾ ਕੂਚ ਕੀਤਾ। ਧੌਲੇ ਕੇ ਕੋਸ ਭਰ ਪਾਸ ਆਏ। ਗੁਰੂ ਜੀ ਕਾ ਘੋੜਾ ਅੜੀ ਕਰ ਖਲੋਤਾ। ਗੁਰ ਕੇ ਕਾਂਮਚੀਆ ਮਾਰਣ, ਅੱਡੀਆਂ ਮਾਰਣ, ਘੋੜਾ ਦੁਇ ਕਦਮਾਂ ਪਿਛਾਂਹਾਂ ਜਾਇ, ਅਗਾਹਾਂ ਨਾਂ ਜਾਏ। ਗੁਰੂ ਜੀ ਨੇ ਕਹਿਆ: 'ਇਹ ਤੁਰਕਾਂ ਕੇ ਬੰਦੇ ਹਨ, ਘੋੜਾ ਤਦੀ ਨਹੀ ਜਾਂਦਾ ਅਗਾਹਾਂ'। ਗੁਰੂ ਜੀ ਨੇ ਮੁੜ ਕੇ ਸੁਚੇਤਾ ਸੋਹੀਵਾਲੇ ਕੀਤਾ॥੬॥

## 7. ਢਿੱਲਵੀਂ ਜੱਗ ਕੀਤਾ*

ਕੈਲੋਂ ਨਾਂ ਉਤਰੇ, ਭਾਉ ਨਾਂ ਕੀਤਾ। ਬਸੀਏ ਨਾਂ ਉਤਰੇ। ਢਿਲਮਾਂ ਕੇ ਪਾਸ ਹੋਰ ਪਿੰਡ ਬਸਦਾ ਸੀ, ਓਦੋਂ ਢਿਲੋਂ ਨਾਹੀ ਸਨਿ ਬਸਦੇ, ਓਥੇ ਡੇਰਾ ਕੀਤਾ। ਓਹੁ ਮੋਟੇ ਜਿਮੀਦਾਰ ਸਨਿ ਬਸਦੇ। ਓਨਾਂ ਨੂੰ ਮੋਟੇ ਕਿਹੰਦੇ ਸਨ। ਓਦੋਂ ਸੂਰਜ

---

* ਇਹ ਸੰਖੇਪ ਸਾਖੀ ਗੁ: ਪ੍ਰ: ਸੂ: ਗ੍ਰੰਥ ਵਿਚ ਰਾਸ ੧੧ ਅੰਸੂ ੩੫ ਦੇ ਅੰਕ ੨੬ ਤੋਂ ੨੯ ਤੱਕ ਵਿਚ ਵਰਣਿਤ ਹੈ। ਤੇ ਅਗਲੀ ਸਾਖੀ ਦਾ ਜਗ ਵਾਲਾ ਪ੍ਰਸੰਗ ਵੀ ਇਥੇ ਅੰਸੂ ਵਿਚ ਹੈ। ਧੌਲਾ ਹਢਿਆਏ ਤੋਂ ੩ ਮੀਲ ਦਖਣ ਪੱਛਮ ਹੈ ਤੇ ਉਸੇ ਦੇ ਨੇੜੇ ਹੀ ਸੋਹੀ ਵਾਲ ਸੁਣੀਂਦਾ ਹੈ।

www.sikhbookclub.com



ਕਾ ਗ੍ਰਹਣੋ ਥੀ, ਬਡਾ ਪੁਰਬ ਕੀਤਾ। ਓਥੇ ਸੰਗਤਾਂ ਨੂੰ ਪ੍ਰਸਾਦੁ ਕੀਤਾ। ਸੰਗਤਾਂ ਬਹੁਤ ਕਠੀਆਂ ਹੋਈਆਂ ਸਨ। ਗੁਰੂ ਜੀ ਨੇ ਵਡਾ ਜਗ ਕੀਤਾ। ਅਕੋਤ੍ਰ ਸੈ ਕਪਲਾ ਗਊ ਪੁੰਨ ਕੀਤੀ। ਤਪੇਵਾਲੇ ਗੁਜਰਾਤੀ ਪਹਿਲਾਂ ਕਹਿਦੇ 'ਤੁਸਾਂ ਕਾ ਪੁੰਨ ਸਾਡੇ ਪਾਸੋਂ ਨਹੀ ਲਈਦਾ'। ਗੁਰੂ ਜੀ ਕਹਿਆ 'ਸੰਗੋ ਨਾਹੀ'। ਫੇਰ ਲਇਆ।

ਦੁਲਮੀ ਕੇ ਵਸਦੇ ਮੌੜਾਂ ਥੋ ਆਗੇ ਧਾਲੀਵਲ। ਗੁਰੂ ਜੀ ਸੁਚੇਤਾ ਦੁੱਲਮੀ ਕੀ ਕਰਦੇ ਤੀਸਰ ਪਹਰ ਢਾਬਿ। ਜੋ ਕੋਈ ਗ੍ਰਹਿਣ ਕੇ ਦਿਨ ਪੁੰਨ ਕਰੇਗਾ ਤਿਥੇ ਹੀ ਫਲੇਗਾ॥੭॥

## 8. ਡਿਖੀ ਡੇਰਾ

ਅਗੇ ਡੇਰਾ ਡਿਖੀ* ਕੀਤਾ। ਫਿਰ ਸਿਖ ਨੇ ਕਹਾ: 'ਜੀ ਡੇਰਾ ਅੰਦਰ ਨਗਰੀ ਵਿਚ ਸਾਡੇ ਘਰ ਕਰੀਏ।' ਭਾਉ ਕਰਕੇ ਅੰਦਰ ਲੈ ਗਇਆ। ਉਸ ਦੇ ਉਲਾਦ ਨਹੀਂ ਸੀ। ਗੁਰੂ ਕੇ ਬਚਨ ਕਰਕੇ ਉਸ ਦੇ ਉਲਾਦ ਹੋਈ। ਗੁਰੂ ਕੇ ਬਹੁਤ ਚਿਰ ਰਖੇ। ਸਿਖ ਹੋਏ॥੮॥

## 9. ਮਾਈਸਰ ਖਾਨੇ, ਪਧੇਹਰੀ

ਇਕ ਡੇਰਾ ਮਾਈਸਰ ਵਾਲੇ ਖਾਨੇ ਹੋਇਆ। ਅਗੇ ਪਧੇਰੀ ਜਾਇ ਖੜੋਤੇ। ਸਿਖਾਂ ਕਹਿਆ: 'ਡੇਰਾ ਕਰਾਵੋ' ਹਥਾਈ ਜਾਇ ਖੜੇ ਹੋਏ ਸਨ। ਜਟ ਕਹਿੰਦੇ: 'ਘੁਮਿਆਰ ਕੇ ਡੇਰਾ, ਆਏ ਗਏ ਕਾ ਡੇਰਾ ਉਥੇ ਹੀ ਹੁੰਦਾ ਹੈ'। ਸਿਖ ਕਹਿੰਦੇ: 'ਜੀ, ਏਹ ਤਾਂ ਲੋਕ ਮੋਟੇ ਜੇਹੇ ਹਨ।' ਗੁਰੂ ਜੀ ਘੋੜੇ ਕੀ ਵਾਗ ਭਮਾਈ। ਖੁਮਾਰੀ ਚੌਧਰੀ ਸੀ ਓਦੋਂ, ਕਹਿੰਦਾ: 'ਏਹ ਤਾਂ ਵਡੀ ਮਰੋੜ ਵਾਲੇ ਸਨ'॥੯॥

## 10. ਅਲੀਸ਼ੇਰ

ਗੁਰੂ ਜੀ ਨੇ ਡੇਰਾ ਅਲੀ ਸ਼ੇਰ ਕੀਤਾ। ਫਿਰ ਪਧੇਰਾਂ ਨੂੰ ਸੋਝੀ ਹੋਈ: 'ਭਾਈ, ਓਹ ਤਾਂ ਗੁਰੂ ਤੇਗ ਬਹਾਦਰ ਹੈਸੀ। ਢਿਲਮੀ ਤਿੰਨ ਮਹੀਨੇ ਉਤਰੇ ਰਹੇ ਹਨ, ਅਸੀ ਇਕ ਦਿਨ ਭੀ ਨ ਉਤਰਨੇ ਦਿਤੇ, ਚਲੋ ਮਿਲੀਏ।' ਡਰਕੇ ਮਗਰ ਚਲੇ। ਇਕ ਭੇਲੀ ਧੇਲੀ ਲੈਇ ਕੇ ਗਏ। ਕਿਸੇ ਨੂੰ ਪੁਛਿਆ: 'ਗੁਰੂ ਜੀ

---

* ਮੌੜ ਤੋਂ ਸਤ ਮੀਲ ਪਰ ਹੈ ਤੇ ਇਥੇ ਗੁਰੂ ਜੀ ਦਾ ਯਾਦਗਾਰੀ ਗੁਰਦੁਆਰਾ ਹੈ।

www.sikhbookclub.com



ਦੀਦਾਰ ਕੀ ਪੂਜਾ ਲੈਇਕੇ ਦਿੰਦੇ ਹਨ?' ਓਸ ਨੇ ਕਹਿਆ: 'ਕੋਈ ਆਪਣੀ ਖੁਸੀ ਕੁਹੁ ਲੈ ਜਾਇ, ਭਾਂਮੇ ਐਮੇ ਆਇ ਕਰੇ, ਮੈਂ ਐਮੇ ਮਥਾ ਟੇਕਿਆ ਹੈ।'

ਆਉਂਦੈ ਪੈਂਚ ਭੇਲੀ ਖਾਇਆਇ, ਟਕੇ ਵੰਡ ਲੈ ਆਇ।

ਫੇਰ ਅਲੀ ਸੇਰਾਂ ਨੂੰ ਖਬਰ ਹੋਈ। ਪੈਂਚਾਂ ਕਹਿਆ: 'ਚਲੋ ਮਥਾ ਟੇਕੀਏ।' ਕਿਸੇ ਨੇ ਕਹਿਆ: 'ਭਧੇਰਾਂ ਦੀ ਪੈਂਚਾਇਤ ਕੀ ਮਥਾ ਟੇਕ ਗਈ ਹੈ?' ਕਿਸੇ ਨੇ ਕਹਿਆ: 'ਓਹ ਤਾਂ ਖਾਲੀ ਹੀ ਮਥਾ ਟੇਕ ਗਈ'। ਕਹਿੰਦੇ: 'ਚਲੋ ਆਪਾਂ ਭੀ ਐਮੇ ਕਿਮੇ ਮਥਾ ਟੇਕਿ ਆਈਏ'। ਖਾਲੀ ਹਥ ਹੀ ਮਥਾ ਟੇਕਿ ਆਏ।

ਜਿਥੇ ਗੁਰੂ ਕੀ ਮੰਜੀ ਹੈ ਓਥੇ ਬੇਰੀ ਥੀ ਵੱਢੀ ਹੋਈ। ਬੇਰੀ ਹਰੀ ਹੋਈ, ਗੁਰੂ ਕੀ ਕ੍ਰਿਪਾ ਨਾਲ॥੧੦॥

## 11. ਜੋਗੇ ਕੇ ਤੇ ਭੂਪਾਲੀ[1]

ਜੋਗੇ ਕੇ ਲਾਉਣੇ[2] ਗੁਰੂ ਜੀ ਨੇ ਦੁਪਹਿਰੇ ਡੇਰਾ ਕੀਤਾ। ਫੇਰ ਗੁਰੂ ਜੀ ਨੇ ਕਹਿਆ: 'ਏਸ ਜਾਗਾ ਕੋਈ ਬਸਦਾ ਹੈ ਕੇ ਨਹੀ?' ਸਿਖਾਂ ਕਹਿਆ: 'ਕੋਈ ਕੋਈ ਮਨੁਖ ਫਿਰਦਾ ਹੈ ਜੀ।'

ਅਗੇ ਕੂਚ ਹੋਇ ਚਲੇ ਜਾਂਦੇ ਸਨਿ, ਜੁਗਰਾਜ ਨੇ ਮਥਾ ਆਣ ਟੇਕਿਆ। ਕਹਿਆ: 'ਜੀ! ਚਲੋ ਡੇਰਾ ਕਰੋ'। ਗੁਰੂ ਜੀ ਨੇ ਕਹਿਆ: 'ਐਤ ਥੇਹ ਪਿੰਡ ਵਸਾਇ ਲੈ ਅਜੀਤ ਕਲਰੀ[3] ਹੈ।' ਓਥੇ ਜੋਗਾ ਵਸਿਆ। ਗੁਰੂ ਜੀ ਨੇ ਡੇਰਾ ਭੂਪਾਲੀ ਕੀਤਾ। ਨਗਰੀ ਨੇ ਕੱਖ ਪੱਠੇ ਦੁਧ ਦਹੀਂ ਕੀ ਟਹਲ ਕੀਤੀ। ਘੋੜਿਆਂ ਨੂੰ ਦਾਣਾ ਦੀਆ॥੧੧॥

## 12. ਖੀਵੇ ਦੇ ਸੇਵਕ ਨੂੰ ਦੋ ਵਰਤਾਰੇ

ਅਗੇ ਡੇਰਾ ਖੀਵੇ ਕੀ ਹੋਇਆ। ਹੋਰ ਕੋਈ ਨਾਂ ਮਿਲਿਆ, ਇਕੁ ਜਟੁ ਸਿੰਘਾ ਨਾਉ ਥੀ, ਜਾਇ ਬੈਠਾ ਗੁਰੂ ਜੀ ਕੇ ਪਾਸ। ਡੇਰਾ ਕਰਵਾਇਆ। ਘਾਸ ਪਠੇ ਕੀ, ਲਕੜੀ ਭਾਂਡੇ ਕੀ ਟਹਿਲ ਕੀਤੀ। ਫੇਰਿ ਉਠਿ ਚਲਿਆ। ਗੁਰੂ ਜੀ ਕਹਿਦੇ: 'ਕਿਉ ਜਾਂਦਾ ਹੈਂ, ਬੈਠ'। ਓਨਿ ਆਖਿਆ: 'ਮੁੰਡੇ ਦੀ ਸਗਾਈ ਹੋਈ

1. ਭੰਦੇਰ, ਅਲੀਸ਼ੇਰ, ਜੋਗਾ, ਭੂਪਾਲੀ ਦੇ ਪ੍ਰਸੰਗ ਗੁ: ਪ੍ਰ: ਸੂ: ਰਾਸ ੧੧ ਅੰਸੂ ੩੭ ਵਿਚ ਹਨ।
2. ਨੇੜੇ, ਲਾਗੇ।
3. ਭਾਵ ਇਹ ਥਾਂ ਅਜਿਤ ਹੈ।

www.sikhbookclub.com



ਹੈ ਪਿੰਡ ਵਿਚ, ਸਕਰ ਵੰਡੀਦੀ ਹੈ, ਭਾਈਚਾਰੇ ਸਦਿਆ ਹੈ'। ਗੁਰੂ ਜੀ ਕਹਿਆ: 'ਤੂੰ ਤਾਂ ਗੁਰੂ ਕੀ ਟਹਿਲ ਵਿਚ ਹੈਂ; ਟਹਿਲ ਕਰ, ਤੇਰੇ ਦੋ ਵਰਤਾਰੇ ਹੋਏ ਅਜ ਤੇ'। ਜਿਚਰ ਤੀਕ ਓਹੁ ਰਹਿਆ ਓਸਨੂੰ ਦੋ ਵਰਤਾਰੇ ਮਿਲਦੇ ਰਹੇ॥੧੨॥

## 13. ਵਣ ਹੇਠ ਡੇਰਾ। ਜ਼ਿਮੀਦਾਰ ਨੂੰ ਵਰ

ਫੇਰ ਕੂਚ ਕਰੀ ਆਉਂਦੇ ਥੇ ਸਮਾਉ ਦੀ ਹੱਦ ਵਿਚ ਕਾਬਲ ਕੀ ਸੰਗਤ ਮਿਲੀ, ਓਥੇ ਹੀ ਉਤਰ ਪਏ। ਬਣ ਹੇਠ ਸਤਰੰਜੀਆਂ[1] ਬਿਛਾਇ ਦਿਤੀਆਂ। ਸਬਦ ਦੀ ਚੁੰਕੀ ਲਗੀ ਹੋਣਿ। ਕਾਰ ਭੇਟ ਲਗੇ ਚੜ੍ਹਾਉਣੇ ਸਿਖ। ਗੁਰੂ ਜੀ ਸਰਬਤ ਕੋ ਖੁਸੀ ਕਰੀ। ਸਿਖਾਂ ਨੂੰ ਗੁਰੂ ਕਾ ਦਰਸਨ ਕਰਕੇ ਬਡਾ ਅਨੰਦੁ ਹੋਇਆ।

ਓਥੇ ਖੇਤ ਵਾਲਾ ਜਿਮੀਦਾਰ ਸੀ ਹਲ ਵਾਹੁੰਦਾ। ਓਸ ਆਖਿਆ: 'ਏਹ ਤਾਂ ਕੋਈ ਬਡੀ ਸਕਤਿ ਵਾਲਾ ਹੈ'। ਆਪਣੀ ਰੋਟੀ ਲਸੀ ਲੈਕੇ ਅਗੇ ਜਾ ਰਖੀ। ਗੁਰੂ ਜੀ ਕਹਿਆ: 'ਏਹੁ ਤਾਂ ਤੇਰਾ ਪ੍ਰਸਾਦਿ ਹੈ, ਤੂੰ ਛਕਿ'। ਓਸ ਨੂੰ ਭੀ ਛਕਾਈ, ਸਿਖਾਂ ਭੀ ਛਕੀ।' ਓਸ ਨੂੰ ਬਚਨ ਹੋਇਆ: 'ਤੇਰੇ ਘਰ ਦੂਧ ਸਦਾ ਹੋਵੇਗਾ।' ਓਸਕੇ ਸਦਾ ਹੀ ਹੁੰਦਾ ਹੈ॥੧੩॥

## 14. ਭਿਖੀ ਵਿਚ ਦੇਸੂ ਸੁਲਤਾਨੀਏ ਨੂੰ ਬਖਸ਼ੀਸ਼

ਗੁਰੂ ਜੀ ਦਾ ਡੇਰਾ ਫਿਰ ਭਿਖੀ ਹੋਇਆ। ਭਿਖੀ ਵਾਲਾ ਦੇਸੂ ਤੀਏ ਦਿਹ ਭੇਟ ਲੈਕੇ ਮਿਲਿਆ। ਗੁਰੂ ਜੀ ਨੇ ਕਹਿਆ: 'ਦੇਸ ਰਾਜ ਆਉ ਬੈਠ। ਸਿਖਾ! ਇਹ ਤਰਗਸ[2] ਵਿਚ ਖੂੰਡੀ ਕਿਉਂ ਪਾਈ ਹੈ?' ਕਹਿੰਦਾ 'ਅਸੀਂ ਸੁਲਤਾਨੀ ਹਾਂ, ਰਖਿਆ ਦੀ ਪਾਈ ਹੈ ਜੀ'। ਗੁਰੂ ਜੀ ਬਚਨ ਕੀਤਾ: 'ਹਿੰਦੂ ਹੋਇਕੇ ਮੁਸਲਮਾਨ ਕਾ ਸਿਖ ਹੋਇਆ ਹੈਂ?'

ਗੁਰੂ ਜੀ ਕੀ ਕ੍ਰਿਪਾ ਹੋਈ, ਹੋਰ ਬਚਨ ਹੋਏ। ਗੁਰੂ ਜੀ ਨੇ ਕਹਿਆ: 'ਤੈਨੂੰ ਰਾਜ ਬਖਸਿਆ, ਇਹੁ ਸਰਵਰ ਦੀ ਖੂੰਡੀ ਸਿਟਿ ਪਾਉ'। ਗੁਰੂ ਜੀ ਨੇ ਓਸ ਨੂੰ ਪੰਜ ਤੀਰ ਬੀਰਾਂ ਬਵੰਜਾਂ ਵਿਚਹੁ ਬਖਸੇ। ਬਚਨ ਕਹਿਆ: 'ਤੈਨੂੰ

---

1. ਫੂਹੜੀਆਂ, ਤੱਪੜ।
2. ਤਰਕਸ਼, ਭੱਥਾ। ਭਾਵ ਹੈ ਗਲੇ ਵਿਚ ਲਟਕਾਈ ਹੈ।

www.sikhbookclub.com



ਸਰਦਾਰ ਬੀਰ ਬਖਸੇ। ਜਿਸ ਤਰਫਿ ਮੂਹੁ ਕਰੇਂਗਾ ਤੇਰੀ ਜੀਤ ਹੋਵੈਗੀ। ਸਿਖੀ ਰਖੇਂਗਾ ਤਾਂ ਰਾਜੁ ਕਰੇਂਗਾ। ਸਿਖੀ ਥੋਂ ਭਰਮ ਕਰੇਂਗਾ ਤਾਂ ਤੇਰਾ ਕੁਹੁ ਨਹੀਂ ਰਹੇਗਾ।'

ਓਹੁ ਮਥਾ ਟੇਕ ਕੇ ਗੁਰੂ ਜੀ ਤੋਂ ਕਿਲੇ ਨੂੰ ਜਾਂਦਾ ਰਹਿਆ। ਗੁਰੂ ਜੀ ਨੇ ਡੇਰਾ ਖੀਆਲੇ ਕੀਤਾ। ਓਸ ਨੂੰ ਸੇਖਾਂ ਕਹਿਆ: 'ਤੈ ਨੇ ਸਰਵਰ ਦੀ ਖੂੰਡੀ ਸਿਟੀ, ਬੁਰਾ ਕੀਤਾ। ਇਹ ਤਾਂ ਇਸਟੀ* ਫਿਰਦਾ ਹੈ ਸੋਢੀ। ਅਜਾਂ ਕਹੁ ਮੈਂ ਭੁਲਾ ਹਾਂ। ਤੀਰ ਸਿਟਿ ਪਾਉ, ਰੋਟ ਪਕਾਉ, ਖੂੰਡੀ ਨੂੰ ਮੱਥਾ ਟੇਕ ਕੇ ਪਾਸ ਰਖੁ।' ਓਸ ਨੇ ਤੀਰ ਸਿਟ ਪਾਏ, ਖੂੰਡੀ ਫੜ ਲਈ। ਭਰਾਈ[1] ਨੇ ਤੀਰ ਨਿਕੇ ਨਿਕੇ ਕਰਕੇ ਵਢ ਕੇ ਚੁਲ੍ਹੇ ਵਿਚ ਫੂਕ ਦਿਤੇ, ਐਸਾ ਕਾਰਨ ਕੀਤਾ। ਭਰਾਈ ਦੇ ਕਹੇ ਆਪਣੀ ਜੜ ਪੁਟ ਲਈ[2]॥੧੪॥

## 15. ਖਿਆਲੇ ਇਕ ਬ੍ਰਹਮਣ ਪਰ ਖੁਸ਼ੀ

ਗੁਰੂ ਜੀ ਨੂੰ ਖਿਆਲੇ ਇਕ ਬ੍ਰਹਮਣ ਆਇ ਮਿਲਿਆ। ਹਲ ਵਾਹ ਕੇ ਆਉਂਦਾ ਸੀ। ਆਇ ਖਲੋਤਾ ਫਿਰ ਉਠਿ ਚਲਿਆ। ਗੁਰੂ ਜੀ ਨੇ ਕਹਿਆ ਬ੍ਰਹਮਣ ਨੂੰ: 'ਬਸੰਤਰ[3] ਪਹੁੰਚਾਇ ਜਾਈਂ।' ਓਸ ਬਸੰਤਰ* ਭੀ ਮੁੰਡੇ ਪਾਸ ਫੜਾਇਕੇ ਆਂਦਾ[4], ਦੁਧ ਆਪਣੇ ਸਿਰ ਉਤੇ ਰਖਕੇ ਆਣਿ ਹਥ ਜੋੜ ਖਲੇ ਹੋਏ।

ਗੁਰੂ ਜੀ ਨੇ ਬ੍ਰਹਮਣ ਨੂੰ ਭੀ, ਬਾਲਕੇ ਨੂੰ ਵੀ ਦੁਧ ਪਿਲਾਇਆ, ਹੋਰ ਸਿਖਾਂ ਨੇ ਭੀ ਪੀਤਾ। ਓਸ ਨੂੰ ਖੁਸੀ ਹੋਈ, 'ਤੇਰਾ ਛੰਨਾ ਭੀ ਵਿਆਹ ਕਾਰਜ ਪੂਰੀਦਾ ਰਹੂ। ਤੇਰੇ ਭਾਂਡੇ ਦੁਧ ਭੀ ਰਹੂ ਸਦਾ।'

ਗੁਰੂ ਜੀ ਨੇ ਕਹਿਆ: 'ਏਥੇ ਖੂਹ ਲਗੇਗਾ। ਇਕ ਇਸ ਜਾਗਾ ਬੋਹੜ ਲਗੇਗਾ'। ਓਥੇ ਖੂਹ ਭੀ ਲਗਾ, ਬੋਹੜ ਭੀ ਲਗਾ। ਇਹ ਗੁਰੂ ਕਾ ਬਚਨ ਸੀ॥੧੫॥

---

* ਇਸਟੀ = ਜਿਸ ਨੇ ਮੰਤ੍ਰ ਸਿਧ ਕੀਤੇ ਹੋਣ। ਸ਼ੇਖ ਦਾ ਮਤਲਬ ਘ੍ਰਿਣਾਸੂਚਕ ਪਦ ਕਹਿਣ ਤੋਂ ਹੈ।

1. ਪਾ: ਧਾਈ।
2. ਸਾਖੀ 12, 13 ਤੇ 14 ਦਾ ਪ੍ਰਸੰਗ ਸੂ: ਪ੍ਰ: ਵਿਚ ਰਾਸ ੧੧ ਅੰਸੂ ੩੭-੩੮ ਵਿਚ ਕਵੀ ਜੀ ਨੇ ਦਿਤਾ ਹੈ।
3. ਅੱਗ। ਪਾ:-ਬਿਸਤ੍ਰ।
4. ਖਾ: ਕਾ: ਵਾਲੇ ਨੁਸਖੇ ਵਿਚ ਇਥੇ ਸਤਰ ਵੱਧ ਹੈ:- 'ਤੀਮੀ ਪਾਸਿ ਪਾਣੀ ਚੁਕਾਇਕੇ ਆਂਦਾ।'

www.sikhbookclub.com



## 16. ਮੌੜਾਂ ਤੋਂ ਦੇਉ ਕਢਿਆ, ਜੰਡ ਵਿਚ ਪਿਪਲ

ਅਗੇ ਡੇਰਾ ਖੀਆਲੇ ਥੋਂ ਮੌੜੀਂ ਹੋਇਆ। ਗੁਰੂ ਕੇ ਪਿੰਡ ਦੇ ਲਾਉਣੇ[1] ਡੇਰੇ ਕੀ ਜਾਗਾ ਵੇਖਣਿ ਲਗੇ ਤਾਂ ਇਕੁ ਵਾੜਾ ਦੂਰ ਤੀਕੁ ਕੀਤਾ ਹੋਇਆ ਸੀ। ਵਿਚ ਵਾੜੇ ਕੇ ਵਿਚ ਵਡਾ ਜੰਡੁ ਹੈਸੀ। ਗੁਰੂ ਜੀ ਨੇ ਕਹਿਆ: 'ਏਸ ਵਾੜੇ ਕੀ ਮੋੜ੍ਹੀ ਖੋਲੋ, ਈਹਾਂ ਡੇਰਾ ਕਰਾਂਗੇ।' ਪੈਂਚਾਂ ਨੇ ਹਥ ਜੋੜੇ: 'ਜੀ! ਏਸ ਜੰਡ ਹੇਠ ਮਨੁਖ, ਘੋੜਾ, ਮਹਿੰ, ਗਾਇ ਜਾਇ ਖਲੋਵੇ ਸਭ ਮਰ ਜਾਂਦਾ ਹੈ। ਏਥੇ ਦੇਉ ਰਹਿੰਦਾ ਹੈ।' ਗੁਰੂ ਜੀ ਨੇ ਕਹਿਆ: 'ਦੇਉ, ਸਿਖੋ! ਉਠਿ ਜਾਵੇਗਾ।' ਓਨਾ ਆਖਿਆ: 'ਪਰਸੋਂ ਸਾਡਾ ਮੁੰਡਾ ਮਾਰ ਦਿਤਾ ਹੈ, ਏਥੇ ਦੇਉ ਰਹਿੰਦਾ ਹੈ।' ਗੁਰੂ ਜੀ ਨੇ ਬਚਨ ਕੀਤਾ: 'ਦੇਉ ਨੂੰ, ਸਿਖੋ। ਕਢ ਦੇਵਾਂਗੇ, ਦੇਉਤੇ ਕਾ ਵਾਸਾ ਕਰਾਂਗੇ। ਸਾਨੂੰ ਕੋਈ ਭੈ ਨਾਹੀ। ਅਸੀ ਐਸਾ ਅਗੇ ਅਨੰਦ ਪੁਰ ਵਿਚੋਂ ਕਢਿਆ ਹੈ, ਸਹਿਤ ਕੁਟੰਬ ਦੇ ਏਸ ਨੂੰ ਭੀ ਕਢਾਂਗੇ।'

ਰਾਤ ਨੂੰ ਦੇਉ ਕਹਿਣ ਲਗਾ: 'ਅਗੇ ਮੈਨੂੰ ਗੁਰੂ ਅਮਰਦਾਸ ਜੀ ਨੇ ਕੱਢਿਆ ਸੀ ਗੋਇੰਦ ਵਾਲ ਤੇ; ਐਥੇ ਮੈਂ ਜੰਗਲ ਦੇਸ਼ ਮੈਂ ਰਹਿੰਦਾ ਥੀ। ਇਕ ਸੌ ਪੈਤਾਲੀ ਵਰਸ ਹੋਏ'। ਗੁਰੂ ਜੀ ਕਹਿਆ: 'ਏਥੋਂ ਚਲਿਆ ਜਾਹ, ਕਿਸੇ ਹੋਰ ਦੇਸ ਜਾਇ ਰਹੁ। ਤਲਵੰਡੀ ਗੁਰੂ ਕੀ ਕਾਂਸੀ ਹੈ, ਤਿਸ ਤੇ ਬਾਰਾਂ ਬਾਰਾਂ ਕੋਸ ਕੋਈ ਦੇਉ ਜਿੰਨ ਨਹੀਂ ਰਹਿਣਾਂ ਪਊਗਾ। ਮਾਨੁਖ ਵੀ ਦੇਉਤਾ ਸਰੂਪ ਹੋਣਗੇ। ਤੂੰ ਚਲਿਆ ਜਾਹ ਤੈਨੂੰ ਹਛਾ ਕਹਿਦੇ ਹਾਂ। ਈਹਾਂ ਦੇਵਤਾ ਪੈਦਾ ਹੋਵੈਗਾ।'

ਗੁਰੂ ਕੇ ਬਚਨ ਕਰਿ ਵਡਾ ਪਿਪਲੁ ਲਗਾ ਵਿਚਿ ਜੰਡਕੇ, ਜੰਡ ਦੂਰ ਹੋਇਆ। ਵਡੀ ਪ੍ਰਤੀਤ ਆਈ ਦੇਉ ਕਢੇ ਥੋਂ। ਗੁਰੂ ਜੀ ਕੀ ਟਹਿਲ ਬਹੁਤ ਕੀਤੀ ਜਿਤਨੇ ਦਿਨ ਰਹੇ[2]॥੧੬॥

---

1. ਨੇੜੇ, ਲਾਗੇ।
2. ਖਿਆਲੇ ਤੇ ਮੌੜ ਦਾ ਪ੍ਰਸੰਗ ਸੂ: ਪ੍ਰ: ਰਾਸ ੧੧ ਅੰਸੂ ੩੮ ਵਿਚ ਹੈ।

www.sikhbookclub.com



## 17. ਟਾਲ੍ਹਾ ਸਾਹਿਬ ਦੀ ਕਾਰ, ਦੇਸੂ ਦੀ ਹੋਣੀ

ਤਿਥੋਂ ਗੁਰੂ ਕੇ ਜਾਇ ਬੈਠਿਦੇ ਟਾਲੀਏਂ[1]। ਤਾਲ ਕੀ ਮੌੜਾਂ ਥੋਂ ਕਾਰ ਕਢਵਾਉਂਦੇ। ਇਕ ਗੁਰਪੁਰਬ ਵਡਾ ਹੋਇਆ। ਗੁਰੂ ਜੀ ਪਾਸ ਮਥਾ ਟੇਕਣ ਸੰਗਤਾਂ ਦੂਰ ਦੂਰ ਤੇ ਆਈਆਂ। ਇਕ ਮਹੀਨਾ ਤੇ ਦਸ ਦਿਨ ਡੇਰਾ ਰਹਿਆ। ਗੁਰੂ ਜੀ ਨੇ ਕਹਿਆ: 'ਡੇਰਾ ਸਿਖੋ ਕੂਚ ਕਰ ਦੇਹੋ।'

ਨਿਰੰਕਾਰ ਕੀ ਵਡੀ ਕੁਦਰਤ ਹੋਈ, ਗੁਰੂ ਜੀ ਇਕੁ ਘੜੀ ਬਿਸਮਾਦ ਹੋਇ ਰਹੇ। ਨਗਰੀ ਨੈ ਹਥ ਜੋੜੇ, ਸੰਗਤਾਂ ਨੇ ਹਥ ਜੋੜੇ: 'ਬਾਹਰੀ ਕਰੀਏ ਜੀ!' ਗੁਰੂ ਜੀ ਨੇ ਕਹਿਆ: 'ਦੇਸੂ ਨੂੰ ਬੀਰ ਬਖਸੇ ਸੇ, ਬੀਰਾਂ ਨੂੰ ਦੁਖ ਦਿਤਾ, ਓਸ ਕੀ ਜੜ ਪਟੀ ਬੀਰਾਂ ਨੇ।'

ਮੌੜਾਂ ਨੇ ਕਹਿਆ: 'ਗੁਰੂ ਜੀ! ਓਹ ਸਾਡਾ ਸਾਕ ਹੈ, ਸਾਡੇ ਭਿਖੀ ਕੀ ਧੀ ਬਿਆਹੀ ਹੋਈ ਹੈ, ਬਗੇ ਸੁਖੀਏ ਰਾਇ ਕੇ ਪੁਤ ਨੂੰ। ਅਸੀਂ ਲਿਆਉਂਦੇ ਹਾਂ, ਤੁਸਾਂ ਕੀ ਪੈਰੀ ਪਾਉਂਦੇ ਹਾਂ।' ਗੁਰੂ ਜੀ ਨੇ ਕਹਿਆ: 'ਤੁਮਾਰਾ ਕਹਿਆ ਮੋੜਿਆ ਨਹੀਂ ਜਾਂਦਾ; ਜਾਇ ਆਵੋ ਸਤਾਬੀ।'

ਪੈਂਚ ਗਏ ਮੌੜਾਂ ਕੇ। ਬਹੁਤ ਕਹੀ। ਨਹੀਂ ਆਇਆ। ਭਾਵੀ ਵੱਡੀ ਪ੍ਰਬਲ ਹੈ, ਕੁਹ[2] ਚਾਰਾ ਨਾਹੀ। ਗੁਰੂ ਜੀ ਕੀ ਦਾਤ ਨਾ ਰਖੀ ਗਈ। ਗੁਰੂ ਜੀ ਨੇ ਕਹਿਆ: ਦੇਸੂ ਤੋਂ ਦੇਸ ਰਾਜ ਕੀਤਾ ਸੀ, ਕੱਲਰਾਂ ਤੋਂ ਲੇਹੀ[3] ਕੀਤੀ ਸੀ, ਕੱਲਰ ਤੋਂ ਹੁਣ ਲੂਣ ਕੱਲਰ ਹੋਇ ਗਿਆ'।

ਇਕ ਸਿਖ ਨੇ ਹੱਥ ਜੋੜੇ ਮੌੜਾਂ ਕੇ ਨੇ। ਬਚਨ ਹੋਇਆ: 'ਸਿਖਾ ਤੇਰਾ ਕੀ ਸੁਆਲ ਹੈ? ਹਥ ਜੋੜੇ ਹਨ?'

'ਜੀ ਮਿਹਰਬਾਨ! ਇਕ ਪਿਛੇ ਸਾਰੇ ਹੀ ਚਾਹਿਲ ਮਾਰੇ?' ਬਚਨ ਹੋਆ: 'ਹੋਰ ਤਲਕਾ ਵਸਦਾ ਰਹੇਗਾ। ਵਿਚ ਵਿਚ ਸਿਖ ਭੀ ਹੋਣਿਗੇ। ਹੋਈ

---

1. ਸੂ: ਪ੍ਰ: ਵਿਚ ਲਿਖਿਆ ਹੈ ਕਿ ਇਹ ਸਰੋਵਰ ਮੌੜਾਂ ਤੋਂ ਡੇਢ ਕੋਹ ਤੇ ਹੈ। ਜਦੋਂ ਤਾਲ ਬਨਾਇਆ ਤਦੋਂ ਵਾਸ ਮੌੜਾਂ ਵਿਚ ਹੀ ਸੀ। ਦੇਸੂ ਦੇ ਅੰਤ ਦੀ ਸਾਖੀ ਰਾਸ ੧੧ ਅੰਸੂ ੩੯ ਵਿਚ ਹੈ। ਤੇ ਕਵੀ ਜੀ ਨੇ ਦੇਸੂ ਦੇ ਖਾਨਦਾਨ ਦੇ ਪਿਛਲੇ ਬੰਦਿਆਂ ਦੇ ਅੰਤ ਦਾ ਹਾਲ ਬੀ ਦਿਤਾ ਹੈ ਜੋ ਇਥੇ ਨਹੀਂ ਹੈ।
2. ਕੁਛ।
3. ਪਾ.-ਥੇੜੀ। ਲੇਹੀ=ਜ਼ਰਖੇਜ਼। ਸੂ: ਪ੍ਰ: ਵਿਚ ਬੀ ਪਾਠ ਹੈ:- ਕਲਰ ਤੇ ਹਮ ਕੀਨੋ ਲੇਹੀ। ਪੁਨਹੁ ਲੂਣ ਕੱਲਰ ਹੁਇ ਗਯੋ।

www.sikhbookclub.com



ਤਾਂ ਐਸੀ ਹੀ ਥੀ, ਪਰ ਸਿਖ ਡਾਢੇ ਹਨਿ'। ਬੀਰਾਂ ਨੇ ਓਸ ਕੀ ਜੜ ਮਾਰਕੇ ਪਟ ਸਿਟੀ॥੧੭॥

## 18. ਤਲਵੰਡੀ ਡੇਰਾ, ਦਸਮੇਂ ਜਾਮੇ ਬਾਰ ਭਵਿਖਜਤ

ਅਗੇ ਡੇਰਾ ਤਲਵੰਡੀ* ਹੋਇਆ। ਗੁਰੂ ਜੀ ਜਾਇ ਉਤਰੇ। ਇਕ ਬਡਾ ਬਰਮੀ ਕਾ ਬੁਰਜ ਥੀ, ਤਿਸ ਨੂੰ ਨਮਸਕਾਰ ਕੀਤੀ! ਸਿਖਾਂ ਬਚਨ ਕੀਤਾ: 'ਜੀ ਗਰੀਬ ਨਿਵਾਜ! ਏਥੇ ਤਾਂ ਕੋਈ ਅਸਥਾਨ ਨਹੀਂ, ਆਪ ਨੇ ਕਾਸ ਨੂੰ ਮਥਾ ਟੇਕਿਆ?' ਗੁਰੂ ਜੀ ਬਚਨ ਕੀਤਾ: 'ਏਥੇ ਥਡਾ ਅਸਥਾਨ ਬਣੂੰਗਾ, ਨੌ ਨੇਜੇ ਉਚਾ ਦਮਦਮਾ ਹੋਊ, ਸੂਰਨ ਕੇ ਕਲਸ ਹੋਣਗੇ'।

ਫਿਰ ਸਿਖਾਂ ਕਹਿਆ: 'ਜੀ ਓਹ ਕੌਣ ਹੋਊਗਾ?' ਗੁਰੂ ਜੀ ਬਚਨ ਕੀਤਾ: 'ਦਸਮਾ ਜਾਮਾ ਪਹਿਰੂਗਾ ਗੁਰੂ ਆਪਿ। ਵਡਾ ਕਲਾਧਾਰੀ ਹੋਊਗਾ। ਮੀਰੀ ਪੀਰੀ ਵਾਲਾ ਹੋਊਗਾ। ਰਾਜ ਜੋਗ ਦੋਨੋਂ ਪਗ ਧਾਰੂਗਾ। ਫੇਰ ਬਡੇ ਜੱਗ ਕਰੂਗਾ, ਬ਼ੜੇ ਦਾਨ ਦੇਊਗਾ ਬ੍ਰਹਮਣਾਂ ਨੂੰ। ਫੇਰ ਆਦਿ ਸਕਤੀ ਭਗਵਤੀ ਕੋ ਪੂਜੇਗਾ, ਪ੍ਰਤਖ ਕਰੇਗਾ; ਤਿਸਤੇ ਬਰ ਲਊਗਾ ਜੀਤਨੇ ਕਾ*। ਫੇਰ ਆਪਣਾ ਹਿੰਦੂ ਮੁਸਲਮਾਨ ਤੇ ਤੀਸਰਾ ਪੰਥ ਸਾਜੇਗਾ। ਬਡੇ ਜੁਧ ਜੰਗ ਕਰੂਗਾ। ਪ੍ਰਿਥਮੇ ਬਾਈਧਾਰ ਪਹਾੜੀਆਂ ਨੂੰ ਜੀਤੇਗਾ। ਫੇਰ ਤੁਰਕਾਂ ਸਾਥ ਜੁੱਧ ਕਰਕੇ ਦਸ ਲਾਖ ਘੋੜਾ ਜੀਤੇਗਾ। ਤਿਨਾ ਕੀ ਸਫਾ ਦੂਰ ਉਠਾਵੇਗਾ। ਫੇਰ ਸਿੰਘਾਂ ਨੂੰ ਰਾਜ ਦੇਵੇਗਾ। ਗਰੰਥ ਜੀ ਆਪਣੀ ਬਾਣੀ ਰਚੇਗਾ ਨਵੀਨ ਹੀ। ਪੂਰਬ ਪਟਣੇ ਔਤਾਰ ਧਾਰੂਗਾ। ਪਹਾੜ ਕੀ ਦੂਣ ਵਿਚ ਰਹੂਗਾ। ਫੇਰ ਪਛਮ ਕੀ ਤਰਫ ਐਥੋਂ ਚਾਲੀ ਕੋਸ ਜੁਧ ਜੀਤ ਕੇ ਆਊਗਾ। ਇਸੀ ਬਰਮੀ ਉਤੇ ਕਮਰ ਖੋਲਕੇ ਦਮ ਲਊਗਾ। ਅਸਾਂ ਤਿਸ ਪੁਰਖ ਕੇ ਅਸਥਾਨ ਨੂੰ ਅਗੇ ਹੀ ਮੱਥਾ ਟੇਕਿਆ ਹੈ।'

ਤਾਂ ਸਿਖਾਂ ਨੇ ਬਚਨ ਕੀਤਾ: 'ਜੀ ਗਰੀਬ ਨਿਵਾਜ! ਆਪ ਤਾਂ ਬੈਠੇ

---

* ਗੁਰੂ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਨੇ ਗੁਰੂ ਜੀ ਦਾ ਦਮਦਮੇ ਡੇਰਾ ਕਰਨ ਦਾ ਪਤਾ ਤਾਂ ਦਿੱਤਾ ਹੈ:- 'ਪੁਨ ਦਮਦਮੇ ਪਹੁਚੇ ਜਾਇ' ਪਰ ਇਹ 18, ਤੇ 20 ਸਾਖੀ ਵਾਲੇ ਭਵਿਖਤ ਵਾਕ ਆਦਿ ਨਹੀਂ ਦਿੱਤੇ। ਦਸਮੇਸ਼ ਜੀ ਦੇ ਭਗਵਤੀ ਆਦਿ ਪੂਜਨ ਦੀ ਵੀਚਾਰ ਲਈ ਪੜ੍ਹੋ, 'ਦੇਵੀ ਪੂਜਨ ਪੜਤਾਲ' ਜੋ ਪੁਸਤਕ ਖਾਲਸਾ ਸਮਾਚਾਰ ਦੇ ਦਫਤ੍ਰੋਂ ਮਿਲਦੀ ਹੈ।

www.sikhbookclub.com



ਹੋ ਏਸ ਜਾਗਾ।' ਗੁਰੂ ਜੀ ਕਹਿੰਦੇ: 'ਏਸ ਅਸਥਾਨ ਓਹੀ ਪੁਰਖ ਬੈਠੇਗਾ, ਬਡੀਆਂ ਬਖਸਾਂ ਬਖਸੂਗਾ, ਬਰ ਦੇਊਗਾ। ਅਸਾਡਾ ਅਸਥਾਨ ਏਸ ਕੇ ਸਨਮੁਖ ਹੋਊਗਾ, ਚਰਨਾ ਪਾਸ' ॥੧੮॥

## 19. ਗੁਰੂ ਸਰ ਸਰੋਵਰ ਦਾ ਟੱਕ ਲਾਇਆ

ਫੇਰ ਅਗਲੇ ਦਿਹ ਬੇਰੀ ਹੇਠ ਜਾਇ ਬੈਠੇ। ਸਿਖਾਂ ਨੂੰ ਬਚਨ ਕੀਤਾ: 'ਕਹੀਆਂ ਲਿਆਵੋ'। ਸਿਖ ਲੈ ਆਏ। ਆਪ ਕਹੀ ਲੈਕੇ ਟਕ ਲਾਇਆ। ਆਪ ਕਾਰ ਕਢੀ, ਦੁਸਾਲੇ ਨਾਲ, ਪੰਜ ਵਾਰੀ। ਸਿਖ, ਸੰਤ, ਮਾਈ, ਬੀਬੀ ਸਭ ਕੋਈ ਲਗਾ ਕਾਰ ਕਢਣਿ॥੧੯॥

## ੨੦. ਦਮਦਮੇ ਬਾਰੇ ਭਵਿਖਤ

ਸਿਖਾਂ ਕਹਿਆ: 'ਆਪ ਨੇ ਬਚਨ ਕੀਤਾ ਥੀ, ਸਾਡੀ ਗੁਪਤ ਕਾਂਸੀ ਹੈ? ਕਾਂਸੀ ਵਿਚ ਤਾਂ ਬਿਸੇਸਰ ਨਾਥ ਹੈ, ਅੰਨ ਪੂਰਨਾਂ ਦੇਵੀ ਹੈ, ਭਗੀਰਥੀ ਗੰਗਾ ਹੈ, ਮਣੀਕਰਨ ਤੀਰਥ ਹੈ; ਏਥੇ ਕੀ ਕੀ ਹੈ, ਜੀ! ਕਾਂਸੀ ਕਾ ਚਿਹਨ?'

ਗੁਰੂ ਜੀ ਬਚਨ ਕੀਤਾ: 'ਏਹ ਜੋ ਗੁਰੂ ਅਸਥਾਨ ਹੈ, "ਦਮਦਮਾ" ਏਹ ਬਸੇਸਰ ਨਾਥ ਹੈ। ਜੋ ਕੋਈ ਏਸ ਦੀ ਕਾਰ ਕਰੂਗਾ, ਓਸ ਨੂੰ ਰਿਧਿ ਸਿਧਿ ਮਿਲੂ, ਰਾਜ ਭਾਗ ਮਿਲੂ, ਸਿਖੀ ਪ੍ਰਾਪਤ ਹੋਊ। ਓਥੇ ਅੰਨ ਪੂਰਨਾਂ ਦੇਵੀ ਹੈ, ਏਥੇ ਅੰਨ ਦੀ ਦੇਗ ਹੈ, ਜੋ ਕੋਈ ਆਵੇ ਸਭ ਕੋ। ਓਥੇ ਭਗੀਰਥੀ ਗੰਗਾ ਹੈ ਏਥੇ ਨਾਮ ਦੀ ਗੰਗਾ ਹੈ। ਓਥੇ ਮਣੀਕਰਨ ਤੀਰਥ ਹੈ ਏਥੇ ਗੁਰੂ ਸਰ ਤੀਰਥ ਹੈ। ਏਥੇ ਬਡੇ ਗੁਣੀ ਹੋਣਿਗੇ, ਗਿਆਨੀ ਹੋਣਿਗੇ, ਸਬਦ ਕੇ ਵਿਚਾਰ ਵਾਲੇ ਹੋਣਿਗੇ, ਬਿਗਆਨ ਕੇ ਸਮਝਣੇ ਵਾਲੇ ਹੋਣਿਗੇ, ਬਿਦਿਆਰਥੀ ਹੋਣਿਗੇ, ਭਜਨਵਾਨ ਹੋਣਿਗੇ, ਟਹਿਲ ਸੇਵਾ ਵਾਲੇ ਬਹੁਤ ਹੋਣਿਗੇ। ਅਸੀ ਇਸੀ ਕਾ ਦਰਸਨ ਕਰਨ ਆਏ ਥੇ।'

ਮੰਜੀ ਪ੍ਰਗਟ ਨਾਹੀ ਬਣੀ। ਸਿਖਾਂ ਨੋ ਸੋਝੀ ਭੀ ਹੈ,
ਬਣਾਈ ਨਹੀ ਮੰਜੀ*॥੨੦॥

---

* ਹੁਣ ਇਥੇ ਮੰਜੀ ਸਾਹਿਬ ਬਣੀ ਹੋਈ ਹੈ ਤੇ ਗੁਰੂ ਸਰ ਸਰੋਵਰ ਦੇ ਦੱਖਣ ਵਲ ਬੀ ਮੰਜੀ ਸਾਹਿਬ ਦੱਸੀਦੀ ਹੈ, ਜਿਥੇ ਸਤਿਗੁਰੂ ਜੀ ਨੇ ਦੁਸ਼ਾਲੇ ਵਿਚ ਕਾਰ ਕਢੀ ਸੀ।

www.sikhbookclub.com



## 21. ਬਠਿੰਡਾ

ਗੁਰੂ ਜੀ ਸ਼ਿਕਾਰ ਚੜੇ ਸਨ। ਪੰਜਾਂ ਕੋਹਾ ਥੋਂ ਬਠਿੰਡਾ ਵੇਖਿਆ। ਗੁਰੂ ਜੀ ਕਹਿਆ: 'ਏਹੁ ਉਚੇ ਥਾਇ ਕਿਆ ਹੈ ਦਿਸਦਾ?'

ਸਿਖਾਂ ਕਹਿਆ, 'ਜੀ ਬਠਿੰਡਾ ਹੈ।'

ਚਲੇ, ਖੇਡਦੇ ਖੇਡਦੇ ਜਾਇ ਪਹੁਤੇ। ਦੇਖਕੇ ਗੁਰੂ ਜੀ ਨੇ ਕਿਹਾ, 'ਵਡੀ ਜਗਾ ਹੈ।' ਨੌ ਦਿਨ ਰਹੇ॥੨੧॥

## 22. ਸੂਲੀ ਸਰ

ਗੁਰੂ ਜੀ ਨੇ, ਫਿਰ ਤਲਵੰਡੀ ਥੋਂ ਕੂਚ ਕੀਤਾ। ਸੂਲੀ ਸਰ ਡੇਰਾ ਹੋਇਆ। ਓਥੇ ਚਾਰ ਚੋਰ ਆਏ, ਦੁਇ ਹਿੰਦੂ, ਦੁਇ ਮੁਸਲਮਾਨ। ਵੇਖਨਿ ਚੌਫੇਰੇ ਗੁਰੂ ਜੀ ਕੇ ਸ਼ੇਰ ਨੇ ਦੋਇ ਵਾਰੀ ਪ੍ਰਕਰਮਿਆਂ ਦਿਤੀ, ਮਥਾ ਟੇਕਿਆ। ਮੁਸਲਮਾਨਾਂ ਕਹਿਆ: 'ਜਾਹਿਰਾ ਪੀਰ ਹੈ, ਅਸੀਂ ਨਾਹੀ ਏਸ ਕੀ ਚੋਰੀ ਕਰਦੇ, ਏਹੁ ਸਚਾ ਪੀਰੁ ਹੈ।'

ਇਕ ਹਿੰਦੂ ਕਹਿਦਾ, 'ਅਸੀ ਚੋਰੀ ਕਰਾਂਗੇ।
ਹਜਾਰਾਂ ਰੁਪਈਆਂ ਕੇ ਘੋੜੇ ਖੜੇ ਹੈਂ।'

ਮੁਸਲਮਾਨ ਕਹਿੰਦੇ 'ਚੋਰੀ[1] ਕਰਦੇ ਨਹੀਂ।
ਜੇ ਤੂੰ ਕਰੇ ਤਾਂ ਅਧ ਛਡਦੇ ਨਹੀਂ।'

ਹਿੰਦੂਆਂ ਨੇ ਗੁਰੂ ਕਾ ਘੋੜਾ ਚੁਰਾਇਆ। ਘੋੜਾ ਜੀਨ ਪੋਸ ਪਾਏ ਕੋਤਲ ਖੜਾ ਸੀ। ਜਾਂ ਘੋੜਾ ਖੋਲਿਆ, ਹਿੰਦੂ ਅੰਨੇ ਹੋਇ ਗਏ। ਦਿਹੁੰ ਚੜਿਆ। ਗੁਰੂ ਜੀ ਨੇ ਹਕੀਕਤ ਪੁੱਛੀ।

ਓਨੀ ਕਹਿਆ, 'ਜੀ! ਗਰੀਬ ਨਵਾਜ! ਅਸੀਂ ਘੋੜੇ ਦੇਖਕੇ ਆਏ ਥੇ ਚੋਰੀ ਲਗਣਿ, ਦੋਇ ਹਿੰਦੂ ਦੋਇ ਮੁਸਲਮਾਨ। ਅਗੇ ਆਇਕੇ ਦੇਖਿਆ, ਤਾਂ ਸੇਰ ਪ੍ਰਕਰਮਾ ਕਰਕੇ ਸਿਜਦਾ ਕਰਦਾ ਹੈ। ਅਸੀ ਤਾਂ ਆਖਿਆ ਏਹ ਤਾਂ ਜਾਹਰਾ ਪੀਰ ਹੈ, ਜਿਸ ਨੂੰ ਸੇਰ ਸਿਜੰਦਾ ਕਰਦਾ ਹੈ। ਅਸੀਂ ਤਾਂ ਹਟਿ ਰਹੇ, ਏਹ ਹਿੰਦੂ ਆਇ[2] ਘੋੜਾ ਖੋਲਿਆ, ਦੋਵੇਂ ਅੰਧੇ ਹੋਇ ਗਏ। ਅਸੀ ਭੀ ਸਦੇ, ਜਾਂ ਅਸੀਂ ਆਉਣ ਲਗੇ ਅਸੀ ਭੀ ਅੰਧੇ ਹੋਇ ਗਏ। ਐਤਨੇ ਨੂੰ ਦਿਹੁੰ ਚੜਿਆ, ਸਿਖ ਸਾਨੂੰ ਫੜਿ ਲਿਆਏ।'

---

1. ਪਾ.-ਗੁਰੂ ਕੀ ਚੋਰੀ। 2. ਪਾ:- ਅਸੀਂ ਤਾਂ ਹਟਿ ਗਏ, ਹਿੰਦੂਆਂ ਨੇ....

www.sikhbookclub.com



ਗੁਰੂ ਜੀ ਬਚਨ ਕੀਤਾ; 'ਤੁਸੀ ਰਾਤ ਨੂੰ ਕਿਉਂ ਲੈਂਦੇ ਥੇ ਹੁਣਿ ਲੈ ਲਓ।' ਤਾਂ ਓਨਾਂ ਕਹਿਆ; 'ਹੁਣ ਤਾਂ ਸਾਡੀ ਸਕਤਿ ਕਖ ਲੈਣ ਦੀ ਭੀ ਨਹੀ। ਹੁਣ ਤਾਂ ਚੋਰਾਂ ਨੂੰ ਜੋ ਕਿਛੁ ਦੰਡ ਦੇਈ ਦਾ ਹੈ, ਸੋ ਦੇਵੋ।'

ਗੁਰੂ ਜੀ ਨੇ ਕਹਿਆ ਦੁਹਾਂ ਨੂੰ 'ਸੂਲੀ ਦੇਹੁ[1]।' ਦੋਮੇ ਜੰਡਿ ਉਤੋਂ ਦੀ ਚਾੜੇ, ਇਕ ਹਿੰਦੂ ਨੂੰ ਜੰਡਿ ਦੀ ਕਿਸੀ[2] ਲਗੀ ਸੂਲੀ ਆਈ। ਮੁਸਲਮਾਨ ਬਚੇ॥੨੨॥

## 23. ਬਰ੍ਹੇ ਚੁਮਾਸਾ ਕੱਟਿਆ

ਅਗੇ ਡੇਰਾ ਬਰ੍ਹੀ ਹੋਇਆ। ਬਰਿਆਂ ਨੂੰ ਕਹਿਆ; 'ਤੁਸੀ ਐਤ ਜਾਗਾ ਹੋਇ ਬਸੋ? ਤੁਮਾਰੀ ਫਤੇ ਹੋਵੇਗੀ। ਤੁਸਾਂ ਨੂੰ ਕੋਈ ਜਿਤ ਨਹੀਂ ਸਕੇਗਾ।' ਗੁਰੂ ਜੀ ਨੇ ਸਾਉਣ ਕਾ ਚਉਮਾਸਾ ਡੇਰਾ ਓਥੇ ਹੀ ਰਖਿਆ। ਘੋੜਿਆਂ ਰਥਾਂ ਕਿਆਂ ਬੈਲਾਂ ਨੂੰ ਮੋਠ ਚਾਰੇ। ਗੁਰੂ ਜੀ ਨੇ ਹਲ ਪਾਇਕੇ ਬਹੁਤ ਬੀਜਾਏ ਸੇ ਮੋਠ॥੨੩॥

## 24. ਬਛੋਆਣੇ

ਅਗੇ ਡੇਰਾ ਬਛੋਆਣੇ ਹੋਇਆ। ਪਿਪਲੁ ਕੀ ਛਾਉਂ ਡੇਰਾ ਹੋਇਆ। ਤਲਾਉ ਕੇ ਕਿਨਾਰੇ ਵਡੀ ਢਾਬ ਹੈਗੀ। ਗੁਰੂ ਜੀ ਨੇ ਡੇਰਾ ਸਤ ਦਿਨ ਰਖਿਆ। ਗੁਰੂ ਜੀ ਨਾਲ ਬਹੁਤ ਸੰਗਤਾਂ ਸਨਿ ਜੀ। ਲਸੀ ਨੂੰ ਮਹੀ ਬਹੁਤ ਸਨ। ਇਕ ਬੂਰੀ ਮਹਿ ਬਹੁਤ ਉਮਦੀ ਸੀ।

ਗੁਰੂ ਜੀ ਨੂੰ ਸਿਖਾਂ ਨੇ ਕਹਿਆ; 'ਏਥੇ ਚੰਗੀ ਲੇਹੀ[3] ਹੈ। ਮਹੀ ਨੇ ਦੁਧ ਬਹੁਤ ਦਿਤਾ।' ਗੁਰੂ ਸਾਹਿਬ ਨੇ ਕਹਿਆ; 'ਇਹ ਲੇਹੀ ਸਦਾ ਲਵੇਰੀ ਹੈ।' ਓਦੋਂ ਓਥੇ ਰੰਘੜ ਸਨ ਬਸਦੇ॥੨੪॥

---

1. ਵੈਰਾਗ ਮੂਰਤ ਦਿਆਲ ਸਤਿਗੁਰ ਦੇ ਇਹ ਵਾਕ ਨਹੀਂ ਹੋ ਸਕਦੇ। ਜੋ ਉਪਰ ਕਹਿੰਦੇ ਹਨ ਕਿ ਤੁਸੀਂ ਰਾਤ ਨੂੰ ਕਿਉਂ ਲੈਂਦੇ ਸਾਓ ਹੁਣ ਲੈ ਲਓ ਉਨ੍ਹਾਂ ਦੇ ਸੁਭਾਵ ਦੇ ਹੀ ਵਿਰੁਧ ਹਨ ਇਹ ਲਫਜ਼। ਸੂਰਜ ਪ੍ਰਕਾਸ਼ (ਰਾਸ ੧੧ ਅੰਸੂ ੪੦) ਨੇ ਬੀ ਇਥੋਂ ਲੈਕੇ ਐਸੇ ਹੀ ਲਫਜ਼ ਲਿਖੇ ਹਨ ਪਰ ਉਸ ਨੇ ਚੋਰ ਚਾਰ ਨਹੀਂ ਪਰ ਦੋ ਲਿਖੇ ਹਨ। ਤ੍ਵਾ: ਖਾਲਸਾ ਨੇ ਲਿਖਿਆ ਹੈ ਕਿ ਓਹ ਚੋਰ ਆਪੇ ਹੀ ਸੂਲੀ ਚੜ੍ਹਕੇ ਮਰ ਗਿਆ। ਜਾਪਦਾ ਹੈ ਸ਼ਰਮਿੰਦਾ ਹੋ ਪ੍ਰਾਸਚਿਤ ਵਜੋਂ ਉਹ ਆਪ ਹੀ ਸੂਲੀ ਚੜਕੇ ਮਰਿ ਗਿਆ ਹੈ।
2. ਤਿੱਖੀ ਪਤਲੀ ਸੂਲੀ ਵਰਗੀ ਲਕੜੀ। [ਕ੍ਰਿਸ਼ ਤੋਂ ਕਿੱਸੀ=ਪਤਲੀ]
3. ਮਲਗੁਜ਼ਾਰ, ਚਰਾਗਾਹ, ਹਰਜਾਵਲ।

www.sikhbookclub.com



## 25. ਗੋਬਿੰਦ ਪੁਰੇ[1]

ਓਥੋਂ ਕੂਚ ਹੋਇਆ ਗੁਰੂ ਜੀ ਕਾ ਡੇਰਾ। ਗੋਬਿੰਦ ਪੁਰੇ ਉਤਰੇ। ਟਹਿਲ ਜੇਹੀ ਕੁ ਸਿਖਾਂ ਥੋਂ ਸਰੀ ਤੇਹੀ ਕੁ ਕੀਤੀ॥੨੫॥

## 26. ਗਾਗੇ

ਅਗੇ ਡੇਰਾ ਗਾਗੇ ਦੇ ਰਾਹਿ ਵਿਚਿ ਉਤਰਿਆ। ਫੇਰ ਗਾਗੇ ਉਤਰੇ, ਡੇਰਾ ਕੀਤਾ। ਗੁਰੂ ਜੀ ਕੇ ਸਿਖ ਘਾਸ ਨੂੰ ਗਏ। ਰੰਘੜਾਂ ਨੇ ਬਰਖੇਸੀਆਂ ਨੇ ਸਿਖ ਛੇਤੇ ਫਾਟੇ[2]। ਗੁਰੂ ਜੀ ਗੁੱਸੇ ਹੋ ਕੇ ਕੂਚ ਕਰ ਚਲੇ। ਓਨੀ ਹਥ ਜੋੜਕੇ ਟਿਕਾਏ, ਬਹੁਤ ਬੇਨਤੀ ਕਰਕੇ। ਗੁਰੂ ਜੀ ਤਿਨਾ ਨੂੰ ਵੇਖਿਕੇ ਖੁਸੀ ਨਾ ਹੋਏ॥੨੬॥

## 27. ਗੁਰਨੀ

ਗੁਰੂ ਜੀ ਨੇ ਅਗੇ ਡੇਰਾ ਗੁਰਣੀ ਕੀਤਾ। ਗਾਗੇ ਕੇ ਜੱਟ ਮਗਰੇ ਗਏ। ਗੁਰੂ ਜੀ ਨੇ ਓਨਾਂ ਕੋ ਆਦਰ ਨਾ ਕੀਆ॥੨੭॥

## 28. ਮਕਰੋੜ-ਗਾਗੇ ਦੇ ਜੱਟ ਬਖਸ਼ੇ

ਡੇਰਾ ਅਗੇ ਮਕੋਰੜ ਕੀਤਾ। ਗਾਗੇ ਵਾਲੇ ਓਥੇ ਭੀ ਮਗਰੇ ਗਏ। ਫੇਰ ਸਿਖਾਂ ਹਥ ਜੋੜੇ, ਕਹਿਆ: 'ਏਨਾਂ ਪਾਸੋਂ ਹੋਈ ਤਾਂ ਬੁਰੀ ਹੈ, ਪਰ ਗਰੀਬ ਿਨਵਾਜ ਜੀ! ਏਨਾਂ ਕੋ ਬਖਸੀਏ ਜੀ!' ਫੇਰ ਸਾਹਿਬ ਦਾ ਬਚਨ ਹੋਇਆ: 'ਏਨਾਂ ਦੀਆਂ ਜੜਾਂ ਖਾਰੇ ਸਮੁੰਦ੍ਰ ਵਿਚ ਪਾਇ ਦਿਤੀਆਂ ਸਨ ਪਟ ਕੇ, ਸੰਗਤ ਡਾਢੀ ਹੈ, ਬਰਖੇਸੀਆਂ[3] ਦੀਆਂ ਸੁਧਕਦੀਆਂ ਰਹੀਆਂ, ਰੰਘੜਾਂ ਦੀਆਂ ਸਮੁੰਦਰ ਵਿਚ।'

ਗੁਲ ਗੁਲੀਆਂ ਨੂੰ ਬਖਸ ਹੋਈ; 'ਤੁਸੀ ਪੰਜ ਹੋਵੋਗੇ, ਤਾਂ ਭੀ ਸਿਧੂਆਂ ਨਾਲ ਅੜਦੇ ਰਹੋਗੇ।' ਸਿਧੂਆਂ ਨੂੰ ਬਚਨ ਹੋਇਆ 'ਲੰਮੇ ਵਧਦੇ ਨਾਹੀ, ਆਪਣੇ ਮਰਾਤਬੇ ਵਿਚ ਹਛੇ ਰਹੋਗੇ।'

---

1. ਬਰੇ, ਗੋਬਿੰਦਪੁਰੇ, ਗਾਗੇ, ਗੁਰਨੇ, ਮਕਰੋੜ ਤੇ ਧਮਧਾਣ ਆਗਮਨ ਦੇ ਪ੍ਰਸੰਗ ਕਵੀ ਸੰਤੋਖ ਸਿੰਘ ਜੀ ਨੇ ਰਾਸ ੧੧ ਅੰਸੂ ੪੧ ਵਿਚ ਦਿਤੇ ਹਨ।
2. ਭਾਵ ਕੁੱਟੇ ਮਾਰੇ।
3. ਆਪਣੀ ਜੜ ਆਪ ਪੁੱਟਣ ਵਾਲੇ।

www.sikhbookclub.com



ਸਿਧੂ ਘਿਓ ਦੀਆਂ ਬਲਣੀਆਂ ਤੇ ਭੂਰੇ ਲਈ ਫਿਰਦੇ ਸਨ। ਗੁਰੂ ਜੀ ਨੇ ਸਭ ਕੁਹ ਲੈਆ ਤੇ ਬਖ਼ਸੇ, ਸਿਖ ਕੀਤੇ॥੨੮॥

## 29. ਧਮਧਾਣ

ਅਗੇ ਡੇਰਾ ਗੁਰੂ ਜੀ ਨੇ ਧਮਤਾਣ ਕੀਤਾ। ਓਥੇ ਇਕ ਜਿਮੀਦਾਰ ਮਿਲਿਆ। ਦੱਗੋ ਉਸ ਦਾ ਨਾਮ ਥੀ, ਓਹ ਗੁਰੂ ਕਾ ਮਸੰਦ ਥੀ। ਗੁਰੂ ਜੀ ਕਹਿਆ: 'ਭਾਈ ਦੱਗੋ! ਦੂਧ ਲੈ ਕੇ ਮਿਲਿਆਂ ਹੈ, ਐਥੇ ਦੂਧ ਸਦੀਵ ਰਹੂਗਾ।' ਗੁਰੂ ਜੀ ਕਹਿਆ; 'ਦਗੋ ਸਾਧ ਸੰਗਤ ਦੀ ਟਹਿਲ ਕਰੁ, ਜਿਤਨੇ ਦਿਨ ਡੇਰਾ ਐਥੇ ਹੈ'। ਫੇਰ ਗੁਰੂ ਜੀ ਬਚਨ ਕੀਤਾ: 'ਸਾਡੀ ਪੋਸਾਕਿ ਧੋਇ ਲਿਆਵੇ? ਕਲਿ ਨਾਓ ਉਤੇ ਲਖੇ ਹਾਂ ਘਘਰਿ, ਐਸ ਤੀਰਥ ਵਿਚ ਨਹੀਂ ਧੋਣਾਂ!' ਤਾਂ ਸਿਖਾਂ ਕਹਿਆ: 'ਜੀ ਗਰੀਬ ਨਿਵਾਜ! ਏਹੁ ਕਿਸ ਦਾ ਤੀਰਥ ਹੈ?' ਤਾਂ ਬਚਨ ਹੋਇਆ: 'ਐਥੇ ਰਾਮ ਜੀ ਨੇ ਜੱਗ ਕੀਤਾ ਹੈ ਲਊ ਕੁਸੂ ਦੇ ਜੁਧ ਵੇਲੇ। ਵਡਾ ਮਹਾਤਮ ਵਾਲਾ ਕੁੰਡ ਹੈ ਏਹੁ।'

ਇਕ ਨਥੂ ਮਲ ਖਤ੍ਰੀ ਹੋਇਆ ਹੈ, ਓਸ ਨੇ ਏਸ ਦੀ ਕਾਰ ਕਰਵਾਈ ਹੈ। ਘਾਟ ਬਣਵਾਇਆ ਹੈ। ਦੇਵਤਿਆਂ ਕੀਆਂ ਮੂਰਤਾਂ ਅਸਥਾਪਨ ਕੀਤੀਆਂ। ਇਸੀ ਕਰਕੇ ਏਸ ਦਾ ਨਾਓ ਨਥਵਾਣਾ ਹੈ। ਏਕ ਜਿਮੀਦਾਰ ਥਾ ਮੇਦਨੀਮਲ, ਓਹ ਏਸ ਤਾਲ ਵਿਚ ਅਸਨਾਨ ਕਰਕੇ ਹਮੇਸਾ ਦੇਖ ਜਾਂਦਾ; ਕੋਈ ਭੂਖਾ ਹੋਇ, ਰੋਟੀ ਦੇਂਦਾ। ਉਸ ਦੀ ਸਮਾਣੀ ਨ੍ਹਾਂਓਂਦੀ ਰਾਤ ਨੂੰ ਹਮੇਸਾ ਨੇਮ ਥੀ। ਇਕ ਦਿਨ ਸੁਕਾ ਦੇਖਿਆ, ਤਾਂ ਓਸ ਕਹਿਆ; "ਜੇ ਤਾਂ ਸਤਿਆ ਦਾ ਤੀਰਥ ਹੈਂ ਤਾਂ ਮੇਰਾ ਨੇਮ ਰਖ।" ਜਾਂ ਡਲਾ ਪੁਟਿਆ, ਤਾਂ ਟੋਘਣਾਂ ਜਲ ਦਾ ਪੂਰਿ ਆਇਆ। ਤਿਸ ਨੇ ਅਸਨਾਨ ਕੀਤਾ, ਬਡਾ ਅਨੰਦ ਹੋਇਆ, ਤਿਸ ਦਿਨ ਤੇ ਕੋਈ ਬਸਤ੍ਰ ਨਹੀਂ ਧੋਂਦਾ।' ਜਦੋਂ ਐਸਾ ਮਹਾਤਮ ਗੁਰੂ ਸਰ ਕਾ ਕਹਿਆ, ਸਭ ਕਿਸੀ ਨੂੰ ਪ੍ਰਤੀਤ ਹੋਈ*।

ਗੁਰੂ ਜੀ ਕੀ ਪੋਸਾਕ ਜਿਸ ਛਪੜੀ ਵਿਚ ਧੋਤੀ, ਓਸ ਨੂੰ 'ਧੋਬਾ'ਆਂਹਦੇ ਹੈਨ॥੨੯॥

---

* ਸੂਰਜ ਪ੍ਰਕਾਸ਼ ਨੇ ਇਹ ਵਾਰਤਾ ਨਹੀਂ ਦਿੱਤੀ। ਜਾਪਦਾ ਹੈ ਕਵੀ ਜੀ ਨੂੰ ਜ਼ਾਤੀ ਖੋਜ ਸਮੇਂ ਇਹ ਸਾਖੀ ਸਹੀ ਨਹੀਂ ਹੋਈ, ਇਸ ਲਈ ਸੂ:ਪ੍ਰ: ਵਿਚ ਨਹੀਂ ਸ਼ਾਮਲ ਕੀਤੀ। ਪਰ ਧਮਧਾਣ ਦੀ ਹੋਰ ਇਕ ਕਥਾ ਦਿਤੀ ਹੈ। ਦੇਖੋ ਰਾਸ ੧੧ ਅੰਸੂ ੪੧।

www.sikhbookclub.com



## 30. ਭਾਈ ਫੇਰੂ ਨੂੰ ਵਰ

ਭਾਈ ਫੇਰੂ[1] ਉਦਾਸੀ ਨੇ ਗੁਰੂ ਹਰਿਰਾਇ ਕੇ ਲੰਗਰ ਕਾ ਜਲੁ ਭਰਿਆ। ਗੁਰੂ ਹਰਿ ਕ੍ਰਿਸ਼ਨ ਕੇ ਲੰਗਰ ਕਾ ਜਲ ਭਰਿਆ। ਗੁਰੂ ਤੇਗ ਬਹਾਦਰ ਕੇ ਲੰਗਰ ਕਾ ਜਲ ਭਰਿਆ ਸੀ, ਐਤਨਾ ਚਿਰੁ ਮੰਡਾਸਾ ਨਹੀਂ ਖੋਲਿਆ। ਕੀੜੇ ਚਲ ਗਏ ਸੀਸ ਬਿਚ। ਇਕਸ ਦਿਨ ਮਥਾ ਟੇਕਿਆ ਗੁਰੂ ਜੀ ਨੂੰ, ਤਾਂ ਕੀੜਾ ਸੀਸ ਬਿਚੋਂ ਡਿਗ ਪਇਆ। ਭਾਈ ਫੇਰੂ ਨੇ ਚੁੱਕਕੇ, ਸੀਸ ਬਿਚਿ ਪਾਇ ਲਇਆ, ਤਾਂ ਗੁਰੂ ਜੀ ਬਚਨ ਕੀਤਾ, 'ਭਾਈ ਫੇਰੂ ਏਹ ਕੀ ?' ਤਿਨ ਆਖਿਆ 'ਜੀ ਗਰੀਬ-ਨਿਵਾਜ! ਘਰ ਥੀ ਭੂਲ ਕੇ ਡਿਗਾ ਥੀ। ' ਗੁਰੂ ਜੀ ਬਚਨ ਕੀਤਾ; 'ਭਾਈ ਫੇਰੂ! ਮੰਗ ਜੋ ਚਾਹਿੰਦਾ ਹੈ, ਗੁਰੂ ਦਿਆਲ ਹੈ।' ਤਿਨ ਆਖਿਆ, 'ਮੈਂ ਤਾਂ ਤੇਰੇ ਦਾਸੋਂ ਕਾ ਦਾਸ ਹਾਂ ਇਹੀ ਬਰ ਦੇਵੋ ਜੋ ਚਾਹ ਨ ਹੋਵੈ।' ਗੁਰੂ ਜੀ ਕਹਿਆ: 'ਤੈਨੂੰ ਚਾਹ ਭੀ ਨਹੀਂ ਹੋਊ। ਤੈਂ ਗੁਰੂ ਕੇ ਟਹਿਲ ਕੀਤੀ ਹੈ, ਤੇਰਾ ਲੰਗਰ ਭੀ ਚਲੂ, ਤੇ ਪੰਥ ਭੀ ਚਲੂ। ਹੋਰ ਕਾ ਅਬੀਰ ਤੇਰਾ ਫਕੀਰ। ਗੁਰੂ ਕੀ ਟਹਿਲ ਅਨਥੀ ਨਹੀਂ ਜਾਂਦੀ।

ਭਾਈ ਫੇਰੂ ਸਚੀ ਦਾੜ੍ਹੀ। ਭਾਈ ਫੇਰੂ ਕਰਣੀ ਸਾਰੀ।
ਭਾਈ ਫੇਰੂ ਜਗ ਤੁਲਹਾ ਭਾਰੀ। ਭਾਈਫੇਰੂ ਕੇ ਸਤਿਗੁਰ ਬਲਿਹਾਰੀ' ॥੩੦॥

## 31. ਇਕਾਦਸ਼ੀ ਝਾੜੂ ਦੇਂਦੀ ਗੁਰੂਦੁਆਰੇ

ਇਕਸ ਦਿਨ ਇਕ ਸਕਤੀ ਝਾੜੂ ਦੇਂਦੀ ਦੇਖੀ ਤੰਬੂ ਕੇ ਆਗੇ। ਗੁਰੂ ਜੀ ਕਹਿਆ 'ਤੂੰ ਕੌਣ ਹੈਂ?' ਓਨ ਮਥਾ ਟੇਕਿ ਕੇ ਕਹਿਆ; 'ਜੀ ਮੈਂ ਇਕਾਦਸੀ ਹਾਂ। ਜੋ ਕੋਈ ਬਿਸਨ ਉਪਾਸਕ ਹੈ, ਸੋ ਸਭ ਕੋਈ ਮੇਰਾ ਬ੍ਰਤ ਕਰਦੇ ਹੈਨ।' ਗੁਰੂ ਜੀ ਬਚਨ ਕੀਤਾ, 'ਅਸੀਂ ਉਪਾਸਕ ਨਿਰੰਕਾਰ ਕੇ ਨਾਮ ਕੇ ਹਾਂ। ਬ੍ਰਤ ਕਹਿਕੇ ਰਖਾਉਣਾਂ ਨਹੀਂ, ਰਖਦੇ ਨੂੰ ਹਟਾਉਣਾ ਨਹੀਂ। ਨਿਮਾਣੀ ਇਕਾਦਸੀ ਨੂੰ ਬੜਾ ਪੂਰਬ ਹੋਊ ਏਥੇ। ਬਰਤ ਭੀ ਬਹੁਤ ਰਖਣਗੇ[2]' ॥੩੧॥

---

1. ਸੂ: ਪ੍ਰਕਾਸ਼ (ਰਾਸ ੧੧ ਅੰਸੂ ੪੨) ਨੇ ਇਸ ਸਿਖ ਦਾ ਨਾਮ ਭਾਈ ਮੇਹਾ ਦਿਤਾ ਹੈ। 'ਭਾਈ ਫੇਰੂ' ਨਾਮ ਦੇਣਾ ਇਸ ਪੋਥੀ ਦੇ ਲੇਖਕ ਦੀ ਭੁਲ ਜਾਪਦੀ ਹੈ। ਲੇਖਕ ਦਾ ਭਾਵ ਇਸ ਸਾਖੀ ਤੋਂ ਸੰਗਤ ਦੀ ਸੇਵਾ ਵਿਚ ਤੀਬ੍ਰਤਾ ਦਿਖਾਉਣ ਦਾ ਹੈ।
2. ਸੂਰਜ ਪ੍ਰਕਾਸ਼ ਦੇ ਕਰਤਾ ਨੇ ਇਹ ਸਾਖੀ ਬੀ ਨਹੀਂ ਦਿਤੀ, ਜਾਪਦਾ ਹੈ ਉਸ ਨੂੰ ਆਪਣੀ ਖੋਜ ਵਿਚ ਇਸ ਦੀ ਸਾਖ ਨਹੀਂ ਮਿਲੀ।

www.sikhbookclub.com



## 32. ਬਾਂਗਰ ਦੇਸ਼ ਵਿਚ

ਦੀਵਾਲੀ ਦਾ ਮੇਲਾ ਆਇਆ, ਬਹੁਤ ਸੰਗਤਾਂ ਆਈਆਂ; ਬੜਾ ਜੋੜ ਮੇਲ ਹੋਇਆ। ਦੇਗ ਪ੍ਰਸਾਦਿ ਹੋਇਆ, ਕੜਾਹੁ ਪ੍ਰਸਾਦਿ ਹੋਆ। ਗੁਰੂ ਜੀ ਬਚਨ ਕੀਤਾ: 'ਏਹ ਗੁਰੂ ਅਸਥਾਨ ਬਾਂਗਰ ਦੇਸ ਬਿਚਿ ਹੈ। ਇਸ ਦੇਸ ਕਾ ਤਾਂ ਸਿਖੁ ਬਿਰਲਾ ਬਾਂਝਾ ਹੋਊ, ਏਥੇ ਦੂਰ ਦੂਰ ਕੇ ਸਿਖ ਆਵਨਿਗੇ। ਸਦੀਵ ਮੇਲਾ ਹੋਊ। ਧੌਂਸੇ ਬਜਨਗੇ, ਪੋਥੀਆਂ ਗ੍ਰੰਥ ਜੀ ਪੜੀਅਨਿਗੇ, ਕਥਾ ਕੀਰਤਨ ਹੋਊਗਾ, ਝੰਡੇ ਝੂਲਨਿਗੇ, ਘੋੜੇ ਹਾਥੀ ਝੂਲਨਿਗੇ, ਲੰਗਰ ਬਰਤੂਗਾ ਧੌਂਸਾ ਬਜਕੇ ਸਭ ਕਿਸੀ ਨੂੰ।'

ਸਿਖਾਂ ਬਚਨ ਕੀਤਾ: 'ਜੀ ਗਰੀਬ ਨਿਵਾਜ! ਜੰਗਲ ਦੇਸ ਭੀ ਦੇਖਿਆ, ਗੁਰੂ ਕੀ ਗੁਪਤ ਕਾਂਸੀ ਭੀ ਦੇਖੀ, ਬਾਂਗਰ ਦੇਸ ਵੀ ਦੇਖਿਆ[1], ਹੁਣ ਤਾਂ ਕੁਲਛੇਤ ਧਰਤੀ ਦਿਖਾਓ, ਜਿਥੇ ਕੈਰੋ ਪਾਂਡੋ ਨੇ ਜੁਧ ਕੀਤੇ ਹੈਨਿ।'

ਗੁਰੂ ਜੀ ਬਚਨ ਕੀਤਾ: 'ਪੰਦ੍ਰਾਂ ਦਿਹ ਏਥੇ ਹੋਰ ਰਹਿਣਾ ਹੈ। ਗੁਰੂ ਨਾਨਕ ਜੀ ਕਾ ਪੂਰਨਮਾ[2] ਕਾ ਪੁਰਬ ਕਰਕੇ ਚੜਾਂਗੇ।'

ਗੁਰੂ ਜੀ ਨੇ ਲੰਗਰ ਦੇ ਚੁਲ੍ਹੇ ਆਪਣੇ ਤੰਬੂ ਦੇ ਪਾਸ ਹੀ ਬਣਵਾਏ। ਫੇਰ ਇਕਸ ਦਿਨ ਬਚਨ ਕੀਤਾ ਪੰਡਤ ਕੋ: 'ਮਿਸਰ ਜਾਤੀ ਮੱਲ[3]! ਜਗ ਵਿਚ ਬਿਸੇਸ ਪ੍ਰਸਾਦਿ ਕਿਹੜਾ ਹੈ?' ਓਨ ਆਖਿਆ: 'ਮਹਾਰਾਜ ਜੀ! ਵਿਸ਼ੇਸ਼ ਭੋਜਨ ਖੀਰ ਖੰਡ ਕਾ ਹੈ ਤੇ ਗੁਰੂ ਨਾਨਕ ਜੀ ਕਾ ਪ੍ਰਸਾਦਿ ਕੜਾਹੁ ਪ੍ਰਸਾਦਿ ਹੈ।' ਗੁਰੂ ਜੀ ਨੇ ਬਚਨ ਕੀਤਾ: 'ਏਥੇ ਰਾਮ ਜੀ ਨੇ ਜੱਗ ਕੀਤਾ ਹੈ, ਗੁਰੂ ਨਾਨਕ ਜੀ ਕਾ ਪੁਰਬ ਹੈ, ਦੋਮੈ ਪ੍ਰਸਾਦਿ ਕਰੇ; ਤਸਮਈ ਭੀ ਤੇ ਕੜਾਹੁ ਪ੍ਰਸਾਦਿ ਭੀ; ਹੋਰ ਪੂਰੀ ਕਚੌਰੀ ਭੀ।'

ਬਹੁਤਾ ਦੂਧ ਮੰਗਵਾਇਆ, ਤਸਮਈ ਹੋਈ। ਹੋਰ ਪ੍ਰਸਾਦਿ ਭੀ ਦਿਨ ਰਾਤ ਵਿਚ ਤਈਆਰ ਹੋਏ। ਦਿਹੁ ਚੜਦੇ ਨੂੰ ਪੰਗਤਾਂ ਬਿਠਾਇ ਦਿਤੀਆਂ। ਸਿਖ ਸਾਧ ਬ੍ਰਹਮਣ ਫਕੀਰ ਸਭਸ ਨੂੰ ਪ੍ਰਸਾਦਿ ਵਰਤਿਆ। ਸਾਰਾ ਦਿਹ ਜੋ ਕੋਈ ਚਲਕੇ ਆਇਆ ਸਭਸ ਨੂੰ ਦੀਆ। ਪੂਰਨਮਾਂ ਕਾ ਜਗ ਪੂਰਾ ਹੋਇਆ। ਤਿਸੀ ਦਿਨ ਤੇ ਗੁਰੂ ਜੀ ਕਾ ਤਿਸ ਦੇਸ ਮੈਂ ਜਸ ਹੋਇ ਰਹਿਆ ਹੈ॥੩੨॥

---

1. 'ਗੁਰੂ ਕੀ ਗੁਪਤ ਕਾਂਸ਼ੀ ਬੀ ਦੇਖੀ, ਬਾਂਗਰ ਦੇਸ ਭੀ ਦੇਖਿਆ' ਖਾ: ਕਾ: ਦੇ ਲਿਖਤੀ ਨੁਸਖੇ ਦਾ ਪਾਠ ਹੈ।
2. ਕੱਤਕ ਪੂਰਨਮਾਸ਼ੀ ਦਾ।
3. ਪਾ:- ਤਾਜੀ ਮਲ।

www.sikhbookclub.com



## 33. ਦੱਗੋ ਮਸੰਦ ਦੀ ਪਛੇਮਾਨੀ ਤੇ ਨਾਸ਼

ਦੱਗੋ ਨੂੰ ਗੁਰੂ ਜੀ ਨੇ ਅਕੋਤ੍ਰ ਸੈ ਮੂਹਰ ਦਿਤੀ, ਬਚਨ ਕੀਤਾ: 'ਤੂੰ ਗੁਰੂ ਕਾ ਮਸੰਦ ਹੈਂ, ਨਾਲੇ ਤੇਰਾ ਜਿਮੀਦਾਰਾ ਹੈ, ਸਾਡਾ ਅਸਥਾਨ ਬਣਾਉਣਾ, ਕੂਆ ਲਾਉਣਾ, ਗੁਰੂਸਰ ਕੀ ਕਾਰ ਕਢਾਉਣੀ। ਜੇ ਤਾਂ ਸਾਬਤੀ ਰਖੀ ਤਾਂ ਤੇਰੀ ਫੇਰ ਬੀ ਖਬਰ ਲਿਆਂਗੇ, ਜੇ ਨਿਰਾ ਮਸੰਦ ਹੋਇ ਗਇਆ ਤਾਂ ਤੇਰੇ ਤੇਰੀ ਉਲਾਦ ਦੇ ਪੇਸ ਆਊ। ਏਹ ਪੂਜਾ ਕੀ ਬਿਰਾਟਿਕਾ[1] ਹੈ, ਬਡਿਆਂ ਬਡਿਆਂ ਨੂੰ ਦਾਗ ਲਾਇਆ ਹੈ।'

ਤਿਸਨੈ ਕੂਆ ਆਪਣੀ ਨਿਆਈਂ ਬਿਚਿ ਲਾਇਆ ਦੂਸਰੇ ਪਾਸੇ; ਤਾਂ ਕੂਆ ਨਿਘਰਿ ਗਇਆ। ਦੂਜੀ ਬਾਰੀ ਫੇਰਿ ਚਿਣਿਆਂ ਤਾਂ ਵਿੰਗਾ ਹੋਇ ਗਇਆ। ਓਦੋਂ ਓਸ ਕੇ ਅਠਾਰਾਂ ਆਦਮੀ ਥੇ ਜਦੋਂ ਗੁਰਾਂ ਤੇ ਵੇਮੁਖ ਹੋਇਆ। ਉਲਾਦ ਮਾਰਿ ਹੋ ਗਈ, ਪਾਣੀ ਦੇਵਾ ਭੀ ਨਾ ਰਹਿਆ। ਚੁਲ੍ਹਿਆਂ ਵਿਚ ਅਕਿ ਜੰਮੇ। ਏਹ ਬਾਤ ਰੌਸਨ ਹੈ। ਸਭ ਕੋਈ ਜਾਣਦਾ ਹੈ ਦੱਗੋ ਦੀ[2]।

ਆਪ ਚੜ੍ਹੇ। ਤਿਥੇ ਭਾਈ ਫੇਰੂ ਦਾ ਚੇਲਾ ਭਾਈ ਟਹਿਲ ਦਾਸ ਰਹਿਆ॥੩੩॥

## 34. ਖਨੌਰੀ

ਗੁਰੂ ਜੀ ਨੇ ਡੇਰਾ, ਖਨੌਰੀ ਕੇ ਪਾਸ ਸੰਗਮ ਹੈ, ਓਥੇ ਕੀਤਾ। ਮਾਰਕੰਡਾ ਸੁਰਸ੍ਵਤੀ ਦੋਮੇ ਘਘਰਿ ਨੂੰ ਮਿਲੇ ਹੈਨ। ਮਤੰਗ ਰਿਖੀਸ਼ੂਰ ਨੇ ਤਿਥੇ ਤਪ ਕੀਤਾ ਹੈ। ਤ੍ਰਿਬੇਣੀ ਕੇ ਸਮਾਨ ਅਸਥਾਨ ਹੈ॥੩੪॥

## 35. ਬਹਿਰ ਜੱਖ

ਅਗੇ ਡੇਰਾ ਬਹਿਰ ਜੱਖ ਕੀਤਾ, ਤਖਾਣ ਸਿਖ ਦੇ ਘਰਿ। ਬਡਾ ਪ੍ਰੇਮੀ ਥੀ। ਗੁਰੂ ਜੀ ਕੇ ਨਮਿਤ ਅਗੇ ਹੀ ਤਖਤ ਬਣਾਇ ਰਖਿਆ ਥੀ, ਉਤੇ ਚੰਦੋਆ ਤਾਣਿਆ ਥੀ। ਧੂਪ ਦੇਂਦਾ, ਦੀਵਾ ਬਾਲਦਾ, ਮਥਾ ਟੇਕਦਾ ਕਹਿੰਦਾ: 'ਘਰ ਛਡਕੇ ਜਾਊ ਤਾਂ ਪਿਛੋਂ ਚੋਰ ਲੁਟਿ ਲੈਣਿਗੇ। ਸਚਾ ਗੁਰੂ ਮੇਰੀ ਭਾਉਨੀ ਏਥੇ

---

1. ਪੂਜਾ ਦੀ ਕੌਡੀ, ਪੂਜਾ ਦਾ ਧਾਨ।
2. ਸੂਰਜ ਪ੍ਰਕਾਸ਼ ਵਿਚ ਰਾਸ ੧੧ ਅੰਸੂ ੪੩ ਦੇ ਸ਼ੁਰੂ ਵਿਚ ਇਹ ਪ੍ਰਸੰਗ ਧਮਧਾਨ ਦੇ ਰਾਹਕ ਦਾ ਆਇਆ ਹੈ। ਅਗਲੀਆਂ ਦੋਵੇਂ ਸਾਖੀਆਂ ਦੇ ਟਿਕਾਣਿਆਂ ਤੇ ਸਤਿਗੁਰਾਂ ਦੇ ਪਧਾਰਨ ਦੇ ਪ੍ਰਸੰਗ ਬੀ ਇਸੇ ਅੰਸੂ ਵਿਚ ਹਨ।

www.sikhbookclub.com



ਹੀ ਪੂਰੀ ਕਰੇ, ਦਰਸਨ ਦੇਵੇ।' ਤਿਸ ਹੀ ਤਖਤ ਉਤੇ ਜਾਇ ਬੈਠੇ। ਤਿਸ ਨੇ ਚਰਨ ਧੋਇਕੇ ਚਰਨਾਂਮ੍ਰਿਤੁ ਲਇਆ। ਆਪਨੇ ਸਨਬੰਧੀਆਂ ਨੂੰ ਭੀ ਦਿੱਤਾ। ਤਨ ਮਨ ਤੇ ਸਿਖ ਦੇਖਿਆ। ਗੁਰੂ ਜੀ ਕਹਿਆ, 'ਤਖਣੇਟਿਆਂ ਕੇ ਸਿਖੀ ਕਾ ਨਿਵਾਸ ਹੋਉ।'

ਸਿਖਾਂ ਕਹਿਆ 'ਜੀ ਗਰੀਬ ਨਿਵਾਜ! ਜਖ ਦਾ ਕੀ ਅਰਥ ਹੈ?'

ਗੁਰੂ ਜੀ ਕਹਿਆ 'ਜਦੋਂ ਕੈਰੋਂ ਪਾਂਡੋ ਜੁਧ ਕੀਤਾ, ਓਦੋਂ ਚਾਰ ਜੋਧੇ ਖੜੇ ਕਰ ਲਏ ਥੇ, ਬਾਂਹਾਂ ਫੜਾਇਕੇ: ਬਹਿਰ ਜੱਖ, ਰਾਮ ਜੱਖ, ਰਤਨ ਜੱਖ, ਤਰਖੂ ਜੱਖ। ਏਨਾ ਥੀ ਕੋਈ ਬਾਹਰ ਨਾ ਜਾਇ ਭਜਕੇ।

ਤਾਂ ਦਿਲਸੁਖ ਨੇ ਕਹਿਆ, 'ਦੇਖੋ, ਗਰੀਬਨਿਵਾਜ! ਮੇਰੀ ਮੂਰਖਤਾਈ, ਜੋ ਕੁਟੰਬ ਸਨਬੰਧ ਹੈ, ਕੋਈ ਨਹੀਂ ਕਿਸੇ ਕਾ, ਤਿਸ ਕੇ ਸਾਥ ਮੈਂ ਪ੍ਰੀਤ ਕੀਤੀ ਹੈ। ਜੋ ਧਨ ਪਦਾਰਥ, ਘਰਿ, ਬਾਰ, ਸਨਬੰਧੀਆਂ ਬੈਠਿਆਂ ਹੀ ਵੰਡ ਲੈਂਦੇ ਹੈਨ ਤਿਸ ਕੀ ਮੈਂ ਰਾਖੀ ਰਖਦਾ ਰਹਿਆ ਹਾਂ। ਸਰੀਰ ਘਰ ਨੂੰ ਪੰਜੇ ਚੋਰ ਲੁਟੀ ਜਾਂਦੇ ਹੈਨ, ਦਿਨ ਰਾਤ।'

ਗੁਰੂ ਜੀ ਬਚਨ ਕੀਤਾ, 'ਦਿਲਸੁਖ! ਦਿਲ ਵਿਚਿ ਬੀਚਾਰ ਕਰੀਏ ਤਾਂ ਸੁਖ ਹੋਂਦਾ ਹੈ। ਘਰ ਕੇ ਸਾਮਾਨ* ਤਿਆਗਣੇ ਕਰਕੇ ਨਹੀਂ ਸੁਖ ਹੋਂਦਾ:- ਜੋ ਪ੍ਰਾਨੀ ਨਿਸਿ ਦਿਨਿ ਭਜੇ ਰੂਪ ਰਾਮ ਤਿਹ ਜਾਨੁ॥ ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥੧॥ ਤੁਸਾਂ ਭੀ ਦਿਨ ਰਾਤ ਵਾਹਿਗੂਰੂ ਚਿਤ ਕਰਨਾਂ। ਜੇ ਗ੍ਰਿਹਸਤ ਬਿਖੇ ਨਿਰਬਾਣ ਹੈਨ ਸੋਈ ਸਿਝੇ ਹੈਨ।'

ਤਿਨ ਆਖਿਆ, 'ਆਪ ਕਾ ਦੀਦਾਰ ਫੇਰ ਕਦ ਹੋਊ?'

ਗੁਰੂ ਜੀ ਬਚਨ ਕੀਤਾ, 'ਇਕ ਬਾਰੀ ਫੇਰ ਆਮਾਂਗੇ ਏਥੇ ਹੀ' ॥੩੫॥

## 36. ਕੈਂਥਲ

ਫੇਰ ਡੇਰਾ ਕੈਂਥਲ ਕੀਤਾ, ਢੰਡਾਰ ਤੀਰਥ ਉਤੇ। ਸ਼ਹਿਰ ਦੇ ਸਿਖ, ਜੋ ਕੋਈ ਥੀ, ਸਭਸ ਨੇ ਦਰਸਨ ਕੀਤਾ।

ਤਾਂ ਇਕ ਸਿਖ ਤਖਣੇਟਾ ਥੀ, ਓਨ ਆਖਿਆ: 'ਗੁਰੂ ਜੀ! ਮੇਰੇ ਘਰ ਚਲੋ, ਬਾਹਰ ਧਾੜਾਂ ਪੈਂਦੀਆਂ ਹਨਿ।' ਗੁਰੂ ਜੀ ਬਚਨ ਕੀਤਾ: 'ਸਾਨੂੰ ਨਹੀਂ

---

* ਪਾ:— ਸਾਮਣੇ, ਭਾਵ ਸਾਮਾਨ ਤੋਂ ਹੀ ਹੈ।

www.sikhbookclub.com



ਪੈਨਿਗੀਆਂ।' ਓਨ ਆਖਿਆ: 'ਭਲਾ ਗੁਰੂ ਜੀ! ਜੋ ਆਪ ਕੀ ਰਜਾਇ।' ਫੇਰ ਬੇਨਤੀ ਕੀਤੀ: 'ਜੀ ਗਰੀਬ ਨਿਵਾਜ! ਗੁਰੂ ਕਾ ਪੁਰਬ ਕਿਹੜਾ ਹੈ ਜੀ?'

ਗੁਰੂ ਜੀ ਕਹਿਆ: 'ਪ੍ਰਿਥਮੇ ਤਾ ਬਸਾਖੀ ਗੁਰੂ ਪੂਜਾ ਕਾ ਦਿਨ ਹੈ। ਦੂਜਾ ਦਿਵਾਲੀ ਗੁਰ ਪੂਜਾ ਕਾ ਦਿਨ ਹੈ। ਸੰਗ੍ਰਾਦ ਮਾਘ ਦੀ। ਪੂਰਨਮਾਂ, ਦਸਮੀ ਗੁਰੂ ਨਾਨਕ ਜੀ ਕਾ ਪੁਰਬ ਹੈ। ਜਿਸ ਦਿਨ ਸਾਧ ਸੰਗਤ ਕਾ ਜੋੜ ਮੇਲ ਹੋਵੇ, ਓਸ ਦਿਨ ਸਦੀਵ ਹੀ ਗੁਰ ਪੁਰਬ ਹੈ। ਗੁਰੂ ਤੇ ਸੰਗਤ ਏਕ ਰੂਪ ਹੈ, ਓਤ ਪੋਤ ਕਛੂ ਭੇਦ ਨਹੀਂ।'

ਤਿਸ ਸਿਖ ਨੇ, ਦਸਮੀ ਕੇ ਦਿਨ ਪ੍ਰਸਾਦਿ ਦੀ ਤਿਆਰੀ ਕਰੀ। ਕੜਾਹ ਪ੍ਰਸਾਦਿ ਥੀ ਆਦ ਲੈ ਸਭ ਪ੍ਰਸਾਦਿ ਕਰੇ, ਏਕ ਰਸਨਾਂ ਕਿਆ ਕੋਈ ਕਹਿ ਸਕੈ। ਫੇਰ ਗੁਰੂ ਜੀ ਅਗੇ ਅਨਿ ਬੇਨਤੀ ਕਰੀ: 'ਜੀ ਗਰੀਬ ਨਿਵਾਜ! ਪ੍ਰਸਾਦਿ ਤਿਆਰ ਹੈ, ਰੁਖਾ ਮਿਸਾ, ਦਾਸ ਕੇ ਘਰਿ ਚਰਨ ਪਾਵੋ ਜੀ ਕ੍ਰਿਪਾ ਕਰਕੇ।'

ਗੁਰੂ ਜੀ ਤਿਸਕਾ ਪ੍ਰੇਮ ਦੇਖਕੇ ਅੰਦਰ ਗਏ। ਮਾਤਾ ਜੀ ਭੀ ਗਏ। ਸਰਬਤ ਸਾਧ ਸੰਗਤ ਭੀ ਗਈ। ਗੁਰੂ ਜੀ ਨੂੰ ਚੌਕੀ ਉਤੇ ਬੈਠਾਇਆ। ਹੇਠ ਰੇਸਮੀ ਵਸਤ੍ਰ ਵਿਛਾਇਆ। ਹੋਰ ਸਾਧ ਸੰਗਤ ਹੇਠ ਉਤੇ ਸਾਰੇ ਬੈਠਿ ਗਏ, ਬਡੀ ਭੀੜ ਹੋਈ। ਭਾਈ ਗੁਰਦਿਤੇ ਰਮਦਾਸ ਅਰਦਾਸ ਕੀਤੀ, ਅਨੰਦ ਪੜ ਕੇ ਅਰਦਾਸ ਕੀ। ਗੁਰੂ ਜੀ ਨੂੰ ਥਾਲ ਰਖਿ ਪਰੋਸਕੇ, ਸਰਬਤ ਨੂੰ ਬਰਤਾਇਆ ਪ੍ਰਸਾਦਿ। ਫੇਰ ਚੁਲ੍ਹਾ ਕਰਾਇਆ। ਜਥਾ-ਸਕਤਿ ਭੇਟਾ ਰਖੀ, ਚਰਨਾਂ ਉਤੇ ਮੱਥਾ ਟੇਕਿਆ। ਹਥ ਜੋੜਕੇ ਬੇਨਤੀ ਕੀਤੀ: 'ਮੈਂ ਤੇਰਾ ਦਾਸ ਹਾਂ, ਤੂ ਗਰੀਬ ਨਿਵਾਜ ਹੈਂ ਜੀ।'

ਗੁਰੂ ਜੀ ਕਹਿਆ: 'ਧੰਨ ਸਿਖੀ। ਏਥੇ ਸਿਖੀ ਦਾ ਨਿਵਾਸ ਹੋਊ। ਕਥਾ ਕੀਰਤਨ ਹੋਊ ਸਦਾ।' ਫੇਰ ਢੰਢਾਰ ਉਤੇ ਹੀ ਆਂਨਿ ਉਤਰੇ* ॥੩੯॥

---

* ਕਵੀ ਸੰਤੋਖ ਸਿੰਘ ਜੀ ਇਸ ਨਗਰ ਕੈਂਥਲ ਵਿਚ ਚਿਰ ਕਾਲ ਰਹੇ ਹਨ ਤੇ ਗੁਰ ਪ੍ਰਤਾਪ ਸੂਰਜ ਦੀ ਰਚਨਾ ਏਥੇ ਹੀ ਹੋਈ ਹੈ, ਆਪ ਲਿਖਦੇ ਹਨ:- ਤਿਸ ਕੈਂਥਲ ਪੁਰਿ ਮਹਿ ਕਵਿ ਬਸੇ। ਗੁਰ ਜਸੁ ਕਰਤ ਰਹਜੋ ਅਘ ਨਸੇ। ਇਸ ਲਈ ਵਿਸ਼ੇਸ਼ ਖੋਜ ਤੋਂ ਜੋ ਪ੍ਰਸੰਗ ਆਪ ਨੇ ਸਹੀ ਕੀਤੇ ਓਹੀ ਅੰਸੂ ੪੩ ਵਿਚ ਦਿਤੇ ਹਨ ਤੇ ਇਸ ਸਾਖੀ ਦੀ ਇਹ ਕਥਾ ਗ੍ਰਹਣ ਨਹੀਂ ਕੀਤੀ। ਇਹ ਦਸਦੀ ਹੈ ਕਿ ਆਪ ਦੀ ਖੋਜ ਬੜੀ ਵਿਤ੍ਰੇਕਵੀਂ ਸੀ।

www.sikhbookclub.com



## 37. ਬਾਰਨੇ

ਤਿਥੇ ਤੇ ਕੂਚ ਕਰਕੇ ਡੇਰਾ ਬਾਰਨੇ ਕੀਤਾ। ਇਕ ਸਿਖ ਥਾ ਪ੍ਰੇਮੀ, ਓਸ ਰਸਤ ਪੱਠੇ ਕੀ ਸੇਵਾ ਕੀਤੀ। ਤਿਨ ਆਖਿਆ: 'ਜੀ ਗਰੀਬ ਨਿਵਾਜ! ਕਾਛੂ ਆਇਆ ਹੈ ਸਾਡੇ ਖੇਤਾਂ ਨੂੰ; ਮੇਰਾ ਮਨ ਪਿਛੇ ਨਹੀਂ ਪੈਂਦਾ, ਜੇ ਮੈਂ ਜਾਵਾਂ, ਕੁਛ ਰਿਆਇਤ ਕਰਵਾਵਾਂ ਕਹਿ ਸੁਣ ਕੇ।'

ਗੁਰੂ ਜੀ ਕਹਿਆ: 'ਤੂੰ ਐਥੇ ਹੀ ਰਹੁ, ਤੇਰਾ ਖੇਤ ਕਛੂਨੇ ਵਿਚ ਨਹੀਂ ਆਉਂਦਾ'। ਉਸਦਾ ਖੇਤ ਨਹੀਂ ਕਛਿਆ ਗਇਆ ਬਥੇਰਾ ਜਤਨ ਕਰ ਰਹੇ। ਤਾਂ ਫੇਰ ਉਸ ਕਾਛੂ ਨੇ ਓਸ ਸਿਖ ਨੂੰ ਸਦਿਆ। ਸਿਖ ਨੂੰ ਆਖਿਆ: 'ਸਿਖਾ! ਤੇਰਾ ਖੇਤੁ ਕਿਤਨਾ ਹੈ?' ਸਿਖ ਨੇ ਆਖਿਆ: 'ਜੀ ਮੇਰਾ ਖੇਤ ਸਵਾ ਸੌ ਬਿਘਾ ਹੈ।'

ਓਸ ਆਖਿਆ: 'ਮੈਂ ਤਿੰਨ ਵਾਰੀ ਕਛਿਆ ਪੰਝੀ ਵਿਘੇ ਹੋਇਆ, ਏਹ ਕੀ ਅਸਚਰਜ ਹੈ? ਸਚ ਦੱਸੁ? ਗੁਰੂ ਕੇ ਵਾਸਤੇ!'

ਸਿਖ ਆਖਿਆ: 'ਮੇਰੇ ਗੁਰੂ ਕਾ ਵਚਨ ਥੀ, ਸੋ ਸਚਾ ਹੋਇਆ।' ਓਨ ਆਖਿਆ: 'ਆਪਣੇ ਗੁਰੂ ਕਾ ਮੈਨੂੰ ਭੀ ਦਰਸਨ ਕਰਵਾਉ।' ਸਿਖ ਆਖਿਆ: 'ਚਲ ਮੈਂ ਦਰਸਨ ਕਰਵਾਉਂਦਾ ਹਾਂ।' ਕਾਛੂ ਨੇ ਗੁਰੂ ਕਾ ਦਰਸਨ ਕੀਤਾ। ਅਰਜ ਕੀਤੀ: 'ਜੀ ਗਰੀਬ ਨਿਵਾਜ, ਸਿਖ ਕੀ ਜਮੀਨ ਕਾ ਕੀ ਕਾਰਨ ਹੋਇਆ?'

ਗੁਰੂ ਜੀ ਕਹਿਆ: 'ਮੁਹਰ ਦੇ ਅਖਰ ਪੁਠੇ ਹੋਂਦੇ ਹੈਨਿ, ਜਦੋਂ ਕੋਡੀ ਕਰਕੇ ਲਾਈਦੀ ਹੈ, ਅਖਰ ਸਿਧੇ ਹੋਇ ਜਾਂਦੇ ਹੈਨ। ਤਿਸੀ ਤਰਾਂ ਸਿਖ ਜਦੋਂ ਗੁਰੂ ਨੂੰ ਮਥਾ ਟੇਕਦਾ ਹੈ, ਉਸ ਦਾ ਭੀ ਭਾਗ ਉਘੜ ਆਉਂਦਾ ਹੈ।'

ਤਿਨ ਆਖਿਆ: 'ਜੀ ਮੈਂ ਪੰਝੀ ਬਿਘੇ ਭੀ ਨਹੀਂ ਲਾਉਂਦਾ, ਮੈਨੂੰ ਆਪ ਕਾ ਸਿਖ ਕਰੋ ਜੀ।' ਗੁਰੂ ਜੀ ਨੇ ਤਿਸ ਨੂੰ ਸਿਖ ਕੀਤਾ* ॥੩੭॥

---

* ਸੂਰਜ ਪ੍ਰਕਾਸ਼ ਨੇ ਇਸ ਸਾਖੀ ਨਾਲ ਬਾਰਨੇ ਦੇ ਇਸ ਜ਼ਿਮੀਦਾਰ ਤੋਂ ਤੰਬਾਕੂ ਛਡਾਉਣ ਦਾ ਬੀ ਪ੍ਰਸੰਗ ਦਿਤਾ ਹੈ ਕਿ ਜਦ ਉਸ ਨੇ ਗੁਰੂ ਹੁਕਮ ਮੰਨਕੇ ਤੰਬਾਕੂ ਛਡ ਦਿਤਾ ਤਾਂ ਉਸਦਾ ਅੰਨ ਧਨ ਵਧਿਆ ਤੇ ਉਸ ਦਾ ਵੰਸ ਫਲਿਆ ਫੂਲਿਆ ਪਰ ਕਵੀ ਜੀ ਦੇ ਵੇਲੇ ਦੇ ਉਸ ਵੰਸ਼ ਦੇ ਬੰਦੇ ਨੇ ਤੰਬਾਕੂ ਪੀਣਾ ਸ਼ੁਰੂ ਕਰ ਦਿਤਾ ਤਾਂ ਕੰਗਾਲ ਹੋ ਗਿਆ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਅਸਾਂ ਉਸ ਨੂੰ ਸਮਝਾ ਬੁਝਾ ਕੇ ਫਿਰ ਤੰਬਾਕੂ ਛੁਡਵਾਇਆ ਤੇ ਖੰਡੇ ਦਾ ਅੰਮ੍ਰਿਤ ਛਕਾਇਆ।

www.sikhbookclub.com



## 38. ਕਰਨ ਖੇੜੇ

ਫੇਰ ਚੜੇ ਚੜੇ ਰਾਜੇ ਕਰਨ ਦੇ ਖੇੜੇ ਉਤੇ ਜਾਇ ਖੜੇ ਹੋਏ। ਬਚਨ ਕੀਤਾ: 'ਧੰਨ ਰਾਜਾ ਕਰਨ ਜਿਨ ਸਵਾ ਮਣ ਸੁਇਨਾ ਪੁੰਨ ਕੀਤਾ, ਹਮੇਸ਼ਾਂ। ਆਪਣੀ ਖਲ ਭੀ ਉਤਾਰ ਦਿਤੀ।'

ਡੇਰਾ ਥਾਨ ਤੀਰਥ ਕੀਤਾ। ਤਿਥੇ ਬਡਾ ਜਗੁ ਕੀਤਾ। ਪ੍ਰਿਥਮੇ ਸਿਧ ਬਟੀ ਮਥਾ ਟੇਕਿਆ ਗੁਰੂ ਨਾਨਕ ਜੀ ਕੇ ਅਸਥਾਨ। ਫੇਰ ਗੁਰੂ ਹਰਿ ਗੋਬਿੰਦ ਜੀ ਕੇ ਅਸਥਾਨ ਮਥਾ ਟੇਕਿਆ। ਫੇਰ ਸਰਬਤ ਨੂੰ ਪ੍ਰਸਾਦਿ ਛਕਾਇਆ। ਬ੍ਰਹਿਮਣਾਂ ਨੇ ਆਖਿਆ: 'ਮਹਾਰਾਜ ਜੀ! ਐਸਾ ਦਾਨ ਦੇਵੋ ਸਾਡਾ ਪੁਤ ਪੋਤਾ ਭੀ ਖਾਇ।' ਗੁਰੂ ਜੀ ਨੇ ਹੁਕਮ ਨਾਮਾ ਦਿਤਾ ਤਾਮੇ ਦੇ ਪਤ੍ਰੇ ਉਤੇ ਲਿਖਾਇਕੇ॥੩੮॥

www.sikhbookclub.com



ਪਾਤਸ਼ਾਹੀ ੧੦

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਜੰਗਲ ਦੇਸ਼ ਫੇਰੀ

## 39. ਰਖਵਾਲਾ

ਗੁਰੂ ਜੀ ਡੇਰਾ ਆਗੇ ਇਕ ਨਗਰੀ ਕੀਤਾ। ਗੁਰੂ ਜੀ ਕਹਿੰਦੇ, 'ਏਸ ਨਗਰੀ ਕਾ ਕੀ ਨਾਉਂ ਹੈ?' ਜ਼ਿਮੀਂਦਾਰ ਕਹਿੰਦੇ, 'ਜੀ ਏਸ ਪਿੰਡ ਕਾ ਨਾਉਂ ਰੁਖਾਲਾ[1] ਹੈ।'

ਗੁਰੂ ਜੀ ਕਹਿੰਦੇ, 'ਰੁਖਾਲਾ[1] ਨਾ ਕਹੁ, ਰਖਵਾਲਾ ਕਹੋ!'

ਓਥੇ ਜਲਾਲ[2] ਕੇ ਪੈਂਚ ਮਿਲੇ ਗੁੜ ਪ੍ਰਸਾਦਿ ਲੈਕੇ। ਦੁਇ ਤਾਉੜੇ ਦੁਧਕੇ, ਇਕ ਚੰਗੀ ਬਰਛੀ ਮਥਾ ਟੇਕੀ। ਗੁਰੂ ਜੀ ਬਰਛੀ ਵੇਖਕੇ ਪ੍ਰਸਿੰਨ ਹੋਏ।

ਓਨਾਂ ਕਾ ਕਿਸੇ ਪਿੰਡ ਨਾਲ ਵੈਰੁ ਸੀ। ਓਨੀ ਕਹਿਆ, 'ਗੁਰੂ ਜੀ ਬਚਨ ਕਰੋ; ਸਾਡੀ ਫਤੇ ਹੋਵੇ'। ਗੁਰੂ ਜੀ ਕਹਿੰਦੇ: 'ਗੁਰੂ ਕੇ ਘਰ ਨੂੰ ਨਿਮੇਂ ਰਹਿਣਾ, ਤੁਮਾਰੀ ਫਤੇ ਹੋਵੇਗੀ। ਤੁਮਾਰੇ ਉਤੇ ਚੜੀ ਆਵੇਗੀ, ਲਥੀ ਜਾਵੈਗੀ।' ਗੁਰੂ ਜੀ ਨੇ ਪਹਿਲਾਂ ਚਾਕਰ ਭੀ ਰਖੇ, ਸਭਨਾਂ ਬੈਰਾੜਾਂ ਥੋਂ।

ਜਲਾਲ ਕੇ ਅਠਾਰਾਂ ਸੈ ਪਚੀਏ ਗੁਰੂ ਕੇ ਦਲ[3] ਨੂੰ ਜਾਇ ਪਏ ਰਾਤ ਨੂੰ। ਸਿਖਾਂ ਨੂੰ ਦੁਹ ਨੂ ਮਾਰਿ ਆਏ, ਘੋੜੇ ਪੰਜ ਕਢ ਲਿਆਏ। ਅਗਲੇ ਦਿਨ ਦਲ ਨੇ ਜਲਾਲ ਕਾ ਪਿੰਡੁ ਮਾਰਿ ਲਇਆ। ਫੇਰ ਪੈਂਚਾਂ ਨੇ ਕੜਾਹੁ ਪ੍ਰਸਾਦਿ ਕਰਵਾਇਆ। ਤਨਖਾਹ ਬਖਸਾਈ; 'ਜੀ ਅਸੀਂ ਭੁਲੇ ਹਾਂ ਜੀ। ਗੁਰੂ ਕਾ ਬਚਨ ਸੀ, ਗੁਰੂ ਕੇ ਘਰ ਵਲ ਸਜੂਦ[4] ਰਹਿਣਾਂ। ਸਾਥੋਂ ਮਨਮਤ ਹੋਈ ਹੈ।'

---

1. ਪਾ:-ਖੁਰਾਲਾ।
2. 'ਜਲਾਲ' ਰਜਾਸਤ ਨਾਭਾ ਵਿਚ ਇਕ ਪਿੰਡ ਹੈ, ਫੂਲ ਤੋਂ ਨੌਂ ਦਸ ਮੀਲ ਤੇ ਦੀਨੇ ਤੋਂ ਦੋ ਢਾਈ ਕੋਹ ਤੇ।
3. ਗੁਰੂ ਕੇ ਦਲ ਤੋਂ ਮੁਰਾਦ ਸਿੰਘਾਂ ਦੇ ਦਲ ਦੀ, ਯਾ ਖਾਲਸੇ ਦੇ ਦਲ ਦੇ ਡੇਰੇ ਦੀ ਹੈ।
4. ਨਿਵੇਂ ਰਹਿਣਾ।

www.sikhbookclub.com



ਗੁਰੂ ਕੀ ਜਾਗਾ ਪਾਸ ਫੇਰਿ ਪਿੰਡ ਵਸਾਇਆ ਓਨਾਂ ਨੇ। ਓਸ ਕਾ ਨਾਂਓ 'ਗੁਰੂ ਸਰ' ਰਖਿਆ।

ਦੀਨੇ ਕਿਆਂ ਥੋਂ ਡੇਰਾ ਪਹਿਲਾ ਏਹੁ ਹੋਇਆ* ॥੩੯॥

## 40. ਭਾਈ ਭਗਤੇ

ਅਗੇ ਡੇਰਾ ਕੂਚ ਹੋਇਆ, ਭਗਤੇ ਪਿਪਲ ਹੇਠਿ ਜਾਇ ਬੈਠੇ, ਖੂਹ ਕੇ ਲਾਉਣੇ। ਗੁਰੂ ਜੀ ਕਹਿੰਦੇ: 'ਖੂਹ ਕਿਸ ਕਾ ਲਗਦਾ ਹੈ?' ਕਹਿੰਦੇ: 'ਜੀ! ਭਗਤੇ ਕਾ ਲਗਦਾ ਹੈ।'

ਗੁਰੂ ਜੀ ਕਹਿੰਦੇ: 'ਦੰਮ ਲਗਣ ਪਤਿਸਾਹਾਂ ਕੇ ਸਾਬੂਨਿਗਰਾਂ ਕਾ ਨਾਉ।'

ਸਿਖਾਂ ਕਹਿਆ: 'ਜੀ, ਬਾਹਰੀ ਕਰੀਏ, ਏਹੁ ਕੀ ਹਕੀਕਤ ਹੈ?'

ਗੁਰੂ ਜੀ ਕਹਿੰਦੇ: ਇਕੁ ਦੀਵਾਨ ਤੁਰਕਾਂ ਕਾ ਸੀ ਰਾਮੂ, ਉਸਕੀ ਬੇਟੀ ਨੂੰ ਭੂਤ ਲਗਾ ਹੋਇਆ ਸੀ। ਉਸ ਨੇ ਹਜੂਰ ਜਾਇਕੇ ਕਿਹਾ, 'ਜੀ ਬਾਲਕੀ ਨੂੰ ਭੂਤ ਹੈ ਲਗਾ ਹੋਇਆ।' ਓਥੇ ਅਨੰਦਪੁਰ ਭਗਤਾ ਸੀ ਬੈਠਾ; ਭਗਤੇ ਦੀ ਪੈਰੀ ਪਾਏ। ਭਗਤੇ ਕਹਿਆ: 'ਸਭ ਸੁਖ ਹੋਇ ਜਾਊਗਾ।' ਓਸ ਬਾਲਕੀ ਕਾ ਭੂਤ ਦੂਰ ਹੋਇਆ। ਓਸ ਭੂਤ ਕਹਿਆ: 'ਜੀ ਮੈਨੂੰ ਛਡੋ, ਕਿਤੇ ਆਪ ਕਾ ਕੋਈ ਔਖਾ ਕੰਮ ਹੋਊ ਮੈਨੂੰ ਯਾਦਿ ਕਰਣਾ।' ਭਗਤੇ ਓਹੁ ਕੈਦ ਥੋਂ ਛਡਿ ਦਿਤਾ। ਓਸ ਦੀਵਾਨ ਕੀ ਬੇਟੀ ਰਾਜੀ ਹੋਈ। ਦੀਵਾਨ ਕਹਿਆ; 'ਜੀ ਕਾਈ ਟਹਿਲ ਫੁਰਮਾਓ।' ਭਗਤੇ ਕਹਿਆ; 'ਖੂਹ ਭਗਤੇ ਲਵਾਇ ਦੇਹ।' ਖੂਹ ਓਹ ਲਵਾਉਣ ਲਗਾ। ਖੂਹ ਕਲਿਆਣ ਦਾਸ ਬੈਰਾਗੀ ਪਾੜ ਦਿਤਾ, ਕਰਾਮਾਤੀ ਹੈਸੀ। ਓਸ ਨੇ ਭੀ ਖੂਹ ਕਲਿਆਣ ਲਾਇਆ ਹੈਸੀ। ਭਗਤੇ ਨੇ ਫੇਰ ਭੂਤ ਓਹੋ ਹੀ ਯਾਦ ਕੀਤਾ। ਓਹੁ ਆਇਆ। ਖੂਹ ਫੇਰ ਨੀਉਂ ਧਰਕੇ ਮੁਢਹੁ ਅੰਦਰ ਵਾਰ ਤੇ ਭੂਤਾਂ ਨੇ ਇਕ ਰਾਤ ਵਿਚ ਤਿਆਰ ਕੀਤਾ। ਦਿਲੀ ਤੇ ਪਥਰ ਆਂਦੇ, ਲਹੌਰ ਤੇ ਚੂਨਾ ਆਂਦਾ, ਕੂਆ ਤਿਆਰ ਹੋਇਆ।

ਭਾਈ ਭਗਤੇ ਆਖਿਆ 'ਮੈਂ ਕਿਲਾ ਪਾਇਆ ਹੈ, ਇਕੁ ਬਾਹੀ ਭੂਤਾਂ ਕੀ ਹੋਈ। ਪੰਜ ਮਣਿ ਛੋਲੇ ਪਵਾਇਆ ਕਰਨ, ਹਮੇਸ਼ਾ ਕਰੜ ਕਰੜ ਚਬਿਆ

---

* ਗੁਰ ਪ੍ਰਤਾਪ ਸੂਰਜ ਵਿਚ ਇਹ ਤੇ ਅਗਲਾ ਪ੍ਰਸੰਗ ਐਨ ੧ ਦੇ ਅੰਸੂ ੧ ਵਿਚ ਕਵੀ ਨੇ ਇਸ ਪੋਥੀ ਤੋਂ ਲੈਕੇ ਕਵਿਤਾ ਵਿਚ ਰਚਿਆ ਹੈ।

www.sikhbookclub.com



ਕਰਨ, ਉਬਾਜ ਆਵੇ*। ਰਾਤ ਨੂੰ ਮੁੰਜ ਰਖ ਦੇਣ, ਦਿਹ ਨੂੰ ਬਾਣ ਹੀ ਬਾਣ ਹੋਇ ਜਾਇ। ਬਾਤ ਏਹ ਰੋਸਨ ਹੈ, ਭਗਤੇ ਕੇ ਭੂਤਾਂ ਕੀ॥੪੦॥

## 41. ਘੁਘਣੀਆਂ ਸਿੰਘ

ਭਗਤੇ ਇਕੁ ਸਿੰਘ ਸਸਤ੍ਰਾਂ ਕੀ ਕਮਰ ਕਸਕੇ ਮਿਲਿਆ ਸੀ। ਨਾਲ ਉਸਕਾ ਬੇਟਾ ਸੀ। ਬਕੁਲੀਆਂ ਕੀ ਡਾਲੀ ਪੂਰ ਕੇ ਮਿਲਿਆ ਸੀ। ਸਿਖ ਨੇ ਆਖਿਆ, 'ਆਪਕੇ ਬਚਨ ਕਰ ਹੋਇਆ ਹੈ ਜੀ ਬਾਲਕਾ।'

ਗੁਰੂ ਜੀ ਕਹਿੰਦੇ, 'ਏਸ ਨਿਕੇ ਕਾ ਕੀ ਨਾਉਂ ਹੈ?'

ਸਿਖ ਕਹਿੰਦਾ, 'ਜੀ, ਰਖਿਆ ਨਹੀਂ ਨਾਉਂ। ਆਪ ਰਖੀਏ ਨਾਉਂ!'

ਸਾਹਿਬ ਕਹਿੰਦੇ: 'ਇਸ ਕਾ ਨਾਉ ਘੁੰਘਣੀਆ ਸਿੰਘ ਰਖੋ।' ਅੰਮ੍ਰਿਤ ਭੀ ਛਕਵਾਇਆ ਸਿੰਘਾਂ ਪਾਸੋਂ।

ਓਹ ਨਿਕਾ ਕਹਿੰਦਾ: 'ਮੈਂ ਤਾਂ ਗੁਰੂ ਜੀ ਕੇ ਨਾਲ ਹੀ ਜਾਊਂਗਾ।' ਸਿਖ ਕਹਿੰਦਾ: 'ਅਜੇ ਤੂੰ ਬਾਲਕ ਹੈਂ, ਜਦੋਂ ਸੁਚੇਤ ਹੋ ਜਾਇੰਗਾ, ਓਦੋਂ ਤੈਨੂੰ ਹਜ਼ੂਰ ਸੌਂਪ ਦਿਆਂਗੇ।'

ਸਿਖ ਨੇ ਢਾਈ ਰੁਪਯੇ ਤਨਖਾਹ ਦਿਤੀ, ਮੱਥਾ ਟੇਕਿਆ, ਖੁਸ਼ੀ ਲਈ, ਘਰਿ ਨੂੰ ਆਇਆ॥੪੧॥

## 42. ਵਾਂਦਰ

ਅਗੇ ਗੁਰੂ ਜੀ ਡੇਰਾ ਭਗਤੇ ਤੇ ਬਾਂਦਰੀਂ ਕੀਤਾ। ਸਿਖ ਕਹਿੰਦੇ, 'ਇਸ ਨਗ੍ਰੀ ਕਾ ਕੀ ਨਾਉ ਹੈ?'

ਜਿਮੀਦਾਰ ਕਹਿੰਦੇ: 'ਜੀ, ਬਾਂਦਰ।'

ਸਿਖ ਕਹਿੰਦੇ ਪਰਦੇਸੀ: 'ਜੀ! ਏਹੁ ਬਾਂਦਰਾਂ ਕਾ ਪਿੰਡੁ ਹੈ?'

ਗੁਰੂ ਜੀ ਕਹਿੰਦੇ; 'ਜਿਮੀਦਾਰ ਹਨ, ਗੋਤ ਬਾਂਦਰ ਹੈਨ।'

ਰਸਤ ਦਾਨਾਂ ਪੱਠਾ ਦੀਆ॥੪੨॥

---

* ਇਹ ਇਸ ਪੋਥੀ ਦੇ ਲੇਖਕ ਦੀ ਅਪਣੀ ਸਾਖ ਹੈ, ਪਰ ਇਹ ਗਲ ਕਿ ਭੂਤਾਂ ਨੂੰ ਖਾਣ ਨੂੰ ਕੇਵਲ ਪੰਜ ਮਣ ਛੋਲੇ ਦਿਤੇ ਜਾਂਦੇ ਸਨ, ਕਵੀ ਸੰਤੋਖ ਸਿੰਘ ਨੇ ਬੀ ਐਨ ੧ ਅੰਸੂ ੨ ਅੰਕ ੪੩ ਵਿਚ ਦਿੱਤੀ ਹੈ।

www.sikhbookclub.com



## 43. ਬਨਗਾੜੀ

ਅਗੇ ਡੇਰਾ ਬਨਗਾੜੀ ਹੋਇਆ। ਨਗਰੀ ਨੇ ਟਹਿਲ ਕੀਤੀ, ਰਸਤ ਦਿਤੀ, ਸਿਖਾਂ ਆਖਿਆ: 'ਜੀ, ਪਾਤਸਾਹ! ਏਹ ਤਾਂ ਲੋਕ ਮੋਟੇ ਜੇਹੇ ਹੈਨ।'

ਗੁਰੂ ਜੀ ਕਹਿੰਦੇ, 'ਧਾੜਵੀ ਲੋਕ ਹੈਨ, ਕਿਸੇ ਦੀ ਆਣ ਨਹੀਂ ਮੰਨਦੇ। ਏਸ ਨਗਰੀ ਏਨਾਂ ਦੀਆਂ ਧਾੜਾਂ ਕਠੀਆਂ ਹੋਂਦੀਆਂ ਹੈਨਿ। ਹੁਣ ਗੁਰੂ ਕਾ ਚਰਨ ਪਇਆ ਹੈ, ਹਛੇ ਹੋ ਜਾਨਿਗੇ। ਸੰਗਤਾਂ ਕੀਆਂ ਟਹਿਲਾਂ ਕਰਨਗੇ।'

ਬਰਾੜ ਗੁਰੂ ਕੇ ਨਾਲ। ਪੂਰੇ ਸਤਿਗੁਰ ਕਰੇ ਨਿਹਾਲ॥੪੩॥

## 44. ਬਹਿਬਲ ਤੇ ਸਰਾਵੀਂ

ਅਗੇ ਡੇਰਾ ਬਹਿਵਲ ਤੇ ਸਿਉਰਾਮੀ ਹੋਇਆ। ਗੁਰੂ ਜੀ ਬਚਨ ਕੀਤਾ; 'ਵੋ ਬਰਾੜੋ! ਬੀਰ ਸੂਰਮੇ ਹੋਵੋ, ਤੁਰਕ ਨੂੰ ਮਾਰੀਏ। ਹਜ਼ੂਰ ਤੇ ਨੌਕਰੀ ਭੀ ਲਵੋ।'

ਓਨਾਂ ਆਖਿਆ: 'ਜੀ ਪਾਤਿਸਾਹਿ! ਅਸੀ ਤਾਂ ਹਜਾਰਾਂ ਰੁਪਯਾਂ ਕਾ ਧਾੜਾ ਮਾਰਕੇ ਆਥਣ ਨੂੰ ਘਰਿ ਆਇ ਜਾਂਦੇ ਹਾਂ।'

ਗੁਰੂ ਜੀ ਕਹਿਆ: 'ਧਾੜਾ ਭੀ ਤੁਰਕਾਂ ਕਾ ਮਾਰੋ, ਤੇ ਘਰ ਭੀ ਰਹੋ। ਪਰ ਗੁਰੂ ਕੇ ਬਚਨ ਵਿਚ ਰਹੋ, ਅਰ ਬਰਤਾਰਾ ਭੀ ਲਵੋ*।'

ਬਰਾੜਾਂ ਨੇ ਆਖਿਆ; 'ਗੁਰੂ ਜੀ! ਆਪ ਕੀ ਤਾਬਿਆ ਸਾਡੇ ਮਨੁਖ ਰਹਿਣਗੇ। ਜੰਗ ਵੇਲੇ, ਅਸੀਂ ਸਭੇ ਆਨ ਹਾਜਰਿ ਹੋਆਂਗੇ।'

ਇਸੀ ਤਰਾਂ ਇਕ ਬਰਾੜ ਆਉਂਦੇ ਇਕ ਚਲੇ ਜਾਂਦੇ, ਹਜ਼ੂਰ ਪਾਸ ਮੇਲਾ ਹੀ ਰਹਿੰਦਾ ਬਰਾੜਾਂ ਦਾ॥੪੪॥

## 45. ਸਰਾਵੀਂ ਸਯਦ ਤੇ ਸਿਖ ਨੂੰ ਪੀਲੂ ਕੋਕੜਾਂ

ਸਿਉਰਾਮੀ ਡੇਰਾ ਹੋਇਆ। ਦੌਂਦੇ ਵਾਲੇ ਤਲਾਉ ਸੁਚੇਤੇ ਗਏ, ਓਥੇ ਮਿਲਿਆ ਸਈਅਦ, ਸਿਰੀਹ ਵਿਚ ਰਹਿੰਦਾ ਸੀ ਗੁਪਤ। ਓਸ ਨੇ ਮਥਾ ਟੇਕਿਆ, ਧੌਲੀ ਦਾੜੀ ਸੀ।

---

* ਵਾਂਦਰ, ਬਰਗਾੜੀ, ਬਹਿਬਲ ਤੇ ਸਿਉਰਾਵਾਂ ਦਾ ਪ੍ਰਸੰਗ ਸੂਰਜ ਪ੍ਰਕਾਸ਼ ਨੇ ਐਨ ੧ ਦੇ ਅੰਸੂ ੩ ਵਿਚ ਦਿਤਾ ਹੈ। ਪਰ ਓਥੇ ਬਰਾੜਾਂ ਦੇ ਧਾੜਵੀ ਹੋਣ ਤੇ ਉਨ੍ਹਾਂ ਨੂੰ ਤੁਰਕਾਂ ਨੂੰ ਲੁਟਣ ਮਾਰਣ ਦੀ ਖੁੱਲ੍ਹ ਦੇਣ ਦਾ ਜ਼ਿਕਰ ਨਹੀਂ ਹੈ। ਜਾਪਦਾ ਹੈ ਕਵੀ ਜੀ ਨੇ ਇਸ ਰਵਾਇਤ ਨੂੰ ਸਹੀ ਨਹੀਂ ਮੰਨਿਆ। ਏਹ ਪਦ ਗੁਰੂ ਸੁਭਾਵ ਦੇ ਅਨੁਕੂਲ ਬੀ ਨਹੀਂ ਮੰਨੇ ਜਾ ਸਕਦੇ।

www.sikhbookclub.com



ਗੁਰੂ ਜੀ ਕਹਿੰਦੇ, 'ਰਾਜੀ ਹੈਂ ਮੀਆਂ!'

ਓਹੁ ਕਹਿੰਦਾ, 'ਅਜੁ ਰਾਜੀ ਹਾਂ, ਖੁਦਾਇ ਦਾ ਦੀਦਾਰੁ ਪਾਇਆ।'

ਚਿਟੇ ਬਸਤ੍ਰ ਸਨ ਓਸਕੇ।

ਫੇਰ ਡੇਰੇ ਆਏ। ਸਿਖਾਂ ਨੇ ਪੁਛਿਆ: 'ਜੀ ਏਹ ਕੌਣ ਹੈਸੀ?' ਗੁਰੂ ਜੀ ਕਹਿਆ: 'ਏਸ ਕੀ ਵਾਸਨਾਂ ਰਹੀ ਸੀ ਸਰੀਹ ਵਿਚ, ਹੈਸੀ ਤਾਂ ਸਾਂਈ ਲੋਕ।'

ਹੋਰ ਨਗਰੀ ਨੇ ਰਸਤ ਪਾਈ ਲੰਗਰ। ਲੰਗਰ ਹੋਇਆ। ਜੇਹੜੇ ਸਿਖ ਸਹਿਜ ਧਾਰੀ ਖੁਲ੍ਹਾ ਪ੍ਰਸਾਦਿ ਛਕਦੇ ਸੇ, ਓਨਾਂ ਨੂੰ ਨਗਰੀ ਆਥਣ ਕੇ ਵੇਲੇ ਘਰੀ ਨਿਓਂਦੇ ਲਾਇ ਦਿਤੇ। ਘਰ ਘਰ ਇਕੁ ਇਕੁ ਸਿਖੁ। ਇਕੁ ਸਿਖ ਘਰੋਂ ਤੰਗ ਸੀ, ਸਰੀਕਾ ਬੁਰਾ ਹੁੰਦਾ ਹੈ, ਓਸ ਨੂੰ ਭੀ ਕਹਿਆ, ਭਾਈ ਇਕਿ ਤੂੰ ਛਕਾਉ, ਇਕਿ ਸਿਖ ਲੈਇ ਜਾਹਿ।' ਘਰਿ ਵਾਲਾ ਭੀ ਸਿਖ ਸੀ, ਜਾਣੇ ਵਾਲਾ ਭੀ ਸਿਖ ਸੀ। ਸਿਖ ਨੇ ਕਹਿਆ ਇਕ ਸਿਖ ਨੂੰ: 'ਚਲਿ ਜੀ ਪ੍ਰਸਾਦਿ ਛਕਿ ਆਉ। ਆਪ ਦਾ ਬਰਤਨ ਲੈ ਚਲੁ।' ਓਹੁ ਸਿਖ ਬਰਤਨ ਲੈ ਕੇ ਟੁਰ ਪਇਆ। ਸਿਖ ਨੇ ਘਰ ਜਾਇਕੇ ਆਪਣੇ ਉਤਿਓਂ ਲਾਹਿਕੇ ਸਿਖ ਹੇਠ ਖੇਸ ਬਿਛਾਇ ਦਿਤਾ। ਸਿਖ ਉਪਰਿ ਬੈਠਿ ਗਇਆ। ਸਿਖ ਦੇ ਚਰਣ ਧੋਤੇ ਤਤੇ ਜਲ ਨਾਲਿ। ਪੀਲੂ ਦੀਆਂ ਕੋਕੜਾਂ ਤਤੇ ਜਲ ਵਿਚ ਪਾਇ ਕੈ ਨਰਮੁ ਕਰਕੇ ਸਿਖ ਦੇ ਬਰਤਣਿ ਪਾਇ ਦਿਤੀਆਂ। ਸਿਖ ਨੇ ਛਕ ਕੇ ਚੁਲਾ ਪੜਿਆ, ਅਰਦਾਸ ਕੀਤੀ। ਸਿਖ ਦੇ ਨਾਲ ਆਇਆ ਅਗੇ ਤੀਕੁ, ਸਿਖ ਨੂੰ ਫੇਰ ਸਿਖ ਨੇ ਮੋੜਿਆ, ਮਥਾ ਟੇਕਕੇ।

ਗੁਰੂ ਜੀ ਸਿਖਾਂ ਨੂੰ ਪੁਛਿਣ ਲਗੇ, 'ਤੈ ਨੇ ਕਿਆ ਪ੍ਰਸਾਦਿ ਛਕਿਆ?'

ਕੋਈ ਕਹੇ 'ਭੱਲੇ ਨਾਲ', ਕੋਈ ਕਹੇ 'ਦਹੀ ਨਾਲ', ਕੋਈ ਕਹੇ 'ਘੀ ਨਾਲ ਖਿਚੜੀ ਛਕੀ', ਕੋਈ ਕਹੇ 'ਤਸਮਈ ਛਕੀ', ਕੋਈ ਕਹੇ 'ਥਹਿ ਪਈਆਂ ਦੋੜਾਂ ਘਾਠਿ ਕੀਆਂ ਨਾਲ ਛਕੀਆਂ।' ਕਿਸੇ ਨੇ ਕੁਹੁ ਕਹਿਆ, ਕਿਸੇ ਨੇ ਕੁਹ ਕਹਿਆ ਛਕਿਆ ਪ੍ਰਸਾਦਿ।

ਗੁਰੂ ਜੀ ਕਹਿੰਦੇ; 'ਤੈ ਨੇ ਕੀ ਛਕਿਆ ਪ੍ਰਸਾਦਿ ਮੈਲਾਗਰ ਸਿੰਘ?'

ਕਹਿੰਦਾ: 'ਜੀ ਵਡਾ ਉਮਦਾ ਪ੍ਰਸਾਦਿ ਛਕਿਆ, ਐਸਾ ਪ੍ਰਸਾਦਿ ਅਸੀ ਸਾਰੀ ਉਮਰ ਵਿਚ ਨਾਹੀ ਛਕਿਆ।'

ਨਗਰੀ ਕੇ ਜਿਮੀਦਾਰ ਓਥੇ ਬੈਠੇ ਸੇ, ਓਨਾਂ ਨੂੰ ਗੁਰੂ ਜੀ ਕਹਿੰਦੇ; 'ਜਿਸ ਕੇ ਡੇਰੇ ਏਸ ਨੇ ਪ੍ਰਸਾਦਿ ਛਕਿਆ ਹੈ, ਓਸ ਸਿਖ ਨੂੰ ਬੁਲਾਵੇ?' ਜਿਮੀਦਾਰ

www.sikhbookclub.com



ਕਹਿੰਦੇ; 'ਓਸ ਕੇ ਤਾਂ ਫਾਕੇ ਪਰ ਫਾਕਾ ਜਾਂਦਾ ਹੈ।'

ਓਸ ਸਿਖ ਨੂੰ ਜਿਮੀਦਾਰ ਬੁਲਾਇ ਲਿਆਏ ਹੱਜੂਰਿ ਪਾਸਿ। ਓਸ ਨੂੰ ਪੁਛਿਆ, 'ਤੇ ਏਸ ਸਿਖ ਨੂੰ ਕੀ ਪ੍ਰਸਾਦਿ ਛਕਾਇਆ ਹੈ?'

ਓਹੁ ਕਹਿੰਦਾ, 'ਜੀ ਮੈਂ ਤਾਂ ਕੁਹੁ ਨਾਹੀ ਛਕਾਇਆ। ਪਾਣੀ ਕਾ ਛੰਨਾਂ ਪੀ ਕੇ ਚਲਿਆ ਆਇਆ ਹੈ।'

ਓਸ ਨੂੰ ਫੇਰ ਹੁਕਮ ਹੋਇਆ, 'ਸਚੁ ਕਹੁ ਕੀ ਛਕਾਇਆ ਹੈ?'

ਓਸ ਨੇ ਕਹਿਆ, 'ਜੀ ਪੀਲੂ ਕੀਆਂ ਕੋਕੜਾਂ।'

ਗੁਰੂ ਜੀ ਕਹਿੰਦੇ, 'ਧੰਨ ਸਿਖੀ। ਐਸੇ ਭੀ ਹਨ: ਸਤੀ ਦੇਇ ਸੰਤੋਖੀ ਖਾਇ। ਤਿਸ ਸਿਖ ਕੇ ਗੁਰ ਬਲ ਬਲ ਜਾਇ। ਸਿਖ ਦੇ ਡੇਰੇ ਹੋਵੇ ਹਛਾ ਤੇ ਛਕਾਵੇ ਨਾਹੀ, ਤਾਂ ਸਿਖ ਨੂੰ ਛਕਾਉਣ ਵਾਲੇ ਨੂੰ ਔਗੁਣ ਹੈ। ਜੇ ਸਿਖ ਦੇ ਡੇਰੇ ਹੋਵੈ ਨਾਹੀ ਤੇ ਸਿਖ ਕਹੇ ਕੇਹਾ ਪ੍ਰਸਾਦਿ ਮਿੱਸਾ ਅਗੇ ਧਰਿਆ ਹੈ, ਤਾਂ ਸਿਖ ਛਕਣਿ ਵਾਲੇ ਨੂੰ ਹਛੀ ਨਾਹੀ*' ॥੪੫॥

## 46. ਕੋਟ ਕਪੂਰੇ

ਅਗੇ ਸਾਖੀ ਹੋਰ ਚਲੀ ਕਪੂਰੇ ਕੀ। ਕਪੂਰੇ ਕੇ ਕੋਟ ਡੇਰਾ ਹੋਇਆ। ਕਪੂਰੇ ਕੇ ਪਾਸ ਭਾਈ ਦਿਆਲ ਸਿੰਘ ਭੇਜਿਆ। ਭਾਈ ਸਦਿ ਲਿਆਇਆ। ਕਪੂਰਾ ਚੰਗਾ ਘੋੜਾ ਲੈਇ ਕੇ ਮਿਲਿਆ। ਗੁਰੂ ਜੀ ਖੁਸੀ ਹੋਏ। ਫੇਰ ਤੀਏ ਦਿਹ ਆਇਆ ਬਡਾ ਗਿਟਿਆਂ ਤੀਕੁ ਜਾਮਾਂ।

ਸਿਖਾਂ ਨੇ ਕਹਿਆ: 'ਜਟ ਗਰਦ ਪਾਉਂਦਾ ਹੈ ਸਸਤ੍ਰਾਂ ਉਤੇ, ਗੁਰੂ ਜੀ ਉਪਰ।' ਪੱਲਾ ਬੋਚਕੇ ਮਥਾ ਟੇਕਿਆ। ਗੁਸਾ ਮੰਨ ਕੇ ਬੈਠਿ ਗਇਆ। ਗੁਰੂ ਜੀ ਨੂੰ ਕਹਿੰਦਾ, 'ਸਸਤ੍ਰਾਂ ਉਤੇ ਚੌਰ ਢਾਲ ਸਿਖ ਕਿਉਂ ਕਰਦਾ ਹੈ?' ਗੁਰੂ ਜੀ ਕਹਿੰਦੇ: 'ਮਖੀ ਹੋਰ ਉਪਰ ਆਇ ਬੈਠਦੀ ਹੈ।'

ਗੁਰੂ ਜੀ ਕਹਿੰਦੇ: ਕਪੂਰ ਸਿੰਘ ਈਹਾਂ ਜੁੱਧ ਕਰੀਏ ਤੁਰਕ ਨਾਲਿ।'

ਕਪੂਰਾ ਕਹਿੰਦਾ: 'ਜੀ, ਅਸੀਂ ਤੁਰਕਾਂ ਨਾਲ ਜੁੱਧ ਕਰਨ ਜੋਗੇ ਕਦਿ ਹਾਂ? ਤੁਰਕਾਂ ਸਾਥ ਜੁੱਧ ਕਰਣਾ ਥੀ ਤਾਂ ਅਨੰਦਪੁਰ ਕਿਉਂ ਨਾ ਜੀਤ ਆਇਆ? ਗੁਰੂ ਜੀ ਤੁਰਕ ਸਾਨੂੰ ਫਾਹੇ ਦੇ ਕੇ ਮਾਰ ਦੇਨ।'

ਗੁਰੂ ਜੀ ਕਹਿੰਦੇ: 'ਤੈਨੂੰ ਤੁਰਕ ਫਾਹੇ ਦੇਕੇ ਹੀ ਮਾਰੂ, ਮੂਹ ਤੋਬਰੇ ਚਾੜ

---

* ਗੁ: ਪ੍ਰ: ਸੂ: ਐਨ ੧ ਅੰਸੂ ੨।

www.sikhbookclub.com



ਕੇ ਮੰਦੀ ਖੇਹਿਕੇ। ਤੇਰੀ ਓਲਾਦ ਮੰਗਦੀ ਫਿਰੇਗੀ।' ਗੁਰੂ ਜੀ ਨੇ ਗੁੱਸੇ ਹੋਇ ਕੇ ਡੇਰਾ ਕੂਚ ਕਰ ਦੀਆ।

ਕੋਈ ਕੁ ਦਿਨ ਬੀਤੇ ਤਾਂ ਪਿਛੋਂ ਈਸੇ ਖਾਂ ਮੰਞ ਨੇ ਕੋਟ ਮਾਰਿਆ। ਕਪੂਰਾ ਲੁਕਿ ਗਇਆ ਘਾਸ ਦੇ ਕੁੰਨੂੰ ਵਿਚ। ਈਸੇ ਖਾਂ ਨੇ ਕਹਿਆ ਕਪੂਰੇ ਨੂੰ ਭਾਲ ਲਇਆਵੋ। ਕਪੂਰਾ ਭਾਲ ਆਂਦਾ। ਪਠਾਣਾ ਨੇ ਕਹਿਆ: 'ਲੁਕ ਗਇਆ ਸੀ। ਇਲਾਂ ਕੁਕੜਾਂ ਵਾਲਿਆ[1] ਕਪੂਰਾ! ਬਾਜ ਰਖਦਾ।' ਤੁਰਕ ਕੂਚ ਹੋਇਆ ਓਥੋਂ। ਇਕ ਜਾਗਾ ਜਾਂਦੇ ਜਾਂਦੇ ਢਾਬ ਦੇ ਪਾਸ ਰੋਹੀ ਵਿਚ ਉਤਰੇ; ਤੁਰਕ ਕਹਿਆ: 'ਏਸ ਜੱਟ ਨੂੰ ਫਾਹੇ ਦੇਇ ਦਿਹੁ।' ਫਾਹੇ ਦੇਣਿ ਲਗੇ ਤਾਂ ਕਪੂਰਾ ਕਹਿੰਦਾ, 'ਮੈਨੂੰ ਅਸਨਾਨ ਕਰ ਲੈਇਣ ਦੇਹੁ, ਮੇਰੇ ਮੂਹ ਤੋਬਰਾ ਦੇਇਕੇ ਫਾਹੇ ਦੇਹੁ, ਮੇਰੇ ਗੁਰੂ ਜੀ ਕਾ ਬਚਨ ਹੈ। ਨਾਂਹੀ ਫੇਰ ਮੈਨੂੰ ਮਰਣਾ ਜੰਮਣਾਂ ਪਊ।' ਤੁਰਕ ਨੇ ਖੇਹ ਪਾਇਕੇ ਤੋਬਰਾ ਚਾੜ ਕੇ ਫਾਹੇ ਦਿਤਾ।

ਕਪੂਰੇ ਕੇ ਭਾਈ ਹਮੀਰੇ ਪਰ ਖੁਸੀ ਸੀ। ਓਸ ਨੇ ਕਹਿਆ ਸੀ, 'ਗੁਰੂ ਜੀ ਕਾ ਬਚਨ ਮੰਨ ਲੈਅ, ਫੇਰ ਪੈਰੀ ਗੁਰੂ ਜੀ ਕੀ ਜਾਇ ਪੈਇੰਦੇ ਹਾਂ ਅਸੀ।' ਓਨਾ ਪਾਸ ਤਲਕਾ ਹੈ, ਬਨਗਾੜੀ ਵਾਲਾ ਭੀ ਮਿਲਿਆ॥੪੬॥

## 47. ਜੈਤੋ

ਅਗੇ ਗੁਰੂ ਜੀ ਜੈਤੋ[2] ਕੀ ਜੂਹ ਵਿਚ ਟਿਬੇ ਉਤੇ ਤੀਰ ਚਲਾਏ। ਗੁਰੂ ਜੀ ਕਹਿੰਦੇ 'ਖਾਂਨਿਆਂ! ਇਹੁ ਕਿਹੜਾ ਪਿੰਡੁ ਹੈ?'

ਖਾਂਨਾਂ ਕਹਿੰਦਾ: 'ਪਿੰਡੁ ਕੇਹੜਾ ਹੈ, ਚਾਰਕਿ ਝੁੰਗੀਆਂ ਹੈਨ ਜੈਤੇ ਖਾਂਨੇ ਕੀਆਂ।'

ਗੁਰੂ ਜੀ ਕਹਿੰਦੇ: 'ਨਾ ਵੇ ਖਾਂਨਾਂ! ਵੱਡਾ ਪਿੰਡ ਹੈ।'

ਅਗੇ ਡੇਰਾ ਗੁਰੂ ਜੀ ਜੈਤੋ ਕੀ ਕੀਤਾ। ਜੈਤੋ ਸ਼ਿਕਾਰ ਚੜੇ ਛੜੀ ਅਸਵਾਰੀ। ਖੇਡਦੇ ਖੇਡਦੇ ਕੋਠੇ ਪ੍ਰਿਥੀ ਚੰਦ ਕੇ ਮਲੂਕੇ ਕੇ ਵਿਚਾਲੇ ਆਇ ਉਤਰੇ, ਡੇਰਾ ਕਰ ਦੀਆ॥੪੭॥

---

1. ਕਪੂਰੇ ਦਾ ਗੁਰੂ ਜੀ ਨੂੰ ਉਚਾ ਬੋਲ ਬੋਲਣ ਦਾ ਪ੍ਰਸੰਗ ਐਨ ੧ ਅੰਸੂ ੪ ਵਿਚ ਹੈ ਤੇ ਈਸੇ ਖ਼ਾਂ ਮੰਞ ਦੇ ਹਥੋਂ ਮੌਤ ਦਾ ਪ੍ਰਸੰਗ ਇਸੇ ਐਨ ਦੇ ਅੰਸੂ ੩੦ ਵਿਚ।
2. ਇਹ ਤੇ ਅਗਲਾ ਪ੍ਰਸੰਗ ਐਨ ੧ ਅੰਸੂ ੬ ਵਿਚ ਕਵੀ ਜੀ ਨੇ ਦਿਤਾ ਹੈ।

www.sikhbookclub.com



## 48. ਮਲੂਕੇ ਦੀਵਾਨੇ ਦਾ ਨਿਸਤਾਰਾ

ਤੰਬੂ ਲਾਇ ਦੀਆ। ਚਾਰ ਘੜੀ ਕੇ ਅੰਮ੍ਰਿਤ ਵੇਲੇ ਆਇਆ ਦੀਵਾਨਾ, ਸਿਰ ਮੂਹ ਕਾ ਭਦਣੁ ਕੀਤਾ ਹੋਇਆ; ਕਹਿੰਦਾ; 'ਗੁਰੂ ਜੀ ਦਾ ਦੀਦਾਰ ਕਰਨਾ ਹੈ।' ਸਿੰਘ ਨੇ ਕਹਿਆ 'ਦਿਨ ਚੜੇ ਕਰੀਂ'।

ਡੇਉਢੀ ਵਾਲੇ ਦੀਵਾਨੇ ਨੇ ਕਹਿਆ: 'ਮੈਂ ਹੁਣੇ ਹੀ ਅੰਦਰ ਜਾਨਾਂ ਹਾਂ।'

ਸਿੰਘ ਨੇ ਕਹਿਆ: 'ਗੁਰੂ ਜੀ ਆਪਣੇ ਰੰਗ ਮਹਿ ਬੈਠੇ ਹਨਿ, ਹੁਣ ਨਾਂਹੀ ਹੁਕਮ।'

ਦੀਵਾਨਾ, ਸਿੰਘ ਨੂੰ ਮੁਹਲਾ ਚੁਕਕੇ ਧਕੇ ਨਾਲ ਵੜਨਿ ਲਗਾ, ਸਿੰਘ ਨੇ ਤਲਵਾਰ ਮਾਰੀ। ਦਿਹ ਚੜੇ ਚਾਰ ਘੜੀ ਕਹਿੰਦਾ 'ਹੁਣ ਤਾਂ ਗੁਰੂ ਜੀ ਕਾ ਦਰਸਨ ਕਰਾਵੋ।'

ਗੁਰੂ ਜੀ ਨੂੰ ਸਿਖੀ ਪੁਛਿਆ: 'ਜੀ! ਦੀਵਾਨਾ ਜਖਮੀ ਹੋਇਆ ਹੈ, ਕਹਿੰਦਾ ਹੈ, ਮੈਨੂੰ ਗੁਰੂ ਜੀ ਕਾ ਦਰਸਣੁ ਕਰਾਵੋ।'

ਗੁਰੂ ਜੀ ਕਹਿੰਦੇ: 'ਆਵਨਿ ਦੇਹੁ।' ਦੀਵਾਨੇ ਮਥਾ ਟੇਕਿਆ। ਗੁਰੂ ਜੀ ਕਹਿੰਦੇ: 'ਜੀਵਣ ਕੀ ਸੁਰਤਿ ਹੈ?' ਦੀਵਾਨਾ ਕਹਿੰਦਾ: 'ਜੀ ਹੁਣ ਖੁਸੀ ਕਰੋ, ਤੁਸਾਂ ਕੀ ਹਜੂਰ ਪ੍ਰਾਣ ਮੇਰੇ ਛੁਟਣ, ਏਹੋ ਖੁਸੀ ਕਰੋ।' ਫੇਰ ਪ੍ਰਾਣਿ ਛੁਟੇ।

ਚੌਪਈ— ਮਲੂਕੇ ਕੀ ਮਾਰਿਆ ਇਕੁ ਦੀਵਾਨਾ॥
ਜੰਗਲ ਕੇ ਭੂਪਤ ਸਭ ਭਏ ਹੈਰਾਨਾ॥
ਇਕ ਬਿਚਲੇ ਇਕ ਸਾਬਤ ਰਹੇ॥
ਇਕਨਾਂ ਦ੍ਰਿੜ ਕਰ ਚਰਨ ਗੁਰੂ ਕੇ ਗਹੇ॥੧॥

ਬੈਰਾੜ ਕਹਿੰਦੇ: 'ਏਹ ਭਲਾ ਗੁਰੂ ਹੈ, ਜਿਸਨੇ ਦੀਵਾਨਾ ਮਾਰਿਆ!' ਇਕ ਕਹਿੰਦੇ 'ਦੀਵਾਨਾ ਭੀ ਗੁਰੂ ਕਾ; ਜਿਸਨੇ ਤਲਵਾਰ ਮਾਰੀ ਸਿਖ ਨੇ, ਓਹ ਭੀ ਗੁਰੂ ਕਾ।' ਫੇਰ ਗੁਰੂ ਜੀ ਚੌਤਰੇ ਵਿਚਦੀ ਜੈਤੋ ਆਇ ਉਤਰੇ। ਓਥੇ ਤਾਲ ਹੈ। ਗੁਰੂ ਜੀ ਕਹਿੰਦੇ: 'ਏਹੁ ਤਾਲ ਵਡਾ ਤੀਰਥ ਹੈ। ਗੰਗਾ ਥੋਂ ਅਧਿਕ ਹੈ'॥੪੮॥

## 49. ਸੁਨੀਅਰ। ਕਪੂਰੇ ਨੂੰ ਬਖ਼ਸ਼ੀਸ਼

ਅਗੇ ਡੇਰਾ ਸੁਨੀਅਰ ਹੋਇਆ। ਸਿਆਮੇ ਨੇ ਸਾਰੇ ਖੰਧੇ ਕਾ ਗੁਰੂ ਜੀ ਨੂੰ ਦੁਧ ਚੁਆਇ ਦਿਤਾ; ਡੋਗਰ ਸੀ। ਓਥੇ ਸਿਕਾਰ ਚੜਿਆ; ਗੁਰੂ ਜੀ ਨੂੰ ਕਪੂਰੇ ਆਂਨਿ ਮਥਾ ਟੇਕਿਆ।

www.sikhbookclub.com



ਗੁਰੂ ਜੀ ਨੇ ਕਹਿਆ: 'ਕਪੂਰ ਸਿੰਘ, ਰਾਜੀ ਹਹਿਂ?'

ਕਹਿੰਦਾ: 'ਜੀ ਨਾਹੀ ਰਾਜੀ, ਤੁਸੀ ਗੁਸੇ ਨਾਲ ਚੜ੍ਹ ਆਏ ਹਹੁ ਜੀ।'

ਗੁਰੂ ਜੀ ਨੇ ਢਾਲਾ ਖੰਡਾ ਬਖਸਿਆ। ਲੈ ਕੇ ਕੋਟਿ ਨੂੰ ਚੜਿ ਆਇਆ। ਫੇਰ ਭੀ ਨਾ ਲੜਿਆ ਸਾਥ ਹੋਇ ਕੇ। ਗੁਰੂ ਜੀ ਕਹਿੰਦੇ: 'ਜਾਹਿ ਵੇ ਕਪੂਰਾ ਗੀਦੀ ਹੋਇ ਗਇਆ' ॥੪੯॥

## 50. ਰਾਮੋ ਆਣੇ

ਅਗੇ ਗੁਰੂ ਜੀ ਡੇਰਾ ਰਾਮੇਆਣੇ ਕੀਤਾ। ਓਥੇ ਇਕ ਜੱਟ ਡੇਲੇ ਤੋੜਦਾ ਸੀ। ਗੁਰੂ ਜੀ ਨੇ ਕਹਿਆ: 'ਕੀ ਕਰਦਾ ਹੈਂ?'

ਜਿਮੀਦਾਰੁ ਕਹਿੰਦਾ: 'ਜੀ, ਡੇਲੇ ਤੋੜਿਦਾ ਹਾਂ।'

ਗੁਰੂ ਜੀ ਕਹਿੰਦੇ, 'ਕਾਸ ਨੂੰ?'

ਕਹਿੰਦਾ: 'ਜੀ, ਖਾਣ ਨੂੰ।'

ਗੁਰੂ ਜੀ ਕਹਿੰਦੇ: 'ਵੇਖਾਂ!'

ਜਟ ਨੇ ਮੁਠੀ ਭਰ ਕੇ ਦਿਤੀ। ਗੁਰੂ ਜੀ ਨੇ ਮੁਹਿ ਪਾਏ; ਕਹਿੰਦੇ: 'ਸਿਟ ਪਾਉ; ਕੜੂਏ ਹਨਿ।'

ਜੱਟ ਨੇ ਚੌਥੇ ਹਿਸੇ ਕੇ ਸਿਟੇ। ਗੁਰੂ ਜੀ ਨੇ ਕਹਿਆ: 'ਵੇ ਸਭੇ ਹੀ ਸਿਟ ਦੇਹ!' ਜੱਟ ਨੇ ਅਧੇ ਸਿਟ ਦਿਤੇ। ਗੁਰੂ ਜੀ ਕਹਿੰਦੇ: 'ਵੇ ਸਭੇ ਹੀ ਸਿਟ ਦੇਹਿ!' ਇਕ ਹਿਸੇ ਕੇ ਹੋਰ ਸਿਟ ਦਿਤੇ। ਗੁਰੂ ਜੀ ਕਹਿਆ, 'ਸਭਿ ਹੀ ਸਿਟ ਦੇਹਿ!'

ਕਹਿੰਦਾ: 'ਜੀ ਬਾਲ ਬਚਾ ਕੀ ਖਾਊ?' ਗੁਰੂ ਜੀ ਕਹਿੰਦੇ: 'ਚੌਥੇ ਹਿਸੇ ਕਾ ਕਾਲ ਰਖਿਆ ਹੈ। ਜੇ ਸਭੇ ਹੀ ਸਿਟ ਦਿੰਦਾ ਤਾਂ ਕਾਲ ਹੀ ਨਹੀਂ ਸੀ ਪਾਂਦਾ। ਕਾਲ ਹੀ ਦੂਰ ਹੋਇ ਗਇਆ ਸੀ।'

ਗੁਰੂ ਜੀ ਡੇਰਾ ਕੂਚ ਕੀਤਾ ਰਾਮੇਆਣੇ ਹੀ ਵਸਦਾ ਸੀ ਜੁਗਰਾਜ ਵਿੜੰਗ, ਰਾਹਿ ਵਿਚ ਖੜਾ ਸੀ। ਸਿਖਾਂ ਨੇ ਕਹਿਆ: 'ਚੌਧਰੀ ਕਹੀਂ ਨਾਹੀ ਤੁਰਕ ਨੂੰ: ਐਥੋਂ ਦੀ ਗੁਰੂ ਕੇ ਗਏ ਹੈਨ!' ਕਹਿੰਦਾ, 'ਜੀ ਮੈਂ ਨਾਹੀਂ ਕਹਿੰਦਾ।'

ਮਗਰ ਤੇ ਤੁਰਕ ਆਇਆ।

ਤੁਰਕੁ ਨੇ ਪੁਛਿਆ, 'ਵੇ ਜਾਟ, ਕਾਈ ਗੁਰੂ ਕੀ ਸੋਝੀ? ਕਿਧਰ ਕੋ ਗਏ ਹੈਨ?'

www.sikhbookclub.com



ਜੱਟ ਕਹਿੰਦਾ; 'ਐਧਿਰ ਨੂੰ ਗਏ ਹੈਨ, ਮੈਨੂੰ ਕਹਿੰਦੇ ਸੇ ਜੇ ਮੁਸਲਿਆਂ ਕਾ ਲਸਕਰ ਏਧਰ ਆਵੇ ਤਾਂ ਦਸੀਂ ਨਾਹੀ, ਭਈ ਗੁਰੂ ਕੇ ਐਧਰ ਕੀ ਗਏ ਹੈਨ।'

ਗੁਰੂ ਜੀ ਨੂੰ ਕਿਸੇ ਸਿਖ ਨੇ ਕਹਿ ਦੀਆ; 'ਓਸ ਜੱਟ ਨੇ ਤੁਰਕਾਂ ਨੂੰ ਕਹਿਆ, ਐਥੋਂ ਦੀ ਗੁਰੁ ਕੇ ਗਏ ਹੈਨ।' ਗੁਰੂ ਜੀ ਕਹਿੰਦੇ, 'ਆਫ਼ਰ ਕੇ ਮਰੂ।'

ਓਹ ਭੀ ਆਫ਼ਰ ਕੇ ਮਰਿਆ। ਓਸ ਕੀ ਓਲਾਦ ਹੁਣ ਤੀਕ ਆਫ਼ਰ ਕੇ ਮਰਦੀ ਹੈ। ਤਿੰਨ ਦਿਨ ਆਫ਼ਰੇ ਰਹਿੰਦੇ ਹਨ ਫੇਰ ਮਰਦੇ ਹਨਿ। ਅਫ਼ਾਰਾ ਚਿਖਾ ਵਿਚ ਜਾਂਦਾ ਹੈ।

ਅੱਗੇ ਡੇਰਾ,-ਗੁਰੂ ਜੀ ਨੇ ਰੂਪੇ ਖਤ੍ਰੀ ਨੂੰ ਕਹਿਆ, 'ਡੇਰਾ ਕਰੀਏ?' ਭੇਲੀ ਲੈਇ ਕੇ ਮਿਲਿਆ ਸੀ; ਕਹਿੰਦਾ 'ਨਾ ਜੀ, ਸਾਨੂੰ, ਸਾਡੀ ਅਉਲਾਦ ਨੂੰ ਤੁਰਕ ਮਾਰੇ, ਡੇਰਾ ਨਾਹੀ ਪੁਜਦਾ। ਸਾਨੂੰ ਉਜਾੜਦੇ ਹੋ?'

ਗੁਰੂ ਜੀ ਕਹਿਆ: 'ਤੂੰ ਨਾ ਤੇਰੀ ਊਲਾਦ, ਪਿੰਡ ਉਜੜਿ ਕਰਿ ਕਈ ਬਾਰੀ ਬਸੂਗਾ।'

ਪਿੰਡ ਉਜੜਕੇ ਕੇਤੀ ਹੀ ਬਾਰੀ ਫੇਰ ਬਸਿਆ[1]। ਓਸ ਕੀ ਊਲਾਦ ਕਾ ਕੋਈ ਨਾਹੀ[2]॥੫੦॥

## 51. ਦਾਨ ਸਿੰਘ ਦੇ ਪੂਤ ਨੂੰ ਬਖਸ਼ਿਆ

ਅਗੇ ਗੁਰੂ ਜੀ ਚੜੇ ਜਾਂਦੇ ਸਨ। ਬੈਰਾੜ ਦਾਨ ਸਿੰਘ ਦੇ ਪੂਤ ਨੇ ਗੁਰੂ ਜੀ ਕੇ ਘੋੜੇ ਕੇ ਕੋਰੜਾ ਮਾਰਿਆ। ਕਹਿੰਦਾ: 'ਸਕਤਿਆ! ਘੋੜੇ ਨੂੰ ਟਿਰੜੀਏ ਪਾਉ, ਮਗਰ ਤੁਰਕ ਆਂਵਦਾ ਹੈ।' ਗੁਰੂ ਜੀ ਕਹਿੰਦੇ, 'ਤੇਰੀ ਊਲਾਦ ਮਾਰੀ ਜਾਇ! ਜਾਨ ਭਾਈ[3] ਕੇ ਚਾਬਕ ਮਾਰਿਆ!'

ਦਾਨ ਸਿੰਘ ਨੇ ਹਥਿ ਜੋੜ ਕੇ ਕਹਿਆ: 'ਬਖਸੀਏ ਗੁਰੂ ਜੀ! ਅਸੀ ਭੁੱਲਣੇ ਵਾਲੇ ਹਾਂ ਜੀ; ਤੂੰ ਬਖਸਣੇ ਜੋਗ ਹੈਂਜੀ। ਅਸੀ ਬਰਾੜ ਲੋਕ ਅੜਬ ਹਾਂ ਜੀ। ਜੋ ਕਿਛੁ ਨਾਂਹੀ ਬੋਲਣਾ ਸੋ ਬੋਲ ਦੇਂਦੇ ਹਾਂ ਜੀ! ਤੂੰ ਤਾਂ ਕਾਲਾ ਨਾਗ

---

1. ਪਾ:- ਪਿੰਡ ਉਜੜ ਕੇ ਤੀਹੀ ਬਰਸੀ ਫੇਰ ਬਸਿਆ।
2. ਇਹ ਦੋਵੇਂ ਸਾਖੀਆਂ ਐਨ ੧ ਅੰਸੂ ੭ ਵਿਚ ਕਵੀ ਜੀ ਨੇ ਅਨੁਵਾਦੀਆਂ ਹਨ।
3. 'ਜਾਨ ਭਾਈ' ਗੁਰੂ ਕੇ ਘੋੜੇ ਦਾ ਨਾਮ ਸੀ।

www.sikhbookclub.com



ਹੈਂਜੀ! ਸਮੀਰ ਨੇ ਬਚਨ ਨਹੀ ਸੀ ਮੰਨਿਆ, ਓਸ ਨੂੰ ਕੋਪ ਦਾ ਬਚਨ ਹੋਇਆ; ਕਪੂਰੇ ਨੇ ਨਹੀ ਸੀ ਮੰਨਿਆ, ਅਗਿਓਂ ਉਤਰ ਦਿਤਾ, ਤਿਸ ਨੇ ਸਰਾਫ ਲਇਆ। ਮੈਂ ਤਾਂ ਤੇਰੇ ਦਾਸੋਂ ਕਾ ਦਾਸ ਹਾਂ ਜੀ! ਤੂੰ ਸਰਬ ਖਤੇ ਬਖਸਣੇ ਵਾਲਾ ਹੈਂ ਜੀ! ਮੇਰੀ ਸਿਖੀ ਰਖੀਏ[1] ਜੀ! ਤੂੰ ਰਖਣ ਜੋਗ ਹਹਿਂ ਜੀ! ਏਹੁ ਮੇਰਾ ਬੇਟਾ ਹੈ।'

ਗੁਰੂ ਜੀ ਕਹਿਆ: 'ਦਾਨ ਸਿੰਘ ਬਖਸਿਆ, ਬਾਪ ਬੇਟੇ ਕੀ ਗਾਲ ਲਗਦੀ ਨਾਹੀ।'

ਦਾਨ ਸਿੰਘ ਕਹਿਆ, 'ਜੀ ਸਾਡਾ ਭਰਮੁ ਕਿਸ ਤਰਾਂ ਜਾਇ?' ਗੁਰੂ ਜੀ ਕਹਿੰਦੇ: 'ਦਾਨ ਸਿੰਘ ਬੇਲੇ ਵਿਚ ਭਾਹ ਲਗਦੀ ਹੈ, ਸ਼ੇਰਣੀ ਬਚੇ ਨੂੰ ਮੁਹਿ ਵਿਚ ਲਈ ਜਾਂਦੀ ਹੈ। ਆਖੀਏ ਖਾਂਦੀ ਹੈ, ਪਰ ਓਸਦੇ ਦੰਦੂ ਨਹੀਂ ਚੁਭਾਉਂਦੀ।'

ਦਾਨ ਸਿੰਘ ਚਰਨਾਂ ਪਰ ਮਥਾ ਟੇਕਿਆ: 'ਭਲਾ ਗੁਰੂ ਜੀ ਭਲਾ, ਸੁਖ ਕਰਣੀ ਜੀ' ॥੫੧॥

## 52. ਖਾਨੇ ਨੇ ਪਾਨੀ ਵੇਚਿਆ

ਅਗੇ ਚੜਿਆਂ ਜਾਦਿਆਂ ਕਹਿਆ, 'ਜਲ ਛਕਾਵੇਂ, ਰੋਹੀ ਵਿਚ। ਬੈਰਾਗ ਲਗੇ ਸਿਖਾਂ ਪਾਸੋਂ ਜਲੁ ਭਾਲਨਿ। ਰਾਇ ਖਾਨੇ ਪਾਸ ਜਲ ਲਭਿਆ ਛਾਗਲ ਵਿਚ। ਓਹ ਪਹਿਲਾਂ ਮੁਕਰਿਆ, ਕਹਿੰਦਾ: 'ਹੈ ਨਾਹੀ'; ਫੇਰ ਕਹਿੰਦਾ 'ਮੁਲਿ ਦੇਊਂ।'

ਸਿਖਾਂ ਕਹਿਆ, 'ਮੁਲ ਹੀ ਦੇਹਿ।'

ਕਹਿੰਦਾ, 'ਰੁਪਈਆ ਲਊਂ।'

ਸਿਖਾਂ ਕਹਿਆ, 'ਰੁਪਈਆ ਹੀ ਲੈ।'

ਫੇਰ ਕਹਿੰਦਾ, 'ਨਾਂਹੀ ਭਈ, ਕਟੋਰੇ ਕੀ ਮੁਹਰ ਲਊਂ।'

ਖਜਾਨਚੀ ਨੇ ਕਹਿਆ, 'ਮੁਹਰ ਹੀ ਲੈ।'

ਮੋਹਰ ਲਈ, ਪਾਨੀ ਕਾ ਕਟੋਰਾ ਦੀਆ।

ਗੁਰੂ ਜੀ ਕਹਿੰਦੇ, 'ਜਾਹ ਵੇ ਖਾਂਨਾਂ ਪਾਨੀ ਤੇ ਪਤਲਾ ਹੋਇ ਗਇਆ[2]' ॥੫੨॥

---

1. ਪਾ: ਬਖ਼ਸੀਏ।
2. ਸਾਖੀ ੫੧, ਤੇ ੫੨ ਐਨ ੧ ਦੇ ਅੰਸੂ ੮ ਵਿਚ ਹਨ।

www.sikhbookclub.com



## 53. ਮੁਕਤਸਰ ਯੁੱਧ

ਅਗੇ ਗੁਰੂ ਜੀ ਮੁਕਤਿਸਰ ਕੀ ਢਾਬ ਕੇ ਪਾਸ ਕੀ ਚਲੇ ਗਏ; ਟਿਬੀ ਜਾ ਖੜੋਤੇ। ਸਿਖਾਂ ਨੇ ਦੋ ਕੋਸ ਤੇ ਤੁਰਕਾਂ ਕੀ ਫੌਜ ਵੇਖੀ ਆਉਂਦੀ, ਮਾਲ੍ਹ ਉਤੇ ਚੜ੍ਹਕੇ। 'ਗੁਰੂ ਜੀ, ਆਹ ਫੌਜ ਹੈ ਆਉਂਦੀ।'

ਗੁਰੂ ਜੀ ਨੇ ਕਹਿਆ; 'ਅਖੀ ਘੱਟਾ, ਮੂਹਿ ਦੱਟਾ। ਤਰ ਤਰ ਤੱਕੇ, ਵੇਖਿ ਨ ਸੱਕੇ।'

ਮਾਝੇ ਤੇ ਚਾਲੀ ਸਿੰਘਾਂ ਕੀ ਚਉਕੀ ਆਉਂਦੀ ਸੀ ਮਗਰ ਮਗਰ। ਓਨ੍ਹਾਂ ਨੇ ਮਾਲ੍ਹ ਉਤੇ ਚਾਦਰੇ ਪਾਇ ਦਿਤੇ; — ਤੁਰਕ ਐਧਰ ਆਵੇ, ਗੁਰੂ ਜੀ ਕੇ ਮਗਰ ਨਾ ਜਾਵੇ— । ਤੁਰਕਾਂ ਨੇ ਏਧਰ ਹੀ ਸਿੰਘਾਂ ਨੂੰ ਆਇ ਟਾਕਰਾ ਕੀਆ। ਇਕ ਸਿੰਘ ਪਹਿਲਾਂ ਨਿਕਲਿਆ, ਮਾਲ੍ਹ ਹੇਠਿ ਤੇ ਸ਼ਸਤ੍ਰ ਮਾਰੇ। ਫੇਰ ਸਿੰਘ ਪੰਜ ਪੰਜ ਨਿਕਲ ਕੇ ਸਸਤ੍ਰ ਮਾਰਣਿ। ਏਸੇ ਤਰਾਂ ਚਾਲੀਆਂ ਸਿੰਘਾਂ ਨੇ ਸੀਸ ਲਾਏ, ਮੁਕਤੇ ਹੋਏ। ਇਕ ਸਿਖਣੀ ਸੀ ਓਸਨੇ ਭੀ ਲੈਕੇ ਨੇਜਾ ਮਾਰਿਆ। ਸਿੰਘਾਂ ਨੇ ਢਾਈ ਸੈ ਤੁਰਕ ਮਾਰਿਆ। ਗੁਰੂ ਜੀ ਨੇ ਤੀਰ ਚਲਾਇਆ, ਧਰਤੀ ਕੰਬੀ, ਭੂੰਕਾਟ ਪੈਇਆ। ਤੁਰਕ ਭੀ ਮੁੜਿਆ। ਤੁਰਕ ਨੇ ਜਾਤਾ— ਗੁਰੂ ਜੀ ਭੀ ਵਿਚੇ ਮਾਰਿਆ— ।

ਤੁਰਕ ਨੇ ਕਹਿਆ: 'ਪਾਨੀ, ਵੇ ਕਪੂਰਾ! ਕਹਾਂ ਪਾਨੀ?'

ਕਪੂਰੇ ਕਹਿਆ, 'ਖਾਂ ਜੀ, ਪਾਨੀ ਤਾਂ ਦਸਾਂ ਕੋਹਾਂ ਥੋਂ ਉਰੇ ਹੈਇ ਨਾਹੀਂ। ਅਗਾਹਾਂ ਤੀਹਾਂ ਕੋਹਾਂ ਤੇ ਉਰੇ ਹੈ ਨਹੀਂ।'

ਤੁਰਕ ਨੇ ਕਹਿਆ; 'ਆਜੁ* ਤਿਹਾਏ ਮੂਏ।'

ਕਪੂਰੇ ਕਹਾ: 'ਘੋੜੇ ਚਾਲ ਪਾਓ। ਪਿਛਾਹਾਂ ਮੁੜੋ। ਤੁਰਕ ਨੇ ਕਹਿਆ, 'ਫੌਜ ਮਰੀ ਪਈ ਹੈ, ਏਸ ਕੀਆਂ ਕਬਰਾਂ ਕਰਣੀਆਂ ਸਨਿ।'

ਕਪੂਰੇ ਕਹਿਆ, 'ਇਨ ਕੇ ਸਸਤ੍ਰ ਲਾਹੇ, ਜਮੀਨ ਹੀ ਪਰ ਪਏ ਹਨ, ਕਬਰਾਂ ਹੀ ਵਿਚਿ ਹਨ। ਹਛਾ ਹੋਗੁ ਸਭੇ ਹੀ ਤਿਹਾਏ ਮਰ ਜਾਹੁਗੇ! ਫਤੇ ਲੈ ਲਈ ਹੈ।'

ਤੁਰਕ ਕਹਿੰਦਾ, 'ਕਪੂਰਾ ਸਚੀ ਬਾਤ ਕਹਿੰਦਾ ਹੈ। ਸਿਆਣਾ ਹੈ। ਚਲੋ ਮੁੜੋ।'

---

* ਪਾ:- ਲਾਜੁ।

www.sikhbookclub.com



ਤੁਰਕ ਪਿਛਾਹਾਂ ਨੂੰ ਮੁੜਿਆ। ਤੁਰਕ ਸੀਰੰਦ ਸਰਾਫੀ ਕਾ ਸੂਬਾ ਸੀ। ਬੜਾ ਕੋਪ ਕਰਕੇ ਆਇਆ ਸੀ। ਪੰਜੀਹ[1] ਹਜ਼ਾਰ ਸਪਾਹਿ ਘੋੜੇ ਪੈਦਲ ਸਾਥ ਲੈ ਕੇ। ਢਾਈ ਸੈ ਕਾ ਸੰਘਾਰ ਕਰਿਵਾਇ ਕੇ ਭੰਨਾਂ। ਕੋਟਿ ਪਾਣੀ ਆਣ ਪੀਤਾ ਮੁੜਕੇ। ਤਿਸ ਦਿਨ ਤੇ ਫੇਰਿ ਗੁਰੂ ਜੀ ਕਾ ਗੈਲ ਨਾ ਕੀਤਾ ਕਦੇ।

ਗੁਰੂ ਜੀ ਟਿਬੀ ਤੇ ਆਏ, ਸਿੰਘਾਂ ਕੇ ਮੂਹ ਝਾੜੇ। ਕਿਸੇ ਨੂੰ ਕਹਿਆ: 'ਦਸ ਹਜਾਰੀ', ਕਿਸੇ ਨੂੰ ਕਹਿਆ: 'ਬੀਹ ਹਜਾਰੀ'। ਜਿਤਨੀਆਂ ਕਰਮਾਂ ਸਸਤ੍ਰ ਮਾਰਦੇ ਗਏ ਥੇ; ਕਿਸੇ ਨੂੰ ਕਹਿਆ 'ਪੰਜਾਹ[2] ਹਜਾਰੀ।' ਇਕ ਸਿੰਘ ਸਹਿਕਦਾ ਸੀ, ਬੁਲਾਇਆ, ਗੁਰੂ ਜੀ ਨੇ ਕਹਿਆ: 'ਮਹਾਂ ਸਿੰਘ! ਕੁਹੁ ਮੰਗੁ, ਹਮਾਰੀ ਖੁਸੀ ਹੈ।' ਮਹਾਂ ਸਿੰਘ ਨੇ ਕਹਿਆ: 'ਤੁਸਾਂ ਕਾ ਦੀਦਾਰ ਕਰਕੇ ਮੰਗਣਿ ਕੀ ਇਛਾ ਕਾਈ ਨਹੀਂ ਰਹੀ।'

ਗੁਰੂ ਜੀ ਕਹਿਆ: 'ਕੁਹੁ ਜਾਰੂਰਿ ਹੀ ਮੰਗੁ, ਸਾਡੀ ਏਹਾ ਖੁਸੀ ਹੈ।' ਮਹਾਂ ਸਿੰਘ ਕਹਾ: 'ਗੁਰੂ ਜੀ! ਟੂਟੀ ਮਿਲੇ।'

ਗੁਰੂ ਕਾ ਹੁਕਮ ਹੋਇਆ[3]: 'ਮਹਾਂ ਸਿੰਘ! ਕੁਹੁ ਹੋਰੁ ਮੰਗੁ, ਟੂਟੀ ਨਿਖੁਟੀ।'

ਮਹਾਂ ਸਿੰਘ ਕਹਾ: 'ਜੇ ਪਾਤਿਸਾਹ ਦੇਂਦੇ ਹਹੁ ਤਾਂ ਇਹੀ ਦਾਨ ਦੇਹੁ, ਟੂਟੀ ਮਿਲੇ।'

ਸਾਹਿਬ ਕਹਿੰਦੇ: 'ਵਾਹ ਵਾਹ ਖਾਲਸਾ ਧੰਨ, ਖਾਲਸਾ ਧੰਨ, ਟੁੱਟੀ ਮੇਲੀ ਖਾਲਸੇ ਨੇ।'

ਓਹੁ ਸਿੰਘੁ ਭੀ ਮਿਰਤ ਹੋਇ ਗਇਆ, ਓਦੋਂ ਹੀ॥੫੩॥

## 54. ਮਾਈ ਭਾਗੋ

ਇਕ ਸਿਖਣੀ ਪੁਤਾਂ ਕੀ ਇਛਾ ਕਰਕੇ ਆਈ ਸੀ। ਫੇਰ ਗੁਰੂ ਕਾ ਦਰਸਨੁ ਕਰਕੇ ਅਨ-ਇਛਤ ਹੋਇ ਗਈ ਸੀ। ਓਹੁ ਭੀ ਵਿਚੇ ਜ਼ਖਮੀ ਹੋਈ।

ਗੁਰੂ ਜੀ ਕਹਿੰਦੇ: 'ਪੁਤਾਂ ਕਾਰਣਿ ਆਈ ਵੇ ਪੀਰੀ। ਸੁਥਣਿ ਲਾਹਿ ਲਈ ਫਕੀਰੀ।' ਫੇਰ ਜਖਮਾਂ ਥੋਂ ਰਾਜੀ ਹੋਈ ਨਗਨ ਹੀ ਰਹੇ।

---

1. ਪਾ:-ਪੰਜਾਹ।
2. ਪਾ:- ਪੰਜ।
3. ਪਾ:- ਹੁਕਮ ਹੈ।

www.sikhbookclub.com



ਗੁਰੂ ਜੀ ਕਹਿੰਦੇ; 'ਮਾਈ ਭਾਗੋ! ਕਛਹਿਰਾ ਪੇਚਾ ਰਖਿਆ ਕਰੋ।'

ਫੇਰ ਕਛਹਿਰਾ ਪੇਚਾ ਰਖਣਿ ਲਗੀ। ਸਵਾ ਮਣ ਕੀ ਸਾਂਗ ਰਖਦੀ, ਵਡੀ ਭਗਤਣੀ ਹੋਈ। ਗੁਰੂ ਜੀ ਕੀ ਵਡੀ ਖੁਸੀ ਸੀ ਓਸ ਉਤੇ। ਤਿਸੀ ਦਿਨ ਤੇ ਗੁਰੂ ਜੀ ਕੇ ਬਹੀਰ ਸਾਥ ਰਹਿੰਦੀ। ਗੁਰੂ ਜੀ ਕੇ ਪਲੰਘ ਕਾ ਪਹਿਰਾ ਦੇਂਦੀ, ਦਸਾਂ ਸਿੰਘਾਂ ਨਾਲ। ਸਭ ਕੋਈ ਤਿਸਕਾ ਅਦਬ ਕਰਦਾ, ਦੇਵੀ ਜਾਣਕੇ। ਸਵਾ ਮਣ ਕੀ ਸਾਂਗ ਰਖਦੀ। ਗੁਰੂ ਜੀ ਵਡੇ ਖੁਸੀ ਹੋਏ। ਕਹਿੰਦੇ: 'ਮਹਾਂ ਸਿੰਘ ਨੇ ਹੋਰੁ ਕੁਹੁ ਨਾਂ ਮੰਗਿਆ, ਵਡਾ ਕੰਮ ਕੀਆ, ਟੂਟੀ ਮੇਲੀ।'

ਕੋਈ ਸਿੰਘ ਕਹਿੰਦੇ ਹਨ:- ਭਾਗੋ ਹੀ ਸੀ ਮਾਈ— । ਕੋਈ ਕਹਿੰਦੇ ਹਨ— ਹੋਰ ਸਿਖਣੀ ਸੀ— ।

ਸਿੰਘ ਨੇ ਹੋਰ ਕੁਹੁ ਨਾ ਮੰਗਿਆ। ਏਹੀ ਮੰਗਿਆ ਵਡਾ ਕੰਮੁ ਕੀਆ[1] ॥੫੪॥

## 55. ਮੁਕਤਿਆਂ ਦੇ ਸਸਕਾਰ ਤੇ ਵਰ

ਓਥੇ ਵਡੀਆਂ ਸੁਕੀਆਂ ਮਾਲ੍ਹਾਂ ਸਨ, ਵੈਰਾੜਾਂ ਨੂੰ, ਹੋਰ ਸਿੱਖਾਂ ਨੂੰ ਹੁਕਮ ਹੋਇਆ: 'ਚਿਖਾ ਕਰੋ ਇਕਠੀ।' ਇਕਠੇ ਚਾਲ੍ਹੀ ਸਿੰਘ ਸਿਸਕਾਰੇ; ਆਪਣੇ ਹਥੀਂ ਅਨਲ[2] ਦਿਤੀ, ਸਸਕਾਰ ਕੀਤਾ। ਫੇਰ ਆਪ ਮਾਲ੍ਹ ਹੇਠ ਆਣਿ ਬੈਠੇ। ਤਿਥੇ ਹੀ ਦੀਵਾਨ ਲਾਇਆ।

ਗੁਰੂ ਜੀ ਬਚਨ ਕੀਤਾ: 'ਏਹ ਚਾਲ੍ਹੀ ਹੀ ਮੁਕਤ ਹੋਏ। ਜਨਮ ਮਰਨ ਤੇ ਰਹਿਤ ਹੋਏ। ਊਚੀ ਪਦਮੀ ਪਾਈ। ਜੋ ਪਦਮੀ ਰਿਖੀਸਰਾਂ, ਤਪੀਸਰਾਂ, ਸਿਧਾਂ, ਮੁਨੀਸਰਾਂ ਨੂੰ ਪ੍ਰਾਪਤ ਨਹੀਂ, ਸੋ ਪਦਮੀ ਮੁਕਤਿਆਂ ਨੂੰ ਮਿਲੀ।' ਫੇਰ ਗੁਰੂ ਜੀ ਆਰਤੀ ਸੋਹਿਲਾ ਪੜਕੇ ਅਰਦਾਸ ਕੀਤੀ, ਕੜਾਹੁ ਪ੍ਰਸਾਦਿ ਵਰਤਿਵਾਇਆ। ਬਚਨ ਕਰਿਆ: 'ਏਹੁ ਸਾਡਾ ਦੀਵਾਨ ਕਾ ਅਸਥਾਨ ਤੇ ਮੁਕਤਿਆਂ ਕਾ ਸਹੀਦਗੰਜ ਏਕ ਸਮਾਨ ਹੈ। ਕੋਈ ਭਾਵਨੀ ਕਰੇ ਪੂਰੀ ਹੋਊ।'

ਸਹੀਦੁਗੰਜ ਬਣਿਆ। ਜਿਸ ਭਾਉਨੀ ਕੋਈ ਸਿਖ ਮਥਾ ਟੇਕਦਾ ਹੈ, ਸੋ ਗੁਰੂ ਪੂਰੀ ਕਰਦਾ ਹੈ॥੫੫॥

---

1. ਮੁਕਤਸਰ ਦਾ ਯੁਧ ਕਵੀ ਸੰਤੋਖ ਸਿੰਘ ਜੀ ਨੇ ਵਿਸਤਾਰ ਨਾਲ ਐਨ ੧ ਦੇ ਅੰਸੂ ੯ ਤੋਂ ੧੩ ਵਿਚ ਦਿਤਾ ਹੈ ਤੇ ਉਸ ਵਿਚ ਇਨ੍ਹਾਂ ਸਾਖੀਆਂ ਦਾ ਆਧਾਰ ਪ੍ਰਦਿਪਤ ਹੈ। 2. ਅੱਗ।

www.sikhbookclub.com



## 56. ਚਿਰੰਜੀਵੀ ਸਾਧ ਨੂੰ ਤਾਰਿਆ

ਅਗੇ ਸਾਖੀ ਹੋਰ ਤੁਰੀ। ਗੁਰੂ ਜੀ ਸਰਾਂਇ ਜਾਇ ਉਤਰੇ। ਓਥੇ ਸਾਧ ਰਹਿੰਦਾ ਸੀ। ਕਹਿੰਦਾ, 'ਕਉਣਿ ਉਤਰਿਆ ਹੈ, ਤਾਲ ਕੇ ਪਰਲੇ ਕਿਨਾਰੇ?'

ਓਥੇ ਸਿਖ ਭੀ ਜਾਇ ਨਿਕਲੇ ਸਨਿ। ਓਸ ਕੇ ਸੇਵਕ ਕਹਿੰਦੇ: 'ਗੁਰੂ ਹੈ, ਜਿਸ ਕਾ ਤੁਰਕਾਂ ਨਾਲ ਜੁਧ ਹੋਇਆ।'

ਕਹਿੰਦਾ: 'ਗੁਰੂ ਕੀ ਕੇਤੀਕੁ ਉਮਰ ਹੈ?'

ਸਿਖ ਕਹਿੰਦੇ: 'ਚਉਤੀ ਪੈਂਤੀ ਬਰਸ ਕੀ ਉਮਰ ਹੈ।'

ਕਹਿੰਦਾ: 'ਓਸ ਤੇ ਕਿਆ ਲੈਣਾ ਹੈ?'

ਸਿਖਾਂ ਨੇ ਗੁਰੂ ਜੀ ਪਾਸ ਕਹਿ ਦੀਆ: 'ਸਾਧ ਕਹਿੰਦਾ ਸੀ ਏਡੀ ਉਮਰ ਗੁਰੂ ਕੀ ਹੈ ਤਾਂ ਕੀ ਲੈਣਾ ਹੈ।'

ਗੁਰੂ ਜੀ ਕਹਿੰਦੇ: 'ਸਾਧ ਉਮਰ ਕਾ ਗੁਮਾਨ ਕਰਦਾ ਹੈ।' ਸਿਖੀ ਕਹਿਆ: 'ਜੀ ਏਸ ਕੀ ਕੈਡੀ ਕੁ ਉਮਰ ਹੈ?' ਗੁਰੂ ਜੀ ਕਹਿੰਦੇ: 'ਇਸਕੀ ਉਮਰ ਇਕ ਹਜਾਰ ਬਰਸ ਕੀ ਤੇ ਛੈ ਬੀਹਾਂ ਬਰਸ ਉਤੇ ਕੀ ਹੈਗੀ। ਸਮਾਧਿ ਲਗਾਉਂਦਾ ਹੈਗਾ।'

ਸਾਧ ਕੇ ਸੇਵਕ ਭੀ ਸੁਣਦੇ ਥੇ, ਸਾਧ ਨੂੰ ਜਾਇ ਕਹਿੰਦੇ 'ਗੁਰੂ ਜੀ ਕਹਿੰਦੇ, ਸਾਧ ਉਮਰ ਕਾ ਗੁਮਾਨ ਕਰਦਾ ਹੈ। ਇਕ ਹਜਾਰ ਛੈ ਬੀਹਾਂ ਬਰਸ ਉਤੇ ਕੀ ਹੈ ਸਾਧ ਕੀ ਉਮਰ।'

ਸਾਧ ਕਹਿੰਦਾ: 'ਐਡੀ ਉਮਰ, ਸੋਝੀ ਐਡ!' ਸਾਧ ਗੁਰੂ ਜੀ ਕਾ ਦਰਸਨ ਕਰਣਿ ਆਇਆ ਸੋਟੀ ਹਥਿ ਫੜਕੇ। ਅਗੇ ਰਹਿਰਾਸ ਪੜੀ ਦੀ ਸੀ। ਸਾਧ ਆਇਕੇ ਗੁਰੂ ਜੀ ਕੇ ਸਾਮਣੇ ਖੜੋਇ ਰਹਿਆ। ਗੁਰੂ ਜੀ ਕਹਿੰਦੇ; 'ਸਾਧਾ ਬੈਠਿ ਜਾਹ।' ਸਾਧ ਮੱਥਾ ਟੇਕ ਕੈ ਬੈਠ ਗਿਆ। ਰਹਿਰਾਸ ਨੂੰ ਭੋਗ ਪਇਆ।

ਸਾਧ ਨੇ ਕਹਿਆ; 'ਜੀ ਆਪਣੀ ਚਰਣੀ ਲਾਓ; ਸਿਖ ਕਰੋ!' ਗੁਰੂ ਜੀ ਕਹਿੰਦੇ; 'ਤੂੰ ਤਾਂ ਅਗੇ ਹੀ ਸਿਖ ਰਹਿੰ, ਪੰਥ ਬਧਾਉਣਾ ਹੈ।'

ਗੁਰੂ ਜੀ ਸਾਧ ਉਤੇ ਖੁਸੀ ਹੋਏ। ਸਾਧ ਨੇ ਮੱਥਾ ਟੇਕਿਆ। ਸਾਧ ਕਹਿੰਦਾ 'ਜੀ, ਉਮਰ ਏਹ ਸੋਝੀ ਏਹ?'

www.sikhbookclub.com



ਗੁਰੂ ਜੀ ਕਹਿੰਦੇ, 'ਤੁਸਾਂ ਪੁਰਾਣਾਂ ਗੋਦੜਾ ਰਖਿਆ ਹੈ, ਜਿਸ ਨੂੰ ਨਮੀ ਪੁਸਾਕੀ ਥਿਆਵੇ[1] ਓਹੁ ਨਮੀ ਲੈਇ ਲੈਂਦਾ ਹੈ।'

ਸਾਧ ਨੂੰ ਸਿਖੀ ਪੁਛਿਆ; 'ਜੀ ਤੁਸਾਂ ਕੀ ਉਮਰ ਵਿਚਿ ਕਈ ਕਾਲ੍ਹ ਪਏ ਹੋਨਿਗੇ?'

ਸਾਧ ਕਹਿੰਦਾ; 'ਅਕੇਰਾਂ ਸਾਡੀ ਸਮਾਧਿ ਖੁਲੀ ਤਾਂ ਮਾਨੁਖ ਕੋਈ ਨਾਂ ਦਿਸਾਵੇ। ਅਸੀ ਇਕ ਦੂਇ ਤੀਸਰੀ ਮਜਲ ਗਏ ਤਾਂ ਕੋਈ ਮਨੁਖ ਦਿਸਾਇਆ। ਅਸੀ ਓਨਾਂ ਨੂੰ ਪੁਛਿਆ, ਮਨੁਖਾਂ ਨੂੰ ਕੀ ਹੋ ਗਿਆ, ਹਨ ਨਹੀਂ? ਜੀ ਬਾਰਾਂ ਬਰਸ ਹੋਏ ਕਾਲ੍ਹ ਪਏ ਨੂੰ ਮਰ ਗਏ। ਤਾਂ ਉਨ੍ਹਾਂ ਨੇ ਆਖਿਆ, ਪੰਜ ਸੈ ਕੋਸ ਵਿਚ ਬਰਖਾ ਨਹੀਂ ਹੋਈ, ਬਾਰਾਂ ਬਰਸ ਦੁਰਭਿਛ ਪਇਆ। ਪੰਜਾਹ ਰੁਪਏ ਬਕਰੇ ਦੀ ਸਿਰੀ ਹੋਇ ਗਈ।'

ਸਾਧ ਨੂੰ ਖੁਸੀ ਹੋਈ। ਸਾਧ ਡੇਰੇ ਗਇਆ[2]॥੫੬॥

## 57. ਨੌਥੇਹੇ ਡੇਰਾ

ਅਗੇ ਸਾਖੀ ਹੋਰ ਚਲੀ। ਆਗੇ ਡੇਰਾ ਨੌਥੇਹੇ ਗੁਰੂ ਜੀ ਨੂੰ ਨਾਹੀ ਦਿਤਾ ਹਰੀਕਿਆਂ ਨੇ[3]॥੫੭॥

## 58. ਪਹਿਰੇਦਾਰ ਡੋਗਰਾਂ ਨੂੰ ਬਖ਼ਸ਼ੀਸ਼

ਅਗੇ ਗੁਰੂ ਜੀ ਫੱਤੇ ਸੰਮੂ ਦੇ ਡੇਰਾ ਜਾਇ ਕੀਤਾ। ਹਰੀਕੇ ਲੁੰਕੀ ਖੇਸ ਲੈਕੇ ਮਿਲੇ। ਗੁਰੂ ਜੀ ਖੇਸ ਲੈਕੇ ਲਕ ਬੰਨਿਆ। ਲੁੰਕੀ ਮੋਢੇ ਧਰੀ। ਇਕ ਸਿੰਘ ਨੇ ਬਿਬੇਕ ਕੀਆ। ਗੁਰੂ ਜੀ ਨੇ ਕਹਿਆ: 'ਜੇਹਾ ਦੇਸੁ ਤੇਹਾ ਭੇਸੁ। ਮੋਢੇ ਲੁੰਕੀ ਤੇੜ ਖੇਸੁ।'

ਗੁਰੂ ਜੀ ਨੇ ਕਹਿਆ ਹਰੀ ਕਿਆਂ ਨੂੰ: 'ਰਾਤ ਨੂੰ ਪਹਿਰਾ ਦੇਣਾ!' ਹਰੀਕੇ ਕਹਿੰਦੇ; 'ਕੋਈ ਖਤਰਾ ਨਾ ਕਰੋ, ਡਰੁ ਕੋਈ ਨਾਹੀ।'

ਗੁਰੂ ਜੀ ਨੇ ਕਹਿਆ: 'ਜ਼ਰੂਰ ਦੇਹੁ ਪਹਿਰਾ!' ਫੇਰ ਭੀ ਕਹਿੰਦੇ: 'ਡਰ ਨਾ ਕਰੋ।'

---

1. ਪਾ:- ਹਥਿ ਆਵੇ। ਮਿਲੇ।
2. ਐਨ ੧ ਅੰਸੂ ੧੩। 3. ਐਨ ੧ ਅੰਸੂ ੧੪।

www.sikhbookclub.com



ਗੁਰੂ ਜੀ ਕਹਿੰਦੇ: 'ਸਿੰਘ ਸੁਖਾ ਛਕਕੇ ਮਸਤਾਨੇ ਹੋਇ ਰਹਿੰਦੇ ਹਨ। ਸਾਡੇ ਨਾਲ ਬੈਰਾੜ ਚਾਕਰ ਹਨ, ਧਾੜਵੀ ਜੇਹੇ ਲੋਕ ਹੈਨਿ[1]।'

ਹਰੀਕਿਆਂ ਨਾਲਿ ਡੋਗਰ ਸਨ ਟਹਿਲੀਏ। ਓਨ੍ਹਾਂ ਨੂੰ ਕਹਿਆ: 'ਗੁਰੂ ਕਾ ਪਹਿਰਾ ਦੇਣਾ ਜਾਇਕੇ ਵਾਰੀ ਵਾਰੀ, ਕਹਿੰਦੇ ਸਨ ਪਹਿਰਾ ਜਰੂਰ ਦੇਣਾ।'

ਗੁਰੂ ਜੀ ਨੇ ਕਹਿਆ, 'ਕੋਈ ਹਰੀ ਕਾ ਹੈ ਜਾਗਦਾ?'

'ਜੀ, ਡੋਗਰ ਹਾਂ ਜਾਗਦੇ।'

ਪਹਿਰ ਰਾਤ ਤੇ ਮਗਰੋਂ ਫੇਰ ਕਹਿਆ, 'ਕੋਈ ਹਰੀ ਕਾ ਹੈ ਜਾਗਦਾ?'

'ਜੀ ਹਰੀ ਕੇ ਮਾਹੀਪਾਲ ਡੋਗਰ ਹਾਂ ਜਾਗਦੇ।'

ਗੁਰੂ ਜੀ ਨੇ ਫੇਰ ਕਹਿਆ, 'ਕੋਈ ਹਰੀ ਕਾ ਹੈ ਜਾਗਦਾ?'

'ਜੀ ਪਾਤਿਸਾਹਿ ਡੋਗਰ ਹਾਂ ਜਾਗਦੇ।'

ਗੁਰੂ ਜੀ ਬਚਨ ਕੀਤਾ, 'ਜਿਸਦੀ ਬਖਸ ਹੋਦੀ ਹੈ ਸੋਈ ਲੈਂਦਾ ਹੈ। ਹਰੀ ਕੇ ਸੁਤੇ ਰਹੇ ਡੋਗਰ ਲੈ ਗਏ। ਨੈਇ ਤੇ ਬਸਦੇ ਰਹੋ ਤੁਮਾਰੀ ਚੌਧਰਾਈ।'

ਡੋਗਰਾਂ ਨੇੜੇ ਆਇਕੇ ਮਥਾ ਟੇਕਿਆ[2]॥੫੮॥

## 59. ਰੋਹੀ ਵਿਚ ਬੇਰ ਹੇਠ ਡੇਰਾ

ਅਗੇ ਡੇਰਾ ਰੋਹੀ ਵਿਚ ਬੇਰ ਹੈ ਵਡੀ, ਓਥੇ ਡੇਰਾ ਹੋਇਆ॥੫੯॥

## 60. ਬਜੀਦਪੁਰ ਜ਼ਾਮਨੀ ਤਾਰੀ

ਅਗੇ ਡੇਰਾ ਵਜੀਦ ਪੂਰ ਹੋਇਆ। ਸਿਖਾਂ ਕਹਿਆ, 'ਜੀ ਪਾਤਸਾਹ ਕਸੂਰ ਦੇ ਹੇਠ ਆਇ ਉਤਰੇ ਹਾਂ। ਜੀ ਪਾਤਿਸਾਹ! ਬਾਈ ਨੌਬਤਾਂ ਇਨਾਂ ਕੀਆਂ ਵਜਦੀਆਂ ਹਨ ਕਸੂਰ।' ਗੁਰੂ ਜੀ ਬਚਨ ਕੀਤਾ, 'ਹਮਾਰੇ ਕਾਨੇ ਕਾਛੇ ਵਜਨਗੀਆਂ ਨੌਬਤਾਂ।'

ਓਥੇ ਤਿਤਰ ਬੋਲਿਆ; ਗੁਰੂ ਜੀ ਕਹਿਆ: 'ਜਾਂ ਬੋਲਿਆ ਤਾਂ ਲਧਾ'। ਗੁਰੂ ਜੀ ਕਹਿਆ, 'ਲਿਆਵੋ ਰਾਕੀ[3] ਨੂੰ!' ਗੁਰੂ ਜੀ ਚੜ੍ਹੇ, ਬਾਜ ਛਡਿਆ

---

1. ਜਦ ਤੁਰਕ ਫੌਜ ਪਿਛੇ ਫਿਰ ਰਹੀ ਹੋਵੇ ਕਦੇ ਨਹੀਂ ਹੋ ਸਕਦਾ ਕਿ ਸਿੰਘ ਮਸਤਾਨੇ ਹੋਣ। ਥਕੇ ਹੋਏ ਖਾਲਸੇ ਦੇ ਆਰਾਮ ਦੀ ਲੋੜ ਚਾਹੇ ਕਾਰਣ ਹੋਵੇ। ਅਸਲ ਗਲ ਇਹ ਜਾਪਦੀ ਹੈ ਕਿ ਉਸ ਦੇਸ ਦੇ ਵਾਸੀ ਦੇਸ਼ ਭੇਤੀ ਤੈ ਜਾਣੂ ਹੋਣ ਕਰਕੇ ਉਨ੍ਹਾਂ ਦਾ ਪਹਿਰਾ ਵਧੇਰੇ ਸੁਖਦਾਈ ਹੋ ਸਕਦਾ ਹੈ ਤੇ ਦੂਸਰੇ ਇਸ ਬਹਾਨੇ ਗੁਰੂ ਜੀ ਉਨ੍ਹਾਂ ਪਰ ਮਿਹਰ ਕਰੀ ਚਾਹੁੰਦੇ ਸਨ।

੨. ਐਨ ੧ ਅੰਸੂ ੧੪। ੩. ਇਰਾਕੀ=ਘੋੜਾ।

www.sikhbookclub.com



ਤਿਤਰ ਕੀ ਮਗਰ। ਬਾਜ ਤਿਤਰ ਨੂੰ ਮਾਰੇ ਨਾਹੀਂ। ਕੁਤਿਆਂ ਥੋਂ ਮਲ੍ਹਿਆਂ ਵਿਚ ਵੜ ਜਾਵੇ। ਏਸੇ ਤਰਾਂ ਹੇਠ ਉਤੇ ਹੁੰਦੇ ਪੰਞੀ ਕੋਹੀਂ ਤਿਤਰੁ ਘਰਕਾਇ ਕੋ ਜਾਇ ਫੜਿਆ। ਫੜਕੇ ਗੁਰੂ ਜੀ ਨੇ ਤਿਤਰ ਕੇ ਫੰਘ ਖੋਹਾਇ ਸਿਟੇ। ਫੇਰ ਤਿਤਰ ਛਡਿਆ ਲਗਾ ਤੋੜ ਤੋੜ ਖਾਣ ਬਾਜ, ਜੀਉਂਦੇ ਨੂੰ ਹੀ।

ਦਾਨ ਸਿੰਘ ਅਸੁਪਾਲ ਬੋਲਿਆ: 'ਡਾਢਿਆ ਹੋਰ ਤਾਂ ਕੋਈ ਕੁਹੁ ਕਹਿ ਨਹੀਂ ਸਕਦਾ। ਪੰਞੀ ਕੋਹ ਘੋੜੇ ਤੋੜ ਸਿਟੇ, ਕੇਹੜਾ ਸੇਰ ਸੀ, ਤਿਤਰ ਕੀ ਮਗਰ! ਜਰਾ ਕੁ ਕਿਤੇ ਖੜੋ ਜਾਂਦੇ ਤਿਤਰ ਸਹੇ ਕਿਤਨੇ ਹੀ ਮਾਰਿ ਲੈਂਦੇ।'

ਗੁਰੂ ਜੀ ਕਹਿੰਦੇ: 'ਦਾਨ ਸਿੰਘ! ਸਿਕਾਰ ਕਾ ਕਾਲ ਤਾਂ ਨਹੀਂ ਸੀ, ਸਾਡਾ ਏਸ ਤੀਕੁ ਕੰਮੁ ਸੀ।'

ਦਾਨ ਸਿੰਘ ਹੱਸਕੇ ਹਥ ਜੋੜਕੇ ਕਹਿਆ: 'ਤੁਸਾਂ ਕਾ ਏਸ ਤੀਕ ਕੀ ਕੰਮੁ ਸੀ? ਬਾਹਰੀ ਕਰੀਏ ਗਰੀਬ ਨਿਵਾਜਿ!'

ਗੁਰੂ ਜੀ ਕਹਿੰਦੇ: 'ਦਾਨ ਸਿੰਘ ਏਹੁ ਪਿਛਲੇ ਜਨਮ ਤਿਤਰੁ ਜੱਟ ਸੀ। ਬਾਜੁ ਬਾਣੀਆਂ ਸੀ। ਜਟ ਨੇ ਬਾਣੀਏ ਕੇ ਰੁਪਏ ਦੇਣੇ ਸੇ। ਜੱਟ ਦਮੜੇ ਲੈਇਕੇ ਕਿਤੇ ਹੋਰ ਥੇ ਭੱਜਿ ਕੇ ਜਾਇ ਬਸਿਆ। ਫੇਰ ਕਿਤੇ ਦੂਏ ਤੀਏ ਬਰਸ ਜਟ ਕਿਤੇ ਕੰਮੁ ਆਇਆ, ਬਾਣੀਏਂ ਨੂੰ ਅਰੜਿ ਗਇਆ[1], ਬਾਣੀਏ ਨੇ ਜੱਟ ਫੜ ਲਇਆ: "ਦੇਕੇ ਜਾਹ ਮੇਰਾ ਦੇਣਾ?" ਜਟ ਨੇ ਕਹਿਆ: "ਹੁਣਿ ਛਡਿ ਦੇਹ ਤੇਰੀ ਕੌਡੀ ਕੌਡੀ ਉਤਾਰ ਦੇਊਂ।" ਬਾਣੀਏ ਕਹਿਆ, "ਜਾਮਨੁ ਦੇਇ ਜਾਹਿ।" ਜੱਟ ਕਹਿੰਦਾ "ਜਾਮੁਨ ਮੇਰਾ ਕੌਣ ਹੁੰਦਾ ਹੈ। ਗੁਰੂ ਜਾਮੁਨ ਹੋਇਆ।" ਬਾਣੀਏ ਕਹਿਆ: "ਗੁਰੂ ਹੀ ਸਹੀ, ਧਰਮ ਰਖੀਂ।" ਬਾਣੀਆਂ ਨਾਂਹੀਂ ਖਤ੍ਰੀ ਸੀ। ਅਸੀਂ ਦਾਨ ਸਿੰਘ! ਜਾਮਨੀ ਲਾਹੀ ਹੈ। ਬਾਜੁ ਤਾਂ ਨਾਂਹੀ ਸੀ ਮਗਰ ਲਗਦਾ, -ਜਾਮਨ ਪਾਸੋਂ ਲਊਂ;-ਕੁਹੁ ਗਿਆਤਾ ਸੀ ਪਛਲੀ ਬਾਜ ਨੂੰ। ਜੱਟ ਨੇ ਧਰਮ ਨਾ ਰਖਿਆ ਹੁਣ ਏਸ ਕੇ ਹਵਾਲੇ ਕੀਤਾ ਹੈ; ਤੋੜ ਤੋੜ ਖਾਂਦਾ ਹੈ।'

ਦਾਨ ਸਿੰਘ ਉਠਿਕੇ ਗੁਰੂ ਜੀ ਕੇ ਪੈਰਾਂ ਪਰ ਮੱਥਾ ਟੇਕਿਆ। 'ਗੁਰੂ ਜੀ! ਸਾਮ੍ਹਣੇ ਬੋਲਿਆ ਹਾਂ, ਤਕਸੀਰ ਮਾਫ ਹੋਵੇ।'

ਗੁਰੂ ਜੀ ਕਹਿਆ: 'ਕੋਈ ਨਹੀ ਦਾਨ ਸਿੰਘ! ਤੁਸੀਂ ਤਾਂ ਉਤਰ ਹੀ ਪੁਛਿਆ ਹੈ।'

---

1. ਅਚਾਨਕ ਮਿਲ ਪਿਆ।

www.sikhbookclub.com



ਦਾਨ ਸਿੰਘ ਨੇ ਮੱਥਾ ਟੇਕਿਆ:
'ਗੁਰੂ ਜੀ! ਤੁਸਾਂ ਕੀ ਖੁਸ਼ੀ ਚਾਂਹਦੇ ਹਾਂ।'
ਜੰਡਾਂ ਕੀਆਂ ਮੇਖਾਂ ਲਾਈਆਂ, ਤਿੰਨ ਜੰਡ ਹਰੇ ਹਨ,
ਮੱਥਾ ਟੇਕੀਦਾ ਹੈ* ॥੬੦॥

## 61. ਫੇਰ ਡੇਰਾ ਮੁਕਤਸਰ

ਅਗੇ ਡੇਰਾ ਮੁਕਤਸਰ ਹੋਇਆ। ਸ੍ਰੀ ਗੁਰੂ ਜੀ ਸਹਾਇ। ਮੇਰੀ ਕਰੋ ਸਹਾਇ। ਸ੍ਰੀ ਗੋਬਿੰਦ ਸਿੰਘ ਰਾਇ! ਭੌਜਲ ਪਾਰ ਲੰਘਾਇ॥

ਫੇਰ ਬਚਨ ਕੀਤਾ, 'ਜੁਧ ਭੂਮ ਜੋ ਹੈ ਸੋ ਕੁਲਛੇਤ੍ਰ ਕੇ ਸਮਾਨ ਹੈ। ਜੈਸੇ ਕੁਲਛੇਤ੍ਰ ਭੂਮ ਫੂਲ ਨਹੀਂ ਚੁਣੀਦੇ ਤੈਸੇ ਜੁਧ ਭੂਮ ਵਿਚੋਂ ਭੀ ਫੂਲ ਨਹੀਂ ਚੁਣੀਦੇ। ਐਥੇ ਜੋ ਮੁਕਤਿਆਂ ਨੇ ਜੁਧ ਕੀਤਾ ਹੈ, ਤਾਂ ਤੇ ਇਸੀ ਜਾਗਾ ਤੰਬੂ ਲਾਵੋ!'

ਸਿਖਾਂ ਨੇ ਤਿਥੇ ਹੀ ਤੰਬੂ ਛਾਇਆਵਾਨ ਲਾਇਆ। ਗੁਰੂ ਜੀ ਡੇਰਾ ਕੀਤਾ ਤੰਬੂ ਕੇ ਬੀਚ॥੬੧॥

## 62. ਰੂਪਾਣੇ ਘੋਗੜ ਉਧਾਰ

ਅਗੇ ਰੂਪਾਣੇ ਆਏ। ਗੁਰੂ ਜੀ ਸੁਖਾ ਛਕਿਆ। ਤੀਰ ਮਾਰਿਆ ਘੋਗੜ ਕੇ। ਜੋਰੇ ਸਿੰਘ ਪੁਛਿਆ: 'ਜੀ, ਘੋਗੜ ਕਿਉਂ ਮਾਰਿਆ?'

ਗੁਰੂ ਜੀ ਕਹਿੰਦੇ, 'ਜੋਰਾ ਸਿੰਘ! ਇਹੁ ਸੌ ਜਨਮ ਘੋਗੜ ਹੀ ਹੁੰਦਾ ਆਇਆ ਹੈ।' ਕਹਿੰਦੇ; 'ਏਹੁ ਰਾਜਾ ਸੀ ਘੋਗੜ। ਇਸ ਕੇ ਪਿੰਡ ਇਕੁ ਸਿਖ ਸੀ ਗਰੀਬੁ। ਰਾਜਾ ਭੀ ਸਿਖ ਸੀ। ਸਿਖ ਨੇ ਕਹਿਆ ਰਾਜੇ ਨੂੰ:— ਜੀ, ਸਿਖਾਂ ਨੂੰ ਪ੍ਰਸਾਦਿ ਕਰਣਾਂ ਸੀ, ਤੁਸੀ ਚਰਣ ਪਾਓ ਡੇਰੇ— । ਰਾਜੇ ਨਿਉਂਦਾ ਮੰਨਿਆ। ਸਿਖ ਪ੍ਰਸਾਦਿ ਕਰਕੇ ਸਦਣ ਆਇਆ, ਰਾਜਾ ਸਿਖ ਦੇ ਘਰ ਗਇਆ। ਸਿਖ ਦੀ ਬੇਟੀ ਰਾਜੇ ਨੂੰ ਸੁੰਦਰ ਦ੍ਰਿਸਟੀ ਆਈ। ਰਾਤ ਨੂੰ ਰਾਜੇ ਨੇ ਸਿਖ ਦੇ ਘਰ ਪਿਆਦੇ ਭੇਜੇ— ਸਿਖ ਦੀ ਬੇਟੀ ਲੈ ਆਵੋ— । ਸਿਖ

---

* ਐਨ ੧ ਅੰਸੂ ੧੪, ਇਹ ਗੁਰਦੁਆਰਾ ਫੀਰੋਜ਼ਪੁਰ ਜ਼ਿਲੇ ਵਿਚ ਲੁਧਿਆਣੇ ਨੂੰ ਜਾਂਦੀ ਜਰਨੈਲੀ ਸੜਕ ਤੇ ਫੀਰੋਜ਼ਪੁਰੋਂ ੪ ਮੀਲ ਤੇ 'ਗੁਰੂ ਸਰ ਬਾਜ਼ੀਦਪੁਰ' ਨਾਮ ਕਰਕੇ ਪ੍ਰਸਿਧ ਹੈ।

www.sikhbookclub.com



ਪਿਆਦਿਆਂ ਨੂੰ ਵੇਖਕੇ ਤੰਗ ਹੋਇਆ। ਬੇਟੀ ਕਹਿੰਦੀ: ਬਾਪੂ ਤੰਗ ਨਾ ਹੋਵੇ, ਮੇਰੇ ਨਾਲ ਚਲੁ। ਰਾਜੇ ਨੂੰ ਕਹਿੰਦੀ ਸਿਖ ਦੀ ਬੇਟੀ:- ਮੈਂ ਕੱਲ ਨੂੰ ਆਵੌਂਗੀ। ਅਜੁ ਸਮਾਂ ਨਹੀ ਮੇਰਾ ਰਹਿਣ ਦਾ। ਮੈਨੂੰ ਸੱਦਣ ਨਾ ਕੋਈ ਆਵੇ, ਮੈਂ ਆਪੇ ਆਵਾਂਗੀ ਜੀ— । ਰਾਜਾ ਕਹਿੰਦਾ: ਵੇਖੀਂ ਕੋਈ ਛਲ ਕਰਦੀ? ਜੀਅ, ਛਲ ਕੀ ਕਰਣਾ ਹੈ, ਭਲਕੇ ਮੈਂ ਰਹਿੰਦੀ ਨਾਹੀ। ਅਗਲੇ ਦਿਨ ਲੜਕੀ ਕੁਹੂ ਖਾਇਕੈ ਮਰ ਗਈ। ਅੰਤ ਕੇ ਸਮੇਂ ਲੜਕੀ ਕਹਿੰਦੀ ਰਾਜੇ ਕੀ ਮਤ ਮਾੜੀ ਹੈ, ਨਿਰਾ ਘੋਗੜ ਹੈ। ਲੜਕੀ ਕੇ ਸਰਾਫ[1] ਤੇ ਰਾਜਾ ਕੋਈ ਸੌ ਜਨ ਘੋਗੜ ਹੀ ਹੁੰਦਾ ਆਇਆ ਹੈ[2]' ॥੬੨॥

## 63. ਥੇਹੜੀ, ਜੋਗੀ ਹੁਕਮ ਨਾਥ

ਜੋਗੀ ਪਿਛਲੇ ਡੇਰੇ ਗੁਰੂ ਜੀ ਨੂੰ ਮਿਲ ਆਇਆ ਸੀ। ਕਹਿੰਦਾ: 'ਗੁਰੂ ਕਹਾਉਨਾਂ ਹੈ ਕਰਾਮਾਤ ਦੇਹੁ?' ਗੁਰੂ ਜੀ ਕਹਿੰਦੇ: 'ਦੇਵਾਂਗੇ।'

ਓਥੇ ਥੇਹੜੀ ਵਡਾ ਮਟੁ ਸੀ ਸੁੰਦਰ। ਵਿਚ ਗੋਰ ਸੀ ਭੱਟੀ ਕਾਸਬ ਕੀ। ਓਥੇ ਜੋਗੀ ਬੈਠਾ ਸੀ। ਗੁਰੂ ਜੀ ਨੇ ਤੀਰ ਜ਼ਮੀਨ ਉਤੇ ਲਾਇਕੇ ਨਮਸਕਾਰ ਕੀਤੀ। 'ਹੁਕਮ ਨਾਥ ਰਾਜੀ ਹਹੁ?' ਕਹਿਆ ਸਾਹਿਬ ਨੇ। ਕਹਿੰਦਾ: 'ਨਮਸਕਾਰ, ਗੁਰੂ ਗੋਬਿੰਦ ਸਿੰਘ ਜੀ, ਰਾਜੀ ਹਾਂ।'

ਗੁਰੂ ਜੀ ਕਹਿੰਦੇ: 'ਬਡੀ ਸੁੰਦਰ ਜਾਗਾ ਹੈ।'

ਖਾਲਸਾ ਜੀ ਕਹਿੰਦਾ: 'ਗੁਰੂ ਤਨਖਾਹੀਆ ਹੈ। ਮੁਸਲਮਾਨ ਕੀ ਜਾਗਾ ਕੀ ਤਰੀਫ ਕਰੀ ਹੈ।' ਗੁਰੂ ਜੀ ਨੂੰ ਤਨਖਾਹ ਲਾਈ ਸਵਾ ਪਚੀ ਦਮੜੇ।

ਸਿਖ ਕਹਿੰਦੇ; 'ਗੋਰ, ਮੜੀ, ਮਟ ਭੂਲ ਨ ਮਾਨੈ, ਨਾਲੇ ਕਹਿੰਦੇ ਹਹੁ, ਨਾਲੇ ਤਨਖਾਹ ਲੁਵਾਈ?'

ਕਹਿੰਦੇ: 'ਖਾਲਸੇ ਨੂੰ ਸਿਖਾਲਦੇ ਹਾਂ ਤਨਖਾਹ ਦੇਣਿ ਲੈਣਿ। ਏਹੁ ਜੋਗੀ ਦੀ ਤੀਰ ਨਾਲ ਸਕਤ ਖਿੱਚੀ ਹੈ। ਏਹੁ ਦਿਲੀ ਤੇ ਲਹੌਰ ਭਿਛਿਆ ਕਰ ਆਉਂਦਾ ਹੈ। ਸਾਥੋਂ ਕਰਾਮਾਤ ਮੰਗਦਾ ਸੀ।'

ਗੁਰੂ ਜੀ ਕਹਿੰਦੇ: 'ਹੁਕਮ ਨਾਲ, ਚਲ ਦਿਲੀ ਲਹੌਰ'

ਕਹਿੰਦਾ 'ਜੀ! ਹੁਣ ਤਾਂ ਤੁਸੀ ਕਿਤੇ ਜਾਣ ਜੋਗੇ ਛਡੇ ਨਾਹੀ।'

---

1. ਸ੍ਰਾਪ।
2. ਐਨ ੧ ਅੱਸੂ ੧੫, ਅਗਲੀ ਸਾਖੀ ਬੀ ਇਸੇ ਅੱਸੂ ਵਿਚ ਹੈ।

www.sikhbookclub.com



ਜਿਥੇ ਗੁਰੂ ਜੀ ਨੇ ਡੇਰਾ ਕੀਤਾ ਸੀ, ਓਥੇ ਇਕ ਮੁਢਿ ਉਤੇ ਤਿੰਨ ਜੰਡਿ ਸਨ। ਓਥੇ ਓਸ ਜੰਡ ਨੂੰ ਮਥਾ ਟੇਕੀਦਾ ਹੈ। ਓਸ ਜੰਡ ਦੇ ਨਾਲ ਸ਼ਸਤ੍ਰ ਗੁਰੂ ਜੀ ਝੁਲਾਏ ਸੇ ਕਮਰ ਖੋਲਕੇ। ਸੁਖਾਂ ਪੂਰੀਆਂ ਹੁੰਦੀਆਂ ਹਨ ਓਸ ਜਾਗਾ ਕੀਆਂ। ਜੋਗੀ ਕਾ ਪਾਲੀ ਟੋਰੀ[1] ਪੀਲੂੰ ਕੀ ਲਿਆਂਵਦਾ, ਸਭਹੀ ਅਘਾਇ ਜਾਂਦੇ। ਓਦੋਂ ਉਹ ਭੀ ਥੁੜ ਗਈ। ਬਛੇ ਨਾਲ ਗਾਂਈ ਦੇ ਸਾਰਾ ਦਿਨ ਰਹਿੰਦੇ ਚਰਦੇ, ਚੁੰਘਦੇ ਨਾਂ, ਗਾਂਈ ਚੁੰਘਾਇ ਆਈਆਂ। ਤਾਉੜੀ ਖਿਚੜੀ ਕੀ ਰਿੰਨ੍ਹਦਾ, ਫੇਰ ਲਾਹਿਕੇ ਭੰਨ ਦੇਂਦਾ। ਜਿਤਨੇ ਸਰੀਰ ਹੁੰਦੇ ਓਨੇ ਹੀ ਠੀਕਰੇ ਹੋ ਜਾਂਦੇ। ਫੇਰ ਭੰਨੀ ਤਾਉੜੀ, ਦੋਇ ਠੀਕਰੇ ਹੋਏ। ਜੋਗੀ ਦੀ ਸਕਤਿ ਜਾਂਦੀ ਰਹੀ। ਗੁਰੂ ਜੀ ਥੋਂ ਕਰਾਮਾਤ ਮੰਗੀ ਥੀ। ਜੋਗੀ ਓਥੋਂ ਉਠਕੇ ਸਤਾਬੀ ਰਤੀਏ ਜਾਇ ਰਹਿਆ। ਗਾਂਈ ਵਛੇ ਲੈਇ ਗਇਆ, ਹੋਰ ਸਭ ਕੁਹੁ ਛਡਿ ਗਇਆ: ਘੋੜੇ, ਬਸਤ੍ਰ, ਵਰਤਣ, ਭਾਂਡੇ, ਖਰਾਸ, ਗੱਡਾ[2] ॥੬੩॥

## 64. ਭੂਦੜ

ਗੁਰੂ ਜੀ ਸ਼ਿਕਾਰ ਖੇਡਦੇ ਖੇਡਦੇ ਛੇਈਂ ਕੋਹੀਂ ਭੂੰਦੜ[3] ਗਏ। ਗੁਰੂ ਜੀ ਨੂੰ ਭੂੰਦੜਿ ਨੇ ਮੱਥਾ ਟੇਕਿਆ, ਪੰਜ ਰੁਪੱਯੇ ਇਕੁ ਥਾਨ੍ਹ। ਦੁਧ ਸਿਖਾਂ ਨੂੰ ਛਕਾਇਆ ਮਿਠਾ ਕਰਕੇ, ਹੋਰ ਗੋਸਟ ਹੋਈ।

ਗੁਰੂ ਜੀ ਕਹਿੰਦੇ: 'ਭੂੰਦੜਾ ਅਸੀ ਚੜਦੇ ਹਾਂ।'

ਭੂੰਦੜ ਕਹਿੰਦਾ: 'ਜੀ ਰਹੋ! ਕੋਈ ਟਹਿਲ ਫੁਰਮਾਓ!'

ਗੁਰੂ ਜੀ ਚੜੇ ਥੇਹੜੀ ਵਿਚਦੀ[4] ॥੬੪॥

---

1. ਕਾਨਿਆਂ ਦੀ ਬਣੀ ਲੰਬੋਤਰੀ ਪੱਛੀ ਯਾ ਟੋਕਰੀ ਜਿਸ ਵਿਚ ਪੀਲੂੰ (ਵਣ ਬ੍ਰਿਛ ਦਾ ਫਲ) ਪਾਉਂਦੇ ਹਨ।
2. ਗੁ: ਪ੍ਰ: ਸੂਰਜ ਗ੍ਰੰਥ ਐਨ ੧ ਅੰਸੂ ੧੫।
3. ਸੂ: ਪ੍ਰ: ਨੇ ਭੂੰਦੜ ਦੀਵਾਨਾ ਲਿਖਿਆ ਹੈ।
4. ਇਹ ਤੇ ਅਗਲੇ ਦੋ ਤ੍ਰੈ ਪ੍ਰਸੰਗ ਐਨ ੧ ਅੰਸੂ ੧੬ ਵਿਚ ਇਸੇ ਤਰਤੀਬ ਵਿਚ ਹਨ।

www.sikhbookclub.com



## 65. ਕਾਲ ਝਿਰਾਣੀ ਡੋਡ ਕਾਂ ਤੇ ਸੱਪ ਉਧਾਰ

ਅਗੇ ਗੁਰੂ ਜੀ ਡੇਰਾ ਕਾਲ-ਝਿਰਾਣੀ ਕੀਆ। ਅਗੇ ਕਾਲ ਝਿਰਾਣੀ ਫੁਲਾਹੀ ਵਿਚ ਡੋਡ ਕਾਉਂ ਦੇ ਬਚੇ ਹੈਸਨਿ। ਗੁਰੂ ਜੀ ਕਹਿਆ: 'ਧਰਮ ਸਿੰਘ! ਤੈਨੂੰ ਜਿਹੜਾ ਬਚਾ ਮੂਹੁ ਟਡਿ ਕੇ ਆਵੇ; ਓਸ ਕੀ ਧੌਣ ਤੋੜਿ ਆਉ।' ਧਰਮ ਸਿੰਘ ਧੌਣ ਤੋੜ ਆਇਆ ਉਤੇ ਚੜਕੇ। ਪ੍ਰੇਮ ਸਿੰਘ ਹੇਠ ਖੜੋਤਾ ਸੀ। ਸਿਖਾਂ ਕਹਿਆ: 'ਜੀ! ਬਾਹਰੀ ਕਰੀਏ ਗਰੀਬ ਨਿਵਾਜ!'

ਗੁਰੂ ਜੀ ਕਹਿੰਦੇ, 'ਏਹੁ ਸਾਡਾ ਲਾਂਗਰੀ ਸੀ, ਸਿਖਾਂ ਨੂੰ ਝਹੀਆਂ ਲੈ ਕੇ ਪੈਂਇੰਦਾ। ਸਿਖ ਕਹਿੰਦੇ:- ਕੀ ਕਾਉਂ ਵਾਂਗੂ ਕਰਲ ਕਰਲ ਕਰਦਾ ਹਹਿਂ— ।ਏਸ ਕੀ ਮੁਕਤ ਕੀਤੀ ਹੈ।'

ਸਿਖੀ ਮਥਾ ਟੇਕਿਆ। ਪਿੰਡੋਂ ਉਗਣ ਕੀ ਵਲਿ ਕਾਂਟਿਆਂ ਵਾਲੀ ਢਾਬ ਆਏ। ਓਥੇ ਸਪੁ ਵਡਾ ਫਣ ਚਕੀ ਆਇਆ। ਗੁਰੂ ਜੀ ਨੇ ਤੀਰ ਮਾਰਿਆ। ਕਹਿੰਦੇ: 'ਪਿਛੇ ਮਸੰਦ ਸੀ, ਸਿਰੁ ਨਾਂ ਸੀ ਨਿਵਾਂਵਦਾ ਕਿਸੇ ਕੋ'॥੬੫॥

## 66. ਗੁਰੂ ਸਰ

ਫੇਰ ਡੇਰਾ ਗੁਰੂ ਸਰ ਹੋਇਆ। ਸੋਢੀਆਂ ਨੇ ਰਸਤ ਦਿਤੀ, ਪ੍ਰਸਾਦਿ ਕੀਤਾ। ਅਗੇ ਡੇਰਾ ਕੂਚ ਕੀਤਾ। ਸ਼ਿਕਾਰ ਖੇਡਦੇ ਖੇਡਦੇ ਆਉਂਦੇ ਹੈਸਨ ਆਪਣੀ ਮੌਜ ਨਾਲਿ। ਸਾਥ ਬਰਾੜਾਂ ਦੀ ਬਡੀ ਭੀੜ ਹੈਸੀ। ਕੋਈ ਕੁਹੁ ਬੋਲਦਾ, ਕੋਈ ਕੁਹੁ ਬੋਲਦਾ ਹੈ॥੬੬॥

## 67. ਛਤਿਆਣੇ, ਲਖੀ ਜੰਗਲ, ਬੈਰਾੜਾਂ ਨੂੰ ਤਨਖਾਹਾਂ, ਸੂਮਾਂ

ਛਤਿਆਣੇ ਡੇਰਾ ਹੋਇਆ। ਚੜਦੇ ਵਲ ਬਹਿਮੀ ਫਕੀਰ ਕੇ ਟਿਬੇ ਪਾਸ। ਬੈਰਾੜਾਂ ਗੁਰੂ ਕੇ ਘੋੜੇ ਕੀ ਬਾਗ ਫੜੀ। ਕਹਿੰਦੇ: 'ਜੀ! ਚਾਕਰੀ ਹੁਣ ਦੇਇ ਕੇ ਜਾਹੁ ਅਗਾਹਾਂ।' ਗੁਰੂ ਜੀ ਕਹਿੰਦੇ: 'ਦੇਵਾਂਗੇ।'

ਬਰਾੜ ਕਹਿੰਦੇ; 'ਕਈ ਦਿਨ ਹੋਏ ਹੈਨ, ਦੇਵਾਂਗੇ। ਦੇਵਾਂਗੇ ਕਹਿੰਦਿਆਂ ਨੂੰ, ਦਿੰਦੇ ਨਾਂਹੀ, ਹੁਣ ਦੇਵੋ। ਲੈਕੇ ਅਗਾਂਹ ਜਾਣ ਦੇਵਾਂਗੇ। ਅਗੇ ਸਾਬੋ ਕੀ ਹਦ ਵੜਦੇ ਹਹੁ।'

ਗੁਰੂ ਜੀ ਕਹਿੰਦੇ; 'ਅਕੇ ਸਿਖੀ ਰਖੋ, ਅਕੇ ਚਾਕਰੀ ਲਹੋ।' ਕਹਿੰਦੇ; 'ਚਾਕਰੀ ਦੇਹੁ'।

www.sikhbookclub.com



ਗੁਰੂ ਜੀ ਧਨੁਖ ਸਾਥ ਬਾਨ ਚਲਾਇਆ ਤੇ ਅਕਾਸ ਕੀ ਓਰ ਬਦਲ ਹੋਇ ਆਇਆ, ਘਟ ਹੋਇ ਆਈ, ਲਗਾ ਗੜਿਆਂ[1] ਨਾਲ ਮੀਹੁ ਪਵਣਿ, ਵੈਰਾੜ ਕੋਈ ਕਿਸੇ ਮਾਲ[2] ਹੇਠ ਨੂੰ ਭੰਨਾ, ਕੋਈ ਕਿਸੇ ਮਾਲ ਹੇਠ ਨੂੰ ਭੰਨਾਂ। ਗੁਰੂ ਜੀ ਓਥੇ ਹੀ ਘੋੜੇ ਚੜੇ ਖੜੇ ਰਹੇ। ਸਿਖਾਂ ਨੇ ਗੁਰੂ ਜੀ ਕੇ ਘੋੜੇ ਉਤੋਂ ਦੀ ਲੋਏ ਕਰ ਦਿਤੇ। ਗੁਰੂ ਜੀ ਤੀਰ ਕਰ ਛੋਡਿਆ ਘੋੜੇ ਕੇ ਸਿਰ ਪਰਕੀ। ਓਥੋਂ ਕੋਸ ਭਰ ਸਾਰੇ ਮੀਹੁ ਪਇਆ ਗੜਿਆਂ ਨਾਲ। ਗੁਰੂ ਜੀ ਓਥੇ ਹੀ ਡੇਰਾ ਕਰ ਦੀਆ। ਮਗਰਲਾ ਡੇਰਾ ਬਹੀਰੁ ਸਰਵਤ ਆਇ ਮਿਲਿਆ। ਗੁਰੂ ਜੀ ਕੀ ਦਿਸਟਿ ਗੁਪਤਾਂ ਉਤੇ ਹੋਈ, ਨਾਲ ਇਕ ਬਹੀਰ ਦੇ ਸਿਖ ਹਾਜਰ ਹੋਇਆ। ਕਹਿੰਦਾ; 'ਜੀ, ਖਚਰ ਖਜਾਨੇ ਕੀ ਕਹਾਂ ਉਤਾਰੀਏ?'

ਸਾਹਿਬ ਕਹਿੰਦੇ: 'ਹਜ਼ੂਰ ਢਾਲੋ, ਅਗੇ ਈਹਾਂ ਲਿਆਵੋ।'

ਗੁਰੂ ਜੀ ਕਹਿੰਦੇ: 'ਬਾਰ ਖੋਲੋ ਗੂਣਕਾ।' ਜਾਂ ਬਾਰ ਖੋਲਿਆ ਗੂਣਕਾ ਤਾਂ ਅੱਧੇ ਦਮੜੇ, ਅਧੀਆਂ ਮੁਹਿਰਾਂ। ਗੁਰੂ ਜੀ ਕਹਿਆ: 'ਲਹੁ ਵੇ ਚਾਕਰੀ ਲੇਖਾ ਕਰਕੈ ਵੈਰਾੜੋ! ਅਠਿ ਆਂਨੇ ਅਸਵਾਰੁ, ਚਾਰ ਆਨੇ ਪਿਆਦਾ; ਇਹ ਨੌਕਰੀ ਵਰਤੇ।' ਪੰਜ ਸੈ ਅਸਵਾਰੁ ਸੀ ਨੌ ਸੈ ਪਿਆਦਾ ਸੀ। ਸਮੂਹ ਨੂੰ ਦੇਂਦੇ ਗਏ। ਗੁਰੂ ਜੀ ਕਹਿੰਦੇ, 'ਦਾਨ ਸਿੰਘ ਅਸੁਪਾਲੀ! ਆ ਚਾਕਰੀ ਲੈਅ, ਵਰਤਦੀ ਹੈ।'

ਦਾਨ ਸਿੰਘ ਕਹਿੰਦਾ: 'ਜੀ, ਪਾਤਿਸਾਹਿ! ਮੈਨੂੰ ਸਿਖੀ ਬਖਸੋ ਜੀ! ਮੇਰੇ ਦੂਧ ਪੁਤ ਘੋੜੇ ਸਭੁ ਕੁਹ ਹੈ ਜੀ।'

ਗੁਰੂ ਜੀ ਕਹਿੰਦੇ: 'ਤੈਇਂ ਦਾਨ ਸਿੰਘ! ਸਿਖੀ ਕਾ ਬੀਜੁ ਰਖਿਆ। ਬੀਜ ਤੇ ਵਧ ਜਾਵੇਗੀ। ਸਿਰ ਕੇਸ ਰਖ ਲੈ!'

ਕਹਿੰਦਾ: 'ਜੀ, ਕੇਸ ਕਿਉਂ ਰਖਾਉਂਦੇ ਹਹੁ?'

ਗੁਰੂ ਜੀ ਕਹਿੰਦੇ; 'ਜਿਸਦੇ ਸਿਰ ਕੇਸ ਹੁੰਦੇ ਹਹਿੰ, ਜਪੁ ਪੜਦਾ ਹੈ, ਓਹ ਜਮ ਦੀ ਪੁਰੀ ਨਾਹੀ ਜਾਂਦਾ। ਓਸ ਨੂੰ ਅਸੀ ਭਉਜਲ ਕੀ ਲਹਿਰ ਵਿਚੋਂ ਕਢ ਲੈਂਦੇ ਹਾਂ ਫੜਕੇ।'

ਦਾਨ ਸਿੰਘ ਦੀ ਲੰਮੀ ਦਾੜੀ ਸੀ, ਦਾੜੀ ਦਾ ਜੂੜਾ ਕੀਤਾ ਹੋਇਆ ਸੀ। ਕਹਿੰਦਾ: 'ਜੀ, ਮੈਨੂੰ ਦਾੜੀ ਥੋ ਫੜਕੇ ਕਢਿ ਲੈਣਾਂ ਜੀ!'

ਗੁਰੂ ਜੀ ਬਹੁਤ ਹੱਸੇ। ਕਹਿੰਦਾ: 'ਜੀ! ਅਸੀ ਕੇਸ ਭੀ ਰਖ ਲੈਂਦੇ ਹਾਂ।'

---

1.ਗੜੇ, ਓਲੇ। 2. ਵਣ ਦਾ ਬ੍ਰਿਛ।

www.sikhbookclub.com



ਗੁਰੂ ਜੀ ਕਾ ਬਚਨ ਮੰਨਿਆਂ, ਕੇਸ ਭੀ ਰਖੇ, ਗੁਰੂ ਜੀ ਕੀ ਪਾਹੁਲ ਭੀ ਲਈ, ਚਾਕਰੀ ਨਾਂ ਲਈ।[1]

ਗੁਰੂ ਜੀ ਬਚਨ ਕੀਤਾ: 'ਦਾਨ ਸਿੰਘ, ਗੁਰੂ ਦਿਆਲ ਹੈ ਕੁਹੁ ਮੰਗਿ ਲੈ।''

ਦਾਨ ਸਿੰਘ ਆਖਦਾ; 'ਜੇ, ਸਚੇ ਪਾਤਿਸਾਹਿ! ਆਪ ਦਿਆਲ ਹੋ ਤਾਂ ਸਾਡੀ ਨਗਰੀ ਚਰਨ ਪਾਵੋ।'

ਗੁਰੂ ਜੀ ਚੜੇ, ਤੀਸਰੇ ਪਹਿਰ ਸ਼ਿਕਾਰ ਖੇਡਦੇ ਖੇਡਦੇ ਜੰਗਲ ਬੀਚ ਆਨ ਖੜੇ ਹੋਏ। ਬਚਨ ਕੀਤਾ: 'ਬਡੀ ਸੁੰਦਰ ਜਮੀਨ ਹੈ, ਦਾਨ ਸਿੰਘ ਤੇਰਾ ਨਗਰ ਕਿਤਨਾਂ ਹੈ?' ਓਨਿ ਆਖਿਆ: 'ਜੀ ਸਵਾ ਕੋਸ।'

ਹੁਕਮ ਹੋਇਆ: 'ਹੁਣ ਤਾਂ ਸੋਦਰ ਵੇਲਾ ਹੈ, ਏਥੇ ਹੀ ਡੇਰਾ ਕਰੋ।' ਓਨਿ ਆਖਿਆ: 'ਬਹੁਤ ਅਛਾ ਗੁਰੂ ਜੀ!'

ਦਾਨ ਸਿੰਘ ਰਸਤ ਆਂਦੀ, ਲੰਗਰ ਕਰਵਾਇਆ। ਸੂਮਾ ਬੂਰੀ ਮਾਲੀ[2] ਕਾ ਦੁਧ ਲਿਆਇਆ। ਹਜ਼ੂਰ ਆਪ ਛਕਿਆ, ਬਚਨ ਕੀਤਾ: 'ਸੂਮਿਆਂ ਦੁਧ ਬੂਰੀ ਮਾਲੀ ਕਾ ਹੈ?'

ਓਨ ਆਖਿਆ: 'ਆਹੋ ਗੁਰੂ ਜੀ!'

ਅਗਲੇ ਦਿਹੁ ਸਾਰੇ ਪਿੰਡ ਕੜਾਹ ਪ੍ਰਸਾਦਿ ਦੀਆਂ ਪਰਾਤਾਂ ਲਈਆਂ, ਤੇ ਇਕੁ ਚੰਗਾ ਬਛੇਰਾ ਲੀਆ, ਸਾਰੀ ਨਗਰੀ ਹੁੰਮ ਹੁਮਾਇਕੇ ਦਰਸਨ ਨੂੰ ਆਈ। ਗੁਰੂ ਜੀ ਕਾ ਦਰਸਨ ਕੀਤਾ, ਕੜਾਹੁ ਪ੍ਰਸਾਦਿ ਬਰਤਿਆ, ਘੋੜਾ ਭੀ ਦੀਆ। ਗੁਰੂ ਜੀ ਬਚਨ ਕੀਤਾ: 'ਏਹੁ ਤਾਂ ਲਖੀ ਜੰਗਲ ਹੈ।' ਤਿੰਨ ਦਿਹ ਤਿਥੇ ਹੀ ਰਹੇ।

ਮਹਿਮੇ ਸੂਮੇ ਆਖਿਆ: 'ਗੁਰੂ ਦੀ ਕਰਾਮਾਤ ਦੇਖੀਏ।' ਫੇਰ ਕਾਲੀ ਮਾਲੀ ਕਾ ਦੁਧ ਲੈ ਗਿਆ। ਗੁਰੂ ਜੀ ਕਹਿੰਦੇ: 'ਸੂਮਿਆਂ ਕਰਾਮਾਤ ਮੰਗਦਾ ਹੈਂ? ਅਗੇ ਬੂਰੀ ਮਾਲੀ ਕਾ ਦੁਧ ਲਿਆਂਵਦਾ, ਅਜ ਕਾਲੀ ਮਾਲੀ ਕਾ ਆਂਦਾ?'

ਸੂਮੇ ਆਖਿਆ: 'ਜੀ ਤੀਮੀ ਨੇ ਬਦਲ ਦਿਤਾ।'

ਗੁਰੂ ਜੀ ਕਹਿੰਦੇ: 'ਕਰਾਮਾਤ ਚਾਹਿੰਦਾ ਸੀ। ਕਰਾਮਾਤ ਇਸ ਅਸਥਾਨ ਵਿਚ ਹੋਊ'॥੬੭॥

---

1. ਐਨ ੧ ਅੰਸੂ ੧੭ ਵਿਚ ਕਵੀ ਜੀ ਨੇ ਇਹ ਪ੍ਰਸੰਗ ਦਿੱਤਾ ਹੈ।
2. ਮੱਝ

www.sikhbookclub.com



## 68. ਦਾਨ ਸਿੰਘ ਦੇ ਪਿੰਡ

ਦਾਨ ਸਿੰਘ ਨੇ ਆਪਣੇ ਘਰ ਪ੍ਰਸਾਦਿ ਕੀਤਾ। ਗੁਰੂ ਜੀ ਚੜੇ ਪਿੰਡ ਦੇ ਪਾਸਿ ਆਏ। ਓਥੇ ਜੈਤੋ ਕੇ ਸਿਖ ਆਨਿ ਮਿਲੇ। ਗੁਰੂ ਜੀ ਤਿਥੇ ਹੀ ਉਤਰਿ ਪਏ। ਸਿਖਾਂ ਨੇ ਲੋਏ ਬਿਛਾ ਦਿਤੇ, ਪ੍ਰਸਾਦਿ ਭੀ ਓਥੇ ਹੀ ਮੰਗਾਇਕੇ ਛਕਿਆ। ਓਥੇ ਭੀ ਗੁਰੂ ਕਾ ਅਸਥਾਨ ਹੋ। ਦਾਨ ਸਿੰਘ ਨੂੰ ਖੁਸੀ ਹੋਈ: 'ਤੇਰੇ ਭੀ, ਤੇਰੀ ਨਗਰੀ ਭੀ ਸਿਖੀ ਕਾ ਨਿਵਾਸ ਹੋਊ' ॥੬੮॥

## 69. ਗੁਪਤ ਸਰ। ਝ੍ਰਿਬਾਹੀਮ ਅਜਮੇਰ ਸਿੰਘ

ਫੇਰ ਚੜੇ ਗੁਪਤਸਰ ਕੇ ਡੇਰੇ ਆਨਿ ਉਤਰੇ। ਓਥੇ ਰਹਿੰਦੀ ਮਾਇਆ ਦਬਾਇ ਦਿਤੀ ਗੁਰੂ ਜੀ ਨੇ। ਓਸ ਜਗਾ ਦਾ ਨਾਉਂ ਗੁਰੂ ਜੀ ਨੇ 'ਗੁਪਤਸਰ' ਰਖਿਆ। ਗੁਪਤਾਂ ਨੇ ਮਾਇਆ ਆਣ ਮਥਾ ਟੇਕੀ ਸੀ। ਵੈਰਾੜ ਆਪ ਵਿਚ ਦੀ ਗੱਲਾਂ ਕਰਦੇ ਸਨ: ਗੁਰੂ ਜੀ ਤੋਂ ਮਾਇਆ ਬਰਛੀ ਦੀ ਅਣੀ ਨਾਲਿ ਲਈ। ਇਕੁ ਸਿਖ ਸੁਣਦਾ ਸੀ। ਸਿਖ ਨੇ ਗੁਰੂ ਜੀ ਪਾਸ ਕਹਿਆ: 'ਜੀ ਬੈਰਾੜ ਏਸ ਤਰਾਂ ਕਹਿੰਦੇ ਸਨਿ: ਬਰਛੀ ਕੀ ਅਣੀ ਨਾਲ ਮਾਇਆ ਲਈ। ਨਾਲੇ ਹਸਦੇ ਸਨਿ ਜੀ।'

ਗੁਰੂ ਜੀ ਕਹਿੰਦੇ, 'ਸਾਡਾ ਖਾਲਸਾ ਨੌਕਰੀ ਕੀ ਚੋਟ ਸਿਉਂ ਸਹੰਸਰ ਗੁਣੀ ਲੇਵੇਗਾ।'

ਓਥੇ ਬਹਮੀ ਫਕੀਰ ਕੀ ਜਾਗਾ ਸੀ, ਮੁਸਲਮਾਨ ਕੀ। ਓਸ ਨੇ ਓਥੇ ਗੋਰ[1] ਸੀ ਬਣਾਈ। ਉਗਣ ਆਥਣ ਨੂੰ ਹੈਸੀ[2]। ਨੌ ਗਜ ਲੰਮੀ। ਰੇਖਤੇ ਕੀ[3] ਜੀਉਂਦੇ ਨੇ ਹੀ ਬਣਾਈ ਸੀ। ਮਰਨ ਲਗਾ ਬੜ ਜਾਊਂ, ਮੋਰੀ ਰਖੀ ਸੀ ਨਿਕੀ ਜੇਹੀ। ਗੁਰੂ ਜੀ ਨੂੰ ਜਾਇ ਮਿਲਿਆ। ਰਸਤ ਦਿਤੀ ਗੁਰੂ ਜੀ ਨੂੰ: ਮਣ ਘੀਉ, ਮਣ ਮੈਦਾ, ਮਣ ਹੋਰ ਰਸਤ, ਦਾਣਾਂ ਪਠਾ ਦੀਆ। ਗੁਰੂ ਜੀ ਨੂੰ ਬੇਨਤੀ ਕਰਕੇ ਮਿਲਿਆ, ਪਾਹੁਲ ਲਈ। ਗੁਰੂ ਜੀ ਨੇ ਨਾਉ ਰਖਿਆ:- 'ਅਜਮੇਰ

---

1. ਕਬਰ।
2. ਭਾਵ ਪੂਰਬ ਪੱਛਮ ਦੇ ਰੁਖ ਨੂੰ ਬਣੀ ਹੈਸੀ।
3. ਚੂਨੇ ਗਚ।

www.sikhbookclub.com



ਸਿੰਘ'। ਬਡਾ ਕਰਾਮਾਤੀ ਹੈਸੀ, ਦਿਲੀ ਲਹੌਰ ਕੀ ਭਿਛਾ ਕਰਦਾ[1] ॥੬੯॥

## 70. ਸਾਹਿਬ ਚੰਦ ਦੀ ਮਾਲ ਹੇਠ

ਅਗੇ ਸਾਖੀ ਹੋਰ ਚਲੀ। ਗੁਰੂ ਜੀ ਚੜੇ ਸੁਖਾ ਛਕਿਆ ਸਾਹਿਬ ਚੰਦਿ ਮਾਲ੍ਹ ਹੇਠ ਬੈਠਕੇ[2] ॥੭੦॥

## 71. ਭਾਈ ਦੇ ਕੋਟ

ਅਗੇ ਗੁਰੂ ਜੀ ਚੜੇ ਡੇਰਾ ਕੀਤਾ ਭਾਈ ਦੇ ਕੋਟ। ਬਾਣੀਏ ਸਿਖ ਨੇ ਟਹਿਲ ਕੀਤੀ। ਗੁਰੂ ਜੀ ਨੂੰ ਰਸਤ ਦਿਤੀ ਤਰਾ ਤਰੀ। ਪਾਹੁਲ ਲਈ। ਰੰਗੀ ਕਾ ਨਾਉ ਰਖਿਆ ਰੰਗੀ ਸਿੰਘ, ਦੂਏ ਕਾ ਨਾਉ ਰਖਿਆ ਘੁੰਮੀ ਸਿੰਘ। ਝੋਰੜਿ ਗੁਰਬਖਸ਼ ਸਿੰਘ ਨੇ ਪਾਹੁਲ ਲਈ। ਕੁੱਪ ਦੀਆ ਨੀਰੇ ਕਾ। ਗੁਰੂ ਜੀ ਸ਼ਿਕਾਰ ਗਏ, ਸੁਨੀਅਰ ਉਤਰੇ ਭਾਈ ਦੇ ਕੋਟ। ਗੁਰੂ ਜੀ ਨੇ ਡੇਰਾ ਬਣਿ ਹੇਠ ਕੀਤਾ ਸੀ। ਹੁਣ ਤੀਕੁ ਬਣ ਹੈ। ਹੇਠ ਮੰਜੀ ਹੈ ਬਣ ਕੇ। ਓਥੇ ਗੁਰੂ ਜੀ ਬੀਹ ਦਿਨ ਰਹੇ ਹਹਿਂ ਜੀ ॥੭੧॥

## 72. ਰੋਹਲੇ

ਅਗੇ ਰੋਹਲੇ ਡੇਰਾ ਕੀਤਾ। ਰੋਹਲਾ ਨਾਈ ਸੀ ਜੇਹੜਾ ਤਿਲਕਰੇ ਕੇ ਨਾਲ ਸੀ ਮੁਇਆ ਪੰਜੂ। ਤਿਲਕਰੇ ਰੋਹਲੇ ਬਾਬੀਹੇ ਕੇ ਪਾਸ ਗੁਰੂ ਜੀ ਨੌ ਦਿਨ ਡੇਰਾ ਕੀਤਾ ਸੀ ॥੭੨॥

## 73. ਬਾਜਕ

ਅਗੇ ਚੜੇ ਬਾਜਕ ਸੁਖਾ ਛਕਿਆ। ਸਿਖ ਨਗਰੀਆਂ ਕੇ ਦੁਧਾਂ ਕੇ ਤਾਓੜੇ ਪਰ ਤਾਓੜੇ ਲਿਆਏ। ਸਿਖਾਂ ਨੇ ਛਕਿਆ; ਇਕ ਸਿਖ ਨੇ ਨਾ ਛਕਿਆ।

ਗੁਰੂ ਜੀ ਕਹਿੰਦੇ: 'ਕਿਉਂ ਨਾਂਹੀ ਛਕਦਾ?'

---

1. ਸੂਰਜ ਪ੍ਰਕਾਸ਼ ਵਿਚ ਇਹ ਪ੍ਰਸੰਗ ਰੁਤ ੧ ਦੇ ਅੰਸੂ ੧੭ ਦੇ ਅੰਤ ਤੇ ੧੮ ਦੇ ਆਰੰਭ ਵਿਚ ਕਵੀ ਜੀ ਨੇ ਦਿੱਤਾ ਹੈ।
2. ਸਾਖੀ ਅੰਕ ੭੦ ਤੋਂ ੭੪ ਤਕ ਪੰਜੇ ਸਾਖੀਆਂ ਐਨ ੧ ਦੇ ਅੰਸੂ ੧੮ ਵਿਚ ਹਨ।

www.sikhbookclub.com



ਰਾਇ ਸਿੰਘ ਕਹਿੰਦਾ: 'ਜੀ' ਬਕ੍ਰ ਦਾ ਝਟਕਾ ਛਕਿਆ ਸੀ, ਬਕ੍ਰੀ ਕਾ, ਤਾਂ ਨਾਂਹੀ ਛਕਦਾ, ਗਊ ਕਾ ਨਾਹੀ ਛਕਦਾ, ਭੈਸ ਕਾ ਹੋਵੇ ਤਾਂ ਛਕਦਾ ਹਾਂ ਜੀ।'

ਇਕੁ ਸਿਖ ਕਹਿੰਦਾ: 'ਜੀ ਭੈਸ ਕਾ ਹੀ ਆਂਦਾ ਹੈ।'

ਗੁਰੂ ਜੀ ਕਹਿੰਦੇ: 'ਰਜਕੇ ਛਕ ਲੈ।'

ਕਹਿੰਦਾ: 'ਜੀ, ਸਤਿ ਵਚਨ ਜੀ! ਸਤਿ ਵਚਨ' ॥੭੩॥

## 74. ਸੁਖੂ ਬੁਧੂ ਦੀਵਾਨੇ

ਅਗੇ ਸਾਖੀ ਹੋਰ ਚਲੀ।

ਅਗੇ ਘੁੱਦੇ ਤੇ ਸੁਖੂ ਦਿਵਾਨੇ ਨੇ ਕਹਿਆ; 'ਗੁਰੂ ਨੇ ਦਿਵਾਨਾ ਮਾਰਿਆ ਹੈ ਵੈਰ ਲਈਏ।' ਪੰਜਾਹ ਦਿਵਾਨੇ ਕਠੇ ਕੀਤੇ। ਜਾਂ ਰਾਹਿ ਵਿਚਿ ਆਏ ਤਾਂ ਪੱਚੀ ਹਟ ਗਏ। ਕਹਿੰਦੇ: 'ਗੁਰੂ ਨਾਲਿ ਨਾਹੀ ਲੜਦੇ'। ਜਾਂ ਅਗੇ ਆਏ ਤਾਂ ਤੇਰਾਂ ਹਟ ਗਏ। ਜਾਂ ਅਗੇ ਆਏ ਤਾਂ ਦਸ ਹਟ ਗਏ। ਕਹਿੰਦੇ, 'ਗੁਰੂ ਨਾਲ ਨਾਹੀ ਲੜਦੇ'। ਸੁਖੂ ਤੇ ਬੁਧੂ ਰਹਿ ਗਏ। ਸਾਰੰਗੀ ਤੇ ਢਡ ਸੀ ਪਾਸ, ਡੇਰੇ ਧਰ ਗਏ। ਗੁਰੂ ਜੀ ਨੂੰ ਮਥਾ ਜਾਇ ਟੇਕਿਆ।

ਗੁਰੂ ਜੀ ਕਹਿੰਦੇ: 'ਜੋ ਕੁਹ ਡੇਰੇ ਲੁਕਾਇ ਆਏ ਹਹੁ ਓਹੁ ਲੈ ਆਵੋ!' ਓਹੁ ਢਡ ਸਾਰੰਗੀ ਲੈ ਆਏ।

ਗੁਰੂ ਜੀ ਕਹਿੰਦੇ: 'ਗਾਓ?'

ਓਨਾਂ ਸਾਰੰਗੀ ਸੁਰ ਕੀਤੀ, ਗਾਵਣ ਲਗੇ।'

ਕਹਿੰਦਾ: ਕਚਾ ਕੋਠਾ ਵਿਚ ਵਸਦਾ ਜਾਨੀ।

ਸਦਾ ਨ ਮਾਪੇ ਨਿਤ ਨਾਹੀ ਜੁਆਨੀ।

ਗੁਰੂ ਜੀ ਕਹਿੰਦੇ: 'ਫੇਰ ਕਹੁ'। ਤਿੰਨ ਵਾਰੀ ਕਹਾਇਆ।

ਗੁਰੂ ਜੀ ਚੜਨ ਲਗੇ। ਸੁਖੂ ਕਹਿੰਦਾ: 'ਜੀ ਸਾਡੇ ਉਤੇ ਅਸਵਾਰੀ ਕਰੋ'। ਦੂਇ ਦਿਵਾਨੇ ਦੁਇ ਸਿਖ ਹੋਰ ਕੀਤੇ, ਚਾਰ ਪਾਏ ਉਤੇ ਗੁਰੂ ਜੀ ਨੂੰ ਚੜਾਕੇ ਚੱਕਿਆ। ਗੁਰੂ ਜੀ ਸੁਖੂ ਦੇ ਸਿਰ ਉਤੇ ਧੌਸੇ ਵਾਂਗੂ ਵਜਾਇੰਦੇ ਜਾਵਨ। ਸੁਖੂ ਦਾ ਸਿਰ ਰੋਡਾ, ਹੇਠ ਸੁਖੂ ਕਹਿੰਦਾ ਜਾਵੇ: 'ਧਊਂ ਧਊਂ, ਧਊਂ ਧਊਂ'। ਅਗੇ ਕੋਸਕਿ ਥੋਂ ਗੁਰੂ ਜੀ ਘੋੜੇ ਉਤੇ ਅਸਵਾਰੀ ਕੀਤੀ। ਓਸ ਕਾ ਭਾਉ ਕਰਕੇ ਚੜੇ ਸੇ ਪਲੰਘ ਉਪਰ। ਸੁਖੂ ਨੇ ਆਖਿਆ ਸੀ, 'ਜੋ ਸਾਂਗ ਆਪ ਮਾਛੀਵਾੜੇ

www.sikhbookclub.com



ਕੀਤਾ ਹੈ ਸੋ ਦਿਖਾਓ ਮੈਨੂੰ?' ਮੰਜੇ ਉਤੇ ਚੜ੍ਹੇ, ਨੀਲੀ ਪੋਸਾਕ ਪਹਿਰੀ ਓਸਨੂੰ ਰਾਜ਼ੀ ਕੀਤਾ। ਡੇਰਾ ਹੋਇਆ। ਸੁਖੂ ਮਥਾ ਟੇਕਕੇ ਪਰਕੰਮਿਆ ਦੇਣ ਲਗਾ, ਨਾਲੇ ਕਹਿੰਦਾ ਫਿਰੇ 'ਊਂਘਾ ਊਂਘਾ', ਭੰਨਾਂ ਫਿਰੇ, ਫੇਰ ਹਾਰਕੇ ਡਿਗ ਪਇਆ। ਗੁਰੂ ਜੀ ਨੇ, ਸੁਖੂ ਨੂੰ, ਕਹਿਆ: 'ਏਸ ਕਾ ਅਸ਼ਨਾਨ ਕਰਵਾਓ!'

ਫੇਰ ਅਸ਼ਨਾਨ ਕੀਤਾ, ਸੁਧਿ ਆਈ। ਸੁਖੂ ਨੇ ਗੁਰੂ ਜੀ ਨੂੰ ਮੱਥਾ ਟੇਕਿਆ, ਕਹਿੰਦਾ; 'ਵਡਾ ਵੈਰਾਗੁ ਆਇਆ ਸੀ, ਤੁਸੀ ਅਸ਼ਨਾਨ ਨਾਹੀ ਸੀ ਕਰਵਾਊਣਾ ਜੀ!'

ਗੁਰੂ ਜੀ ਨੇ ਰੁਪਈਆ ਦਿਤਾ ਚੌਖੂਟੀਆ, ਓਸਨੂੰ ਅਜਾਂ ਤੀਕੁ ਮਥਾ ਟੇਕਦੇ ਹਨ ਜੀ॥੭੪॥

## 75. ਰੋਹੀ ਵਿਚ

ਸਾਖੀ ਹੋਰ ਚਲੀ।

ਬਾਜਕਿ ਤੇ ਗੁਰੂ ਜੀ ਆਇ ਡੇਰਾ ਹੋਇਆ, ਸੋਢੀਆਂ ਨੇ ਟਹਿਲ ਕੀਤੀ, ਰਾਤ ਰਹੇ ਰੋਹੀ ਵਿਚਿ॥੭੫॥

## 76. ਜੱਸੀ, ਸ੍ਵੇਤ ਸਰ

ਆਗੇ ਸਾਖੀ ਹੋਰ ਚਲੀ। ਅਗੇ ਡੇਰਾ ਜੱਸੀ ਹੋਇਆ। ਗੁਰੂ ਜੀ ਸਣੇ ਘੋੜੇ ਸਸਤ੍ਰ ਬਸਤ੍ਰ ਸਮੇਤ ਤਲਾਊ ਵਿਚਿ ਠਿਲ ਪਏ, ਅਗਲੇ ਸਿਰੇ ਜਾਇ ਨਿਕਸੇ। ਘੋੜਾ ਮੁਸਕੀ ਸੀ, ਸਿਰ ਘੋੜੇ ਕਾ ਮੁਸਕੀ ਰਹਿਆ, ਹੋਰ ਚਿਟਾ ਹੋਇ ਗਇਆ। ਗੁਰੂ ਕੀ ਸੁਰਮਈ ਪੋਸਾਕੀ ਸੀ, ਚਿਟੀ ਹੋਇ ਗਈ। ਦਸਤਾਰ ਸੁਰਮਈ ਰਹੀ। ਗੁਰੂ ਜੀ ਬਾਹਰ ਨਿਕਸੇ, ਹੋਰ ਪੋਸਾਕੀ ਪਹਿਰੀ।

ਸਿਖੀ ਕਹਿਆ; 'ਜੀ, ਏਹ ਕੀ ਹੁਕਮ ਹੋਇਆ? ਘੋੜਾ ਪੋਸਾਕੀ ਚਿਟੀ ਹੋਈ। ਘੋੜੇ ਸਣੇ ਬੜੇ ਤਾਲ ਵਿਚ?'

'ਭਾਈ ਸਿਖੋ! ਇਹੁ ਤੀਰਥ ਹੈ, ਪੁਰਬੀ ਕਾ ਬੇਲਾ ਸੀ,' ਗੁਰੂ ਜੀ ਕਹਿੰਦੇ: 'ਏਹੁ ਤੀਰਥ ਹੈ, ਏਥੇ ਰਾਮ ਤੀਰਥ ਥੋਂ ਆਇ ਉਤਰੇ ਸਨ, ਰਾਮਾਂ ਅਉਤਾਰ, ਲਊ ਕੁਸੂ ਕੇ ਜੁੱਧ ਸਮੇ।'

ਸਿਖ ਲਗੇ ਅਸਨਾਨ ਕਰਨ।

ਗੁਰੂ ਜੀ ਕਹਿੰਦੇ; 'ਓਦੋਂ ਪੁਰਬੀ ਕਾ ਬੇਲਾ ਸੀ।' ਸਿਖਾਂ ਨੂੰ ਕਹਿਆ:

www.sikhbookclub.com



'ਇਹੁ ਸੂਇਤ ਸਰ ਹੈ*, ਇਸ ਤਲਾਉ ਕਾ ਨਾਉ।' ਇਹੁ ਸਾਖੀ ਸਾਰੇ ਮਾਲਵੇ ਪਰਧਾਨ ਹੈ।

ਫੇਰ ਗੁਰੂ ਜੀ ਕਹਿੰਦੇ:

'ਜਸੀ ਆਇ ਚਲੇ। ਗੁੜ ਖਾਇ ਚਲੇ।'

ਫੇਰ ਕੋਈ ਘੜੀ ਪਿਛੋਂ ਲਬਾਣਾ ਆਇ ਉਤਰਿਆ। ਗੁਰੂ ਜੀ ਨੂੰ ਗੁੜ ਮਥਾ ਟੇਕਿਆ ਤੀਹ ਮਣ। ਓਦੋਂ ਦੇਗ ਨਾਂ ਬਰਤਾਈ, ਗੁੜ ਹੀ ਛਕਾਇਆ ਸਿਖਾਂ ਨੂੰ। ਘੋੜਿਆਂ ਨੂੰ ਭੀ ਨਿਹਾਰੀ ਗੁੜ ਹੀ ਵਰਤਿਆ। ਡੇਰਾ ਦਸ ਦਿਨ ਰਹਿਆ। ਨਗਰੀ ਨੇ, ਹੋਰ ਨਗਰੀਆਂ ਨੇ ਟਹਿਲ ਕੀਤੀ। ਗੁਰੂ ਜੀ ਚੜਨ ਲਗੇ, ਨਗਰੀ ਨੇ ਜਥਾ ਸਕਤ ਸੀ, ਸੋ ਮਥਾ ਟੇਕਿਆ॥੭੬॥

## 77. ਪੱਕੇ

ਅਗੇ ਡੇਰਾ ਕੂਚ ਕਰਕੇ ਗੁਰੂ ਜੀ ਪੱਕੇ ਡੇਰਾ ਕੀਤਾ। ਜੰਡ ਕੇ ਕੀਲੇ ਕੀਤੇ, ਜੰਡ ਹਰੇ ਹੋਏ। ਘੋੜਾ ਗੁਰੂ ਕਾ ਬੰਧਿਆ ਸੀ। ਹੁਣ ਤੀਕੁ ਓਥੇ ਮਥਾ ਟੇਕੀਦਾ ਹੈ। ਗੁਰੂ ਜੀ ਦੀ ਮੰਜੀ ਬਣੀ ਹੋਈ ਹੈ ਜੀ। ਜਾਗਾ ਗੁਰੂ ਗੁਰੂ ਜਪੀਦਾ ਹੈ। ਬੋਲੋ ਭਾਈ ਵਾਹਿਗੁਰੂ। ਸਾਖੀ ਹੋਰ ਚਲੀ॥੭੭॥

## 78. ਦਮ ਦਮੇ। ਡੱਲੇ ਪਾਸ

ਅਗੇ ਗੁਰੂ ਜੀ ਚੜੇ ਦਮਦਮੇ ਜੀ ਆਏ। ਗੁਰੂ ਜੀ ਪ੍ਰਥਮੇ ਗੁਰੂ ਤੇਗ ਬਹਾਦ੍ਰ ਜੀ ਕੇ ਅਸਥਾਨ ਨੂੰ ਮਥਾ ਟੇਕਿਆ। ਫੇਰ ਬਚਨ ਕੀਤਾ, 'ਐਸ ਬਰਮੀ ਨੂੰ ਏਕ ਬਰਾਬਰ ਕਰੋ! ਏਸ ਉਤੇ ਕਮਰ ਕਸਾ ਖੋਲਾਂਗੇ।' ਤਾਂ ਸਰਬਤ੍ਰ ਖਾਲਸੇ ਨੇ ਤਿਸ ਬਰਮੀ ਉਤੇ ਦਮਦਮਾਂ ਬਣਾਇ ਦਿਤਾ। ਬੜੇ ਬਿਸਤਾਰ ਨਾਲ; ਵਿਚਿ ਗੁਰੂ ਜੀ ਕੇ ਬੈਠਣੇ ਕੀ ਮੰਜੀ ਬਣਾਈ। ਗੁਰੂ ਜੀ ਕਹਿੰਦੇ; 'ਏਹੁ ਤਾਂ ਅਨੰਦਪੁਰ ਕਾ ਦਮਦਮਾ ਹੈ।' ਤਿਸ ਮੰਜੀ ਉਤੇ ਕਮਰ ਖੋਲੀ, ਸ਼ਸਤ੍ਰ ਰਖੇ, ਆਪ ਭੀ ਬੈਠੇ। ਤਾਂ ਸਿਖਾਂ ਬਚਨ ਕੀਤਾ; 'ਜੀ ਸਚੇ ਪਾਤਿਸਾਹਿ! ਆਪ ਨੇ ਜੋ ਪ੍ਰਿਥਮੇ ਮਥਾ ਟੇਕਿਆ ਸੀ, ਓਹ ਕਿਸਦਾ ਅਸਥਾਨ ਹੈ ਜੀ?'

---

* ਇਹ ਟਿਕਾਣਾ ਬਠਿੰਡੇ ਦੇ ਇਲਾਕੇ ਵਿਚ ਹੈ, ਗੁਰਦੁਆਰਾ ਹੈ। ਸੂ: ਪ੍ਰ: ਨੇ ਇਹ ਤੇ ਅਗਲੀ ਸਾਖੀ ਐਨ ੧ ਦੇ ਅੰਸੂ ੧੯ ਵਿਚ ਦਿੱਤੀ ਹੈ।

www.sikhbookclub.com



ਗੁਰੂ ਜੀ ਕਹਿੰਦੇ; 'ਜਦੋ ਗੁਰੂ ਤੇਗ ਬਹਾਦਰ ਜੀ ਮਾਲਵੇ ਆਏ ਹੈਨ, ਓਦੋ ਇਸੀ ਅਸਥਾਨ ਰਹੇ ਹੈਨ ਨੌ ਦਿਨ। ਏਹ ਬਡਾ ਅਸਥਾਨ ਉਤਮ ਹੈ। ਰਿਧਿ ਸਿਧਿ ਇਸ ਅਸਥਾਨ ਕੀਆਂ ਦਾਸੀਆਂ ਹੈਨ।'

ਤਿਸ ਦਿਨ ਤੇ ਸਰਬਤ ਖਾਲਸਾ ਜੀ ਨਮਸਕਾਰ ਕਰਦਾ ਹੈ। ਏਹ ਸਾਖੀ ਗੁਰੂ ਤੇਗ ਬਹਾਦਰ ਜੀ ਕੀ ਹਜੂਰ ਨੇ ਸੁਣਾਈ।

ਡੱਲੇ ਕਹਿਆ: 'ਜੀ, ਡੇਰਾ ਅੰਦਰ ਕਰੋ ਕਿਲੇ ਵਿਚਿ।'

ਸਾਹਿਬ ਜੀ ਕਹਿੰਦੇ; 'ਡੇਰਾ ਬਾਹਰ ਹੀ ਹਛਾ ਹੈ। ਅੰਦਰ ਜਨਾਨੇ ਹਨਿ।'

ਡੱਲੇ ਕਹਿਆ: 'ਜੀ ਜਨਾਨੇ ਇਕ ਹਵੇਲੀ ਵਿਚ ਰਹਿਨਗੇ। ਅਕੇ ਜਨਾਨਿਆਂ ਕਾ ਡੇਰਾ ਸਹਰ ਕਰਾਇ ਦੇਂਦੇ ਹਾਂ।'

ਗੁਰੂ ਜੀ ਕਹਿੰਦੇ: 'ਬਾਹਰ ਹੀ ਕਰਾਂਗੇ।'

ਡੱਲੇ ਕਹਿਆ: 'ਜੀ, ਮਾਤਾ ਜੀ ਕਾ ਡੇਰਾ ਤਾਂ ਅੰਦਰ ਹੋਵੇ!'

ਗੁਰੂ ਜੀ ਕਹਿੰਦੇ: 'ਉਨ ਕੀ ਖੁਸੀ।'

ਡੱਲੇ ਨੇ ਕਹਿਆ; 'ਮਾਤਾ ਜੀ! ਤੁਸੀਂ ਡੇਰਾ ਅੰਦਰ ਕਰੋ ਜੀ।'

ਮਾਤਾ ਜੀ ਬਚਨ ਕੀਆ: 'ਹਜੂਰ ਕੇ ਚਰਨਾਂ ਵਿਚ ਹੀ ਹਛਾ ਹੈ।'

ਕਿਲੇ ਕੀ ਕੰਧ ਕੇ ਨਾਲ ਡੇਰਾ ਕੀਤਾ। ਲੰਗਰ ਡੱਲੇ ਕੇ ਘਰ ਹੋਇਆ ਕਰੇ। ਗੁਰੂ ਜੀ ਪ੍ਰਸਾਦਿ ਡੱਲੇ ਕੇ ਲੰਗਰ ਤੇ ਬਾਹਰ ਮੰਗਾਇ ਲੈਂਦੇ, ਆਪਕੇ ਸੁਨਹਿਰੇ ਕਾ। ਹੋਰੁ ਖਾਲਸਾ ਡੇਰੇ ਛਕ ਆਂਵਦਾ। ਪੰਜ ਦਿਹ ਲੰਗਰ ਡੱਲੇ ਕੇ ਘਰ ਹੋਇਆ।

ਫੇਰ ਗੁਰੂ ਜੀ ਕਹਿੰਦੇ: 'ਲੰਗਰ ਬਾਹਰ ਕਰੇ!'

ਡੱਲੇ ਕਹਿਆ: 'ਜੀ ਜੇਹਾ ਰੁਖਾ ਮਿਸਾ ਕੁਣਕਾ ਹੈ ਆਪ ਕਾ ਹੀ ਹੈ, ਲੰਗਰ ਹੋਈ ਜਾਣ ਦੇਹੋ।'

ਗੁਰੂ ਜੀ ਕਹਿੰਦੇ: 'ਸਾਡੀ ਬਾਂਹਰ ਹੀ ਕੀ ਖੁਸੀ ਹੈ। ਤੇਰਾ ਭਾਉ ਐਸਾ ਹੀ ਹੈ। ਸਤਿ ਕਹਿੰਦਾ ਹੈਂ। ਲੰਗਰ ਬਾਹਰ ਹੀ ਹੋਵੇ।' ਬੈਰਾੜ ਰੋਜ ਲੈਂਦੇ ਹਨ ਹਜੂਰ ਤੇ ਚਾਕਰੀ।

ਫੇਰ ਇਕ ਦਿਹ ਗੁਰੂ ਜੀ ਨੂੰ, ਸਾਰੇ ਬੈਰਾੜਾਂ ਨੂੰ, ਲੰਗਰ ਡਲੇ ਨੇ ਕੀਤਾ। ਗੁਰੂ ਜੀ ਨੂੰ ਡੇਰੇ ਲੈਇ ਗਇਆ। ਤਰਾ ਤਰੀ ਪ੍ਰਸਾਦਿ ਵਰਤਿਆ। ਗੁਰੂ ਜੀ ਨੂੰ ਘੋੜਾ ਦੁਸਾਲਾ ਸੌ ਦਮੜਾ ਮਥਾ ਟੇਕਿਆ। ਮਾਤਾ ਜੀ ਓਰਾਂ ਨੂੰ

www.sikhbookclub.com



ਚੰਗੇ ਤੇਉਰ ਪੱਚੀ ਪੱਚੀ ਰੁਪਏ ਮੱਥਾ ਟੇਕੇ। ਗੁਰੂ ਜੀ ਬਹੁਤ ਖੁਸੀ ਹੋਏ। ਫੇਰ ਭੀ ਕਈ ਬਾਰ ਪ੍ਰਸਾਦਿ ਕੀਤਾ। ਦਾਣੇ ਪਠੇ ਕੀ ਬਹੁਤ ਟਹਿਲ ਕੀਤੀ। ਰਸਤ ਭੀ ਕਈ ਬਾਰੀ ਲੰਗਰ ਪਾਇ ਦਿਆ ਕਰੇ* ॥੭੮॥

## 79. ਵੈਸਾਖੀ ਦਾ ਮੇਲਾ, ਸਿਖ ਸਿਖਣੀਆਂ ਦੇ

ਬੈਸਾਖੀ ਕਾ ਮੇਲਾ ਵਡਾ ਭਾਰੀ ਲਗਾ ਹੈਸੀ। ਸਿਖ ਸਿਖਣੀਆਂ ਬਹੁਤ ਕਠੇ ਹੋਏ ਹੈਸਨ। ਕੋਈ ਵਾਰਾ ਪਾਰਿ ਨਹੀਂ ਸੀ ਆਉਂਦਾ ਮੇਲੇ ਕਾ। ਕੋਈ ਕੂਹੁ ਭਾਵਨੀ ਵਾਲਾ, ਕੋਈ ਕੂਹ ਭਾਵਨੀ ਵਾਲਾ। ਕੋਈ ਮੇਲੇ ਕੇ ਤਮਾਸਗੀਰ; ਬਹੁਤੇ ਕਠੇ ਹੋਏ, ਬਡੀ ਭੀੜ ਹੋਈ ਹੈਸੀ। ਅਰਦਾਸੀਏ ਬਚਨ ਕੀਤਾ: 'ਜੀ ਸਚੇ ਪਾਤਿਸਾਹਿ! ਬਡੇ ਸਿਖ ਸਿਖਣੀਆਂ ਦਰਸਨ ਨੂੰ ਆਏ ਹੈਨ੍ਹ ਜੀ!"

ਗੁਰੂ ਜੀ ਕਹਿੰਦੇ: 'ਭਾਈ ਪਿਆਰੇ! ਗੁਰੂ ਕੇ ਸਿਖ ਕੋਈ ਵਿਰਲੇ ਹੈਨਿ। ਕੇਈ ਸਿਖਣੀਆਂ ਦੇ ਸਿਖ ਹੈਨ, ਕੇਈ ਸਿਖਣੀਆਂ ਸਿਖਾਂ ਦੀਆਂ ਹੈਨ। ਕੇਈ ਤਮਾਸਗੀਰ ਹੈਨ। ਸਿਦਕ ਦੇ ਸਿਖ ਕੇਈ ਵਿਰਲੇ ਹੈਨਿ।'

ਇਕ ਸਿਖ ਨੂੰ ਸਦਿਆ, ਬਚਨ ਕੀਤਾ; 'ਤੇਰੀ ਸਿਖਣੀ ਕਿਥੇ ਹੈ?'

ਓਹੁ ਕਹਿੰਦਾ: 'ਜੀ ਮੇਰੀ ਸਿਖਣੀ ਅਹੁ ਖੜੀ ਹੈ।'

ਇਕ ਸਿਖਣੀ ਨੂੰ ਸੱਦਿਆ, ਬਚਨੁ ਕੀਤਾ: 'ਸਿਖਣੀਏ! ਤੇਰਾ ਸਿਖੁ ਕਿਥੇ ਹੈ?'

ਓਨ ਆਖਿਆ: 'ਜੀ ਮੇਰਾ ਸਿਖ ਓਹ ਬੈਠਾ ਹੈ।'

ਗੁਰੂ ਜੀ ਕਹਿੰਦੇ; 'ਭਾਈ ਅਰਦਾਸੀਆ! ਦੇਖਿਆ, ਗੁਰੂ ਕੇ ਸਿਖ ਕੇਈ ਬਿਰਲੇ ਹੈਨ।'

ਫੇਰ ਇਕ ਸਿਖ ਨੂੰ ਗੁਰੂ ਜੀ ਨੇ ਸਦਿਆ, ਬਚਨ ਕੀਤਾ: 'ਸਿਖਾ, ਤੇਰਾ ਕੋਈ ਸਨਬੰਧੀ ਭੀ ਹੈ?'

ਸਿਖ ਨੇ ਮਥਾ ਟੇਕਿਆ, ਆਖਿਆ: 'ਜੀ ਗਰੀਬ ਨਿਵਾਜ! ਅਪਣੇ ਸੁਖ ਕੇ ਹੈਨ, ਮੇਰਾ ਕੋਈ ਨਹੀਂ ਜੀ। ਮੇਰਾ ਸਤਿਗੁਰੂ ਤੂੰ ਹੈਂ, ਇਸ ਲੋਕ ਕਾ ਭੀ,

---

* ਸੂ: ਪ੍ਰ: ਨੇ ਗੁਰੂ ਜੀ ਦੇ ਤਲਵੰਡੀ ਪਧਾਰਨ ਦੀ ਸਾਖੀ ਐਨ ੧ ਦੇ ਅੰਸੂ ੧੯, ੨੦ ਵਿਚ ਦਿੱਤੀ ਹੈ। ਉਪਰ ਦਿੱਤੀ ਸਾਖੀ ਤੋਂ ਪਹਿਲੇ ਉਸ ਨੇ ਹੋਰ ਪ੍ਰਸੰਗ ਬੀ ਦਿਤਾ ਹੈ ਜੋ ਡਲੇ ਦੇ ਸਿਪਾਹੀਆਂ ਨੂੰ ਬੰਦੂਕ ਦੀ ਗੋਲੀ ਸਾਹਮਣੇ ਪਰਖਣ ਦਾ ਪ੍ਰਸਿੱਧ ਹੈ ਤੇ ਇਥੇ ਨਹੀਂ ਦਿੱਤਾ ਹੋਇਆ।

www.sikhbookclub.com



ਪਰਲੋਕ ਕਾ ਭੀ। ਤੈਥੋਂ ਭੁੱਲਿਆਂ ਠੌੜ ਨ ਠਾਉਂ। ਇਹ ਮਤ ਭੀ ਤੇਰੀ ਸੰਗਤ ਵਿਚੋਂ ਪ੍ਰਾਪਤ ਹੋਂਦੀ ਹੈ।'

ਗੁਰੂ ਜੀ ਬਚਨ ਕੀਤਾ: 'ਦੇਖ ਭਾਈ ਅਰਦਾਸੀਆ! ਇਕੁ ਸਿਖ ਗੁਰੂ ਕੇ ਭਰੋਸੇ ਵਾਲਾ ਹੈ। ਹੋਰ ਜਿਤਨੇ ਸਿਖ ਸਿਖਣੀਆਂ ਸਭੇ ਤਮਾਸਗੀਰ ਹੈਨ[1]। ਸਾਧ ਕੋਈ ਏਕੁ ਹੁੰਦਾ ਹੈ। ਜੁੱਧ ਭੂੰਮ ਮੈ ਸਭੇ ਚੜਕੇ ਜਾਂਦੇ ਹੈਨ, ਪਰ ਸੂਰਮਾ ਕੋਈ ਸਸਤ੍ਰ ਮਾਰਣ ਵਾਲਾ ਹੋਂਦਾ ਹੈ। ਨਾਉ ਉਤੇ ਪੂਰ ਚੜਦਾ ਹੈ, ਮਲਾਹੁ ਪਾਰ ਕਰਨੇ ਵਾਲਾ ਏਕ ਹੀ ਹੁੰਦਾ ਹੈ।'

ਅਰਦਾਸੀਏ ਮਥਾ ਟੇਕਿਆ, ਕਹਿਆ; 'ਜੀ, ਤੂੰ ਸਭਨਾ ਘਟਾਂ ਕੀ ਜਾਣਦਾ ਹੈਂ। ਤੂੰ ਅੰਤਰ ਜਾਮੀ ਹੈਂ ਜੀ, ਤੇਰੇ ਤੇ ਕੀ ਕੋਈ ਛਪਾਉ ਕਰੇ[2]' ॥੭੯॥

## 80. ਮਹੱਲਾ ਚੜਿਆ

ਫੇਰ ਅਗਲੇ ਦਿਹੁ ਮਹਲੇ ਚੜੇ। ਅਸਵਾਰ ਪੈਦਲ ਕੱਠੇ। ਨਿਸਾਨੇਂ ਸਾਥ, ਸਬਦ ਕੀ ਚੌਕੀ ਹੋਂਦੀ ਹੈ। ਕੋਈ ਸੁਮਾਰ ਨਹੀਂ ਆਉਂਦਾ ਅਗਾੜੀ ਪਛਾੜੀ ਕਾ। ਇਸੀ ਤਰਾਂ ਸੋਦਰ ਆਨਿ ਪੜਿਆ। ਆਪ ਉਚੇ ਦਮਦਮੇ ਬੈਠਕੇ ਦੀਦਾਰ ਦੇਂਦੇ ਹੈਨ। ਜੋ ਕੋਈ ਜੈਸੀ ਭਾਵਨੀ ਕਰਦਾ ਹੈ, ਤਿਸਕੀ ਪੂਰੀ ਕਰਦੇ ਹੈਨ॥੮੦॥

## 81. ਇਕ ਪੁਤ ਮੰਗਦੀ ਨੂੰ ਸੱਤ

ਗੁਰੂ ਜੀ ਸਿਕਾਰ ਚੜੇ। ਇਕ ਇਸਤ੍ਰੀ ਨੇ ਗੁਰੂ ਜੀ ਨੂੰ ਵੇਖਕੇ ਸਦੁ ਕੀਤਾ:-

ਵੈਨੁ ਕਰੇਂਦੀ ਗੁਰੂ ਗੋਬਿੰਦ ਸਿੰਘ ਅੱਗੇ।
ਸੋਹਣੀ ਦਾੜ੍ਹੀ ਬੀਬੀਏ ਪੱਗੇ।

---

1. ਸਰ ਅਤਰ ਸਿੰਘ ਜੀ ਦੇ ਲਿਖਤੀ ਨੁਸਖੇ ਵਿਚ ਏਥੇ ਕਿਦ ਸਤਰ ਵੱਧ ਹੈ ਜੋ ਇਹ ਹੈ:- 'ਤੀਰਥ ਜਾਤ੍ਰਾ ਮੇਂ ਅਨੇਕ ਲੋਕ ਕਠੇ ਹੁੰਦੇ ਹੈਨ।'
2. ਕਵੀ ਸੰਤੋਖ ਸਿੰਘ ਜੀ ਨੇ ਇਹ ਸਾਖੀ ਇਸ ਪੋਥੀ ਦੇ ਉਲਥੇ ਦੀ ਲਗਾਤਾਰਤਾ ਵਿਚ ਐਨ ੧ ਦੇ ਇਸ ਟਿਕਾਣੇ ਨਹੀਂ ਦਿਤੀ। ਇਸ ਸਾਖੀ ਨਾਲ ਕੁਝ ਮਿਲਦੀ ਜੁਲਦੀ ਸਾਖੀ ਸੌ ਸਾਖੀ ਵਿਚ ਦੀ ੩੫ਵੀਂ ਸਾਖੀ ਕਵੀ ਜੀ ਪਿਛੇ ਰੁੱਤ ੩ ਅੰਸੂ ੪੪ ਵਿਚ ਦੇ ਆਏ ਹਨ।

www.sikhbookclub.com



ਗੋਤ ਵੜਾਇਚ ਪਿੰਡ ਹੈ ਚੱਬੇ।
ਖਾਲੀ ਚਲੀ ਜੇ ਇਕੁ ਫਲ ਲੱਗੇ।

ਸਾਹਿਬ ਕਹਿੰਦੇ, 'ਫੇਰ ਕਹੁ, ਫੇਰ ਕਹੁ!'
ਫੇਰ ਕਹਿੰਦੀ:-
ਵੈਨੁ ਕਰੇਂਦੀ ਗੁਰੂ ਗੋਬਿੰਦ ਸਿੰਘ ਅਗੇ।
ਸੋਹਣੀ ਦਾੜ੍ਹੀ ਬੀਬੀਏ ਪਗੇ।
ਗੋਤ ਵੜਾਇਚ ਪਿੰਡ ਹੈ ਚਬੇ।
ਖਾਲੀ ਚਲੀ ਜੇ ਇਕੁ ਫਲ ਲਗੇ।

ਗੁਰੂ ਜੀ ਕਹਿੰਦੇ; 'ਕਿਥੋਂ ਆਈ ਹਹਿਂ?'
'ਜੀ ਗਰੀਬ ਨਵਾਜ, ਮਾਝੇ ਥੋਂ ਆਈ ਹਾਂ।'

ਗੁਰੂ ਜੀ ਕਹਿੰਦੇ: 'ਲਿਆਵੋ ਕਲਮ ਦੁਆਤ।'

ਗੁਰੂ ਜੀ ਨੇ ਲਿਖ ਦਿਤਾ 'ਇਕੁ ਬੇਟਾ'। ਸਿਖ ਨੂੰ ਕਹਿਆ, 'ਲੈ ਫੜਾਇ ਦੇਹ!'

ਸਿਖ ਨੇ ਕਹਿਆ, 'ਜੀ ਕਿਆ ਲਿਖਿਆ ਹੈ?'
ਕਹਿੰਦੇ: 'ਇਕੁ ਬੇਟਾ!'
ਸਿਖ ਕਹਿੰਦਾ, 'ਪਾਤਿਸਾਹ ਜੀ! ਸਾਤਾ ਹੈ!'
ਗੁਰੂ ਜੀ ਕਹਿੰਦੇ 'ਸਤ ਹੀ ਹੋਣਗੇ*' ॥੮੧॥

## 82. ਕੰਘਾ ਕਰਕੇ ਤੇ ਸੁਚੇਤ ਹੋਕੇ ਚੜਨ ਦੀ ਸਿਖਜਾ

ਫੇਰ ਗੁਰੂ ਜੀ ਸਿਕਾਰ ਚੜੇ, ਸਿਕਾਰ ਨਾਂ ਹਥਿ ਆਇਆ। ਗੁਰੂ ਜੀ ਕਹਿੰਦੇ; 'ਕਿਸੇ ਨੇ ਕੰਘਾ ਸੁਚੇਤਾ ਨਹੀਂ ਕੀਤਾ?'

ਇਕ ਸਿੰਘ ਕਹਿੰਦਾ: 'ਕੰਘਾ ਮੈਂ ਨਾਹੀ ਕੀਤਾ।'

ਗੁਰੂ ਜੀ ਕਹਿਆ: 'ਹੁਣ ਕਰੁ।'

ਓਸਨੇ ਓਥੇ ਹੀ ਕੰਘਾ ਕੀਆ। ਅਗੇ ਚੜੇ ਸ਼ਿਕਾਰ ਕੇਤੇ ਹੀ ਹਥਿ ਆਏ। ਗੁਰੂ ਜੀ ਕਹਿੰਦੇ: 'ਸੁਚੇਤਾ ਅਰਦਾਸ ਕਰਕੇ ਚੜ੍ਹੀਏ' ॥੮੨॥

---

* ਸੂ: ਪ੍ਰ: ਐਨ ੧ ਅੰਸੂ ੨੧ ਤੇ ਅਗਲੀਆਂ ਦੋਵੇਂ ਸਾਖੀਆਂ ਬੀ ਇਸੇ ਅੰਸੂ ਵਿਚ ਹੈਨ।

www.sikhbookclub.com



## 83. ਦਲਪਤ ਮੌੜਾਂ ਦਾ

ਇਕ ਦਿਨ ਇਕ ਸਿਖ ਨੇ ਮੱਥਾ ਟੇਕਿਆ ਦਹੀਂ ਕਾ ਤੌਲਾ ਗੁਰੂ ਜੀ ਕੋ। ਕਹਿੰਦੇ: 'ਕਿਹੜੇ ਪਿੰਡ ਥੋਂ ਹਹਿਂ?'

'ਜੀ ਪਾਤਿਸਾਹ ਮੌੜਾਂ ਥੋਂ!'

'ਕਿਆ ਨਾਮ ਹੈ ਤੇਰਾ?'

'ਜੀ ਨਾਮ ਦਲਪਤ ਹੈ!'

'ਕਿਸਕਾ ਬੇਟਾ ਹੈਂ?'

'ਜੀ ਭੀਉਂ ਕਾ ਬੇਟਾ ਹਾਂ।'

ਗੁਰੂ ਜੀ ਕਹਿਆ: 'ਤਦੇ ਦਲਾਂ ਕੀ ਪਤ ਹੈਂ, ਭੀਉਂ ਕਾ ਬੇਟਾ ਹਹਿਂ।' ਗੁਰੂ ਜੀ ਖੁਸੀ ਹੋਏ, ਪਗ ਪੈਨਾਈ।

ਘਰਿ ਆਇ ਮਹੀਨੇ ਥੋਂ ਮਗਰੋਂ ਡੂੰਮ ਆਏ ਗਾਉਣ ਵਾਲੇ, ਸਾਰੀ ਪੌਸਾਕੀ ਪਗ ਸਮੇਤ ਦੇਇ ਦਿਤੀ॥੮੩॥

## 84. ਭਾਈ ਕੇ ਚੱਕ, ਰਾਮ ਸਿੰਘ ਦੀ ਚਾਚੀ ਦੀ ਭੇਟਾ

ਇਕ ਦਿਨ ਡੇਰਾ ਗੁਰੂ ਰੀ ਤਲਵੰਡੀਓਂ ਚੱਕੀਂ ਜਾਇ ਕੀਤਾ*। ਇਕ ਰਾਤ ਡੇਰਾ ਬਾਹਰ ਕੀਤਾ। ਫੇਰ ਰਾਮ ਸਿੰਘ ਨੇ ਕਹਿਆ: 'ਜੀ, ਡੇਰਾ ਅੰਦਰ ਕਰੋ।' ਸਾਹਿਬ ਕਹਿੰਦੇ: 'ਬਾਹਰ ਹੀ ਖੁਸੀ ਹੈ।' ਫੇਰ ਰਾਮ ਸਿੰਘ ਭਾਈ ਕਾ ਸਾਹਿਬ ਨੂੰ ਘਰ ਲੈ ਗਇਆ। ਅਗੇ ਗੁਰੂ ਕੇ ਘੋੜੇ ਦੇ ਰਾਮ ਸਿੰਘ ਜਾਵੇ।

ਰਾਮ ਸਿੰਘ ਦੀ ਚਾਚੀ ਕਹਿਆ, ਜੇ ਗੁਰੂ ਮੇਰੇ ਘਰਿ ਆਵੇ ਮੇਰੀ ਭਾਵਨੀ ਹੈ। ਬੱਗਾ ਮਹੀਨੁ ਖੇਸ ਲੈਕੇ ਬਾਂਹ ਹੇਠ ਲੁਕਾਈ ਖੜੀ ਸੀ ਸਾਮ੍ਹਣੇ। ਰਾਮ ਸਿੰਘ ਦੇ ਘਰ ਨਾਹੀ ਮੈਂ ਜਾਣਾਂ।

ਅਗੇ ਰਾਮ ਸਿੰਘ ਦੇ ਘਰ ਕਨਾਤ ਲਗੀ ਹੋਈ ਸੀ। ਗੁਰੂ ਜੀ ਬੁੱਢੀ ਦੇ ਘਰ ਜਾਇ ਖਲੋਤੇ। ਓਸਨੇ ਮਥਾ ਟੇਕਿਆ।

ਰਾਮ ਸਿੰਘ ਕਹਿੰਦਾ, 'ਏਧਰ ਜੀ ਏਧਰ ਆਵੋ!'

ਕਹਿੰਦੇ, 'ਆਂਵਦੇ ਹਾਂ।'

ਡੇਰਾ ਰਾਮ ਸਿੰਘ ਕੇ ਘਰ ਕੀਤਾ। ਥਾਲ ਕਾ ਸੀਤ ਪ੍ਰਸਾਦਿ ਰਾਮ ਸਿੰਘ ਨੇ ਛਕਿਆ। ਮਾਤਾ ਸੁੰਦਰੀ ਕਾ ਪ੍ਰਸਾਦਿ ਭਇਆਣੀਆ ਛਕਿਆ। ਮਾਤਾ

---

* ਗੁ: ਪ੍ਰ: ਸੂ: ਐਨ ੧ ਅੰਸੂ ੨੩।

www.sikhbookclub.com



ਸਾਹਿਬ ਦੇਵਾਂ ਕੇ ਥਾਲ ਕਾ ਭਇਆਣੀਆਂ[1] ਕੁਤਿਆਂ ਨੂੰ ਪਾਇਆ ਲੈਇਕੇ। ਮਾਤਾ ਜੀ ਨੇ ਗੁੱਸਾ ਮੰਨਿਆ, ਗੁਰੂ ਜੀ ਪਾਸ ਕਹਿ ਦਿਤਾ, 'ਜੀ, ਸੁੰਦਰੀ ਕਾ ਸੀਤ ਪ੍ਰਸਾਦਿ ਛਕਿਆ ਮੰਗਾਇ ਕੇ, ਸਾਂਡਾ ਪ੍ਰਸਾਦਿ ਕੁਤਿਆਂ ਨੂੰ ਪਾਇਆ। ਅਸੀ ਤਾਂ ਕਹਿਆ ਨਹੀਂ ਸੀ ਪ੍ਰਸਾਦਿ ਲਹੋ, ਓਨੀ ਆਪ ਆਇਕੇ ਮੰਗਿਆ ਸੀ ਤਾਂ ਅਸੀ ਦੀਆ ਥੀ।'

ਰਾਮ ਸਿੰਘ ਨੂੰ ਕਹਿਆ ਗੁਰੂ ਜੀ ਨੇ: 'ਇਹ ਕੀ ਕੀਆ? ਇਨ ਕਾ ਕਜੋਂ ਨਾਂ ਛਕਿਆ?'

ਰਾਮ ਸਿੰਘ ਪੁਛ ਕੇ ਆਇਆ: 'ਜੀ, ਕਹਿੰਦੀਆਂ ਹਨ, ਅਸੀਂ ਤਾਂ ਨਹੀਂ ਛਕਿਆ— ਇਨਕਾ ਗੋਤ ਕੁਨਾਲਾ ਨਹੀਂ ਕੀਆ। ਜੀ ਗੁਰੂ ਜੀ ਕਾ ਅੰਗੁ ਨਾਹੀ ਲਗਾ-।'

ਗੁਰੂ ਜੀ ਕਹਿਆ: 'ਦੇਵ[2] ਕਾ ਪੂਜਨ ਕਰਕੇ ਅਸਾਂ ਏਹੁ ਬ੍ਰਤ ਧਾਰਿਆ ਹੈ। ਸਾਹਿਬ ਦੇਵਾਂ ਇਸ ਕਰਕੇ ਅੰਗ ਨਹੀ ਭੇਟੇ, ਤਦੀ ਨਹੀ ਛਕਿਆ ਰਾਮ ਸਿੰਘ' ॥੮੪॥

## 85. ਦਯਾਲ ਸਿੰਘ ਨੂੰ ਬਖਸ਼ਿਆ। ਡੇਰਾ ਭਾਗੂ

ਫੇਰ ਭਾਈ ਦਿਆਲ ਸਿੰਘ ਆਇਆ ਰਾਮ ਸਿੰਘ ਨੂੰ ਨਾਲ ਲੈਕੇ, ਗੁਰੂ ਜੀ ਨੂੰ ਮਥਾ ਟੇਕਿਆ। ਗੁਰੂ ਜੀ ਚੁਪ ਕਰ ਰਹੇ। ਰਾਮ ਸਿੰਘ ਨੇ ਕਹਿਆ: 'ਜੀ, ਏਹੁ ਤਾਂ ਏਸੇ ਬਾੜੀ ਕਾ ਹੈ।' ਗੁਰੂ ਜੀ ਫੇਰ ਵੀ ਨਾ ਬੋਲੇ। ਰਾਮ ਸਿੰਘ ਨੇ ਬਾਹਰ ਨਿਕਲ ਕੇ ਕਹਿਆ: 'ਦਿਆਲ ਸਿਘ ਜੀ! ਸਾਹਿਬ ਨੇ ਬਠਿੰਡੇ ਜਾਣਾ ਹੈ, ਤੁਸੀਂ ਚੜ੍ਹੋ ਭੁਚੋ ਨੂੰ, ਰਾਤ ਰਾਤ ਪ੍ਰਸਾਦਿ ਤੀਆਰ ਕਰੋ। ਗੁਰੂ ਜੀ ਦਿਹ ਚੜਦੇ ਨੂੰ ਭੁਚੋ ਕੀ ਆਵਨਿ ਗੇ।'

ਰਾਮ ਸਿੰਘ ਨੇ ਗੁਰੂ ਜੀ ਨੂੰ ਘੋੜਾ ਦੁਸਾਲਾ ਮਥਾ ਟੇਕਿਆ। ਦੋਹਾਂ ਮਾਤਾ ਜੀ ਨੂੰ ਤੇਉਰ ਦਿਤੇ ਇਕੋ ਜੇਹੇ।

ਦਿਹੁ ਘੜੀ ਚੜਦੇ ਨੂੰ ਗੁਰੂ ਜੀ ਭੁਚੋ ਕੀ ਪਹੁਚੇ। ਦਿਆਲ ਸਿੰਘ ਨੇ ਮਥਾ ਟੇਕਿਆ ਤੇ ਕਹਿਆ, 'ਗੁਰੂ ਜੀ ਡੇਰਾ ਕਰਾਈਏ।' ਗੁਰੂ ਜੀ ਕਹਿੰਦੇ:

---

1. ਭਾਈ ਕਿਆਂ ਦੀਆਂ ਸਿੰਘਣੀਆਂ।
2. ਦੋਹਾਂ ਲਿਖਤੀ ਨੁਸਖਿਆਂ ਵਿਚ ਪਾਠ 'ਦੇਵ' ਹੀ ਹੈ, ਪਰ ਕਵੀ ਸੰਤੋਖ ਸਿੰਘ ਨੇ ਇਸ ਫਿਕਰੇ ਨੂੰ ਆਪਣੀ ਕਵਿਤਾ (ਐਨ ੧ ਅੰਸੂ ੨੩) ਵਿਚ ਸ੍ਵੀਕਾਰ ਨਹੀਂ ਕੀਤਾ।

www.sikhbookclub.com



'ਅਸੀ ਭਾਗੂ ਉਤਰਾਂਗੇ।'

'ਜੀ, ਪ੍ਰਸਾਦਿ ਤੀਆਰੁ ਹੈ।'

ਅਗੇ ਦਿਆਲ ਸਿੰਘ ਨੂੰ ਕਹਿਆ ਸੀ, -ਅੰਮ੍ਰਿਤ ਛਕਲੈ। ਦਿਆਲ ਸਿੰਘ ਨੇ ਮੰਨਿਆ ਨਹੀਂ ਸੀ। ਕਹਿਦੇ 'ਹੁਣਿ ਤਾਂ ਨਾਹੀ ਛਕਦਾ, ਸਾਡਿਆ ਰੰਘੜੇਟਿਆ ਥੋਂ ਛਕੇਂਗਾ।' ਫੇਰਿ (ਜਦ) ਛਕਣ ਲਗਾ ਚਾਰ ਸਿੰਘ ਹਥਿ ਆਏ, ਪੰਜਵੇਂ ਰੰਘੜੇਟੇ ਸੂਝੇ ਪੜੇ ਦੂਰੋਂ।

ਦਿਆਲ ਸਿੰਘ ਨੇ ਕਹਿਆ: 'ਜੀ, ਅੰਮ੍ਰਿਤ ਛਕਾਵੋ।'

ਕਹਿੰਦੇ: 'ਅਸਾਂ ਜਾਰੂਰਿ ਜਾਣਾ ਹੈ ਅਜੁ।'

ਦਿਆਲ ਸਿੰਘ ਓਥੇ ਹੀ ਪ੍ਰਸਾਦਿ ਗਡਿਆਂ ਉਤੇ ਪਾਇਕੈ ਲੈ ਗਇਆ। ਪ੍ਰਸਾਦਿ ਵਰਤਿਆ। ਦਿਆਲ ਸਿੰਘ ਨੇ ਘੋੜਾ ਦੁਸਾਲਾ ਮਥਾ ਟੇਕਿਆ, ਨਾਲੇ ਸਉ ਦਮੜਾ। ਕਿਤੇ ਰਹੇ ਸਨ ਪੰਦ੍ਹਾਂ ਸਿੰਘ, ਕਹਿੰਦੇ: 'ਜੀ, ਸਾਡੇ ਤਾਂਈ ਪ੍ਰਸਾਦਿ ਨਾਹੀ ਮਿਲਿਆ।'

ਗੁਰੂ ਜੀ ਖੜੇ ਘੋੜੇ ਵੇਖਦੇ ਸਨ। ਗੁਰੂ ਜੀ ਕਹਿੰਦੇ ਦਿਆਲ ਸਿੰਘ ਕਾ ਪੱਲਾ ਫੜਕੇ: 'ਏਸ ਪਾਸੋਂ ਲਹੋ ਪ੍ਰਸਾਦਿ।'

ਦਿਆਲ ਸਿੰਘ ਨੇ ਛਾਪ ਲਾਹਿ ਦਿਤੀ, ਕਹਿੰਦਾ: 'ਇਸ ਕਾ ਪ੍ਰੋਸਾਦਿ ਰਸਤ ਲੈਕੇ ਬਣਾਇ ਲਹੋ।' ਓਨੀ ਪ੍ਰਸਾਦਿ ਛਾਪ ਵੇਚਿਕੇ ਬਣਾਇ ਲਇਆ[1]॥੮੫॥

## 86. ਬਠਿੰਡੇ ਡੇਰਾ

ਡੇਰਾ ਭਾਗੂ ਸੀ ਹੋਇਆ। ਅਗੇ ਸਾਖੀ ਹੋਰ ਚਲੀ।

ਗੁਰੂ ਜੀ ਚੜੇ ਬਠਿੰਡੇ ਡੇਰਾ ਕੀਤਾ। ਗੁਰੂ ਜੀ ਕੇ ਨਾਲ ਪੰਡਤੁ ਸੀ, ਵਡਾ ਬੁਧਿਵਾਨੁ। ਕਹਿੰਦਾ: 'ਗੁਰੂ ਜੀ ਵਿਨੈਪਾਲ ਕੀ ਤਲਾਕ[2] ਹੈ। ਜੇਹੜਾ ਕੋਈ ਪਾਤਿਸਾਹੁ ਏਥੇ ਬਠਿੰਡੇ ਵੜੇ, ਹਾਥੀ ਬਲੀ ਦੇਕੇ ਵੜੇ, ਨਾਲੇ ਏਥੇ ਦੇਉ ਰਹਿੰਦਾ ਹੈ।'

ਗੁਰੂ ਜੀ ਕਹਿੰਦੇ: 'ਹਾਥੀ ਏਥੇ ਕਹਾਂ ਹੈ?'

ਪੰਡਤੁ ਕਹਿੰਦਾ: 'ਝੋਟਾ ਦੇਵੋ ਵਲਿ। ਕਿਸੇ ਪਿੰਡ ਤੇ ਮੰਗਾਇ ਲਹੁ।'

ਵੰਗੇਹਰ ਸਿੰਘ ਭੇਜੇ ਪੰਜ ਮਹੋਂ ਨੂੰ। ਸਿੰਘੀਂ ਕਹਿਆ ਜਾਇਕੇ

---

1. ਐਨ ੧ ਅੰਸੂ ੨੩ ਤੋਂ ੨੫। ਅੰਸੂ ੨੪ ਵਿਚ ਬਠਿੰਡੇ ਤੋਂ ਕਾਣਾ ਦੇਉ ਕੱਢਣ ਦੀ ਸਾਖੀ ਹੈ ਜੋ ਅਗਲੀ ੮੬ਵੀਂ ਸਾਖੀ ਹੈ। 2. ਬੱਧੀ ਹੋਈ ਸ਼ਰਤ।

www.sikhbookclub.com



ਵੰਗੇਹਰੀਆ ਨੂੰ: 'ਗੁਰੂ ਜੀ ਝੋਟਾ ਮੰਗਿਆ ਹੈ ਵਲੀ ਦੇਣ ਵਾਸਤੇ'।

ਓਨੀ ਕਹਿਆ: 'ਲੈ ਜਾਹੁ, ਅਹੁ ਖੜਾ ਜੰਡ[1] ਨਾਲ ਖਹਿੰਦਾ ਹੈ।' ਠਠਾ ਕੀਤਾ ਮਾਰਖੰਡ ਸੀ ਮਹਿਆਂ।

ਸਿਖੀਂ ਕਹਿਆ ਜਾਇ ਕੇ: 'ਚਲੁ ਭਾਈ ਮਾਲੀਆ! ਗੁਰੂ ਜੀ ਯਾਦ ਕੀਤਾ ਹਹਿ, ਸੀਸੁ ਲੈਂਦੇ ਹਨਿ।'

ਮਹਿਆਂ ਤੁਰ ਪਇਆ ਜਾਂ ਸਿਖਾਂ ਸੋਟੀ ਲਾਈ। ਮਾਰਖੰਡ ਸੀ ਮਹਿਆਂ, ਤੁਰ ਪਇਆ। ਵੰਗੇਹਰੀਏ ਹੈਰਾਨ ਹੋਇ ਗਏ, ਕਹਿੰਦੇ: 'ਗੁਰੂ ਕਲਾ ਵਾਲਾ ਹੈ।'

ਗੁਰੂ ਜੀ ਬਲਿ ਦੀਆ ਮਹਿਆ।

ਗੁਰੂ ਜੀ ਕਹਿੰਦੇ: 'ਮਹੇ ਨੂੰ ਸਿਟਿ ਪਾਓ ਹੇਠਿ।'

ਗੋਦੜੀਆ ਕਹਿੰਦਾ: 'ਜੀ, ਮੈਨੂੰ ਹੁਕਮ ਹੋਵੇ ਸਿਟ ਦੇਵਾਂ।' ਗੁਰੂ ਜੀ ਕਹਿੰਦੇ: 'ਸਿਟਿ ਦੇਹ!'

ਭਾਈ ਗੋਦੜੀਏ ਦੇਇ ਕੇ ਖਣਤੇ[2] ਕਾ ਅੜਿਕਾ ਕਿਲੇ ਹੇਠਿ ਸਿਟਿ ਦੀਆ।

ਗੁਰੂ ਜੀ ਕਹਿੰਦੇ; 'ਵਡਾ ਬਲਕਾਰੀ ਹੈ ਸਾਧ।'

ਮੁਨਾਰੇ ਓਦੋਂ ਕਿਤੇ ਸਨ, ਕਿਤੇ ਨਹੀ ਸਨ। ਗੋਰੀਆ ਉਤਿਓਂ ਢਾਹਿ ਗਇਆ ਸੀ। ਭਾਈ ਗੋਦੜੀਆ ਉਤੇ ਗੋਦੜੀ ਰਖਦਾ, ਤਾਂ ਕਰ ਗੋਦੜੀਆ ਕਹਿੰਦੇ। ਹਥਿ ਵਡਾ ਖਣਤਾ ਰਖਦਾ। ਵਡੇ ਬੋਹੜ ਲਾਏ ਸਨ ਗੋਦੜੀਏ ਨੇ। ਵਡਾ ਭਗਤ ਸੀ। ਕੁਹੁ ਮੂਹੋ ਨਿਕਲ ਜਾਇ ਬਚਨ ਸਹਿਜ ਸੁਭਾਇ ਸੋਈ ਹੋਇ ਜਾਂਦਾ। ਗੁਰੂ ਜੀ ਨੇ ਭੀ ਕਹਿਆ ਹੈ ਦਖਨ ਜਾਇ ਕੇ: 'ਮਾਲਵੇ ਮਹਿ ਦੇਖਿਆ ਮਾਇਆ ਕਾ ਤਿਆਗੀ ਭਾਈ ਗੋਦੜੀਆ।' ਭੁਚੋ ਕਿਆਂ ਥੇ ਗੁਰੂ ਜੀ ਦੇ ਵਹੀਰ ਨਾਲ ਹੀ ਟੁਰ ਆਇਆ ਸੀ।

ਫੇਰ ਚਿਤਾਂ ਗੁਪਤਾਂ ਨੂੰ ਹੁਕਮ ਹੋਇਆ: 'ਏਸ ਦੇਵ ਨੂੰ ਐਥੋਂ ਕਢੋ ਪਕੜਕੇ।' ਓਨੀਂ ਕਹਿਆ ਦੇਵ ਨੂੰ: 'ਨਿਕਲ ਜਾਹਿ, ਗੁਰੂ ਜੀ ਕਾ ਹੁਕਮ ਹੈ।'

ਦੇਵ ਕਹਿੰਦਾ: 'ਮੈਨੂੰ ਕਿਧਰ ਕਢਦੇ ਹਹੁ?'

---

1. ਸੂ: ਪ੍ਰ: ਨੇ ਬੇਰੀ ਲਿਖੀ ਹੈ।
2. ਜ਼ਮੀਨ ਖਣਨ ਵਾਲਾ ਕੁਦਾਲਾ ਯਾ ਗਦਾਲਾ।

www.sikhbookclub.com



ਗੁਰੂ ਜੀ ਕਹਿੰਦੇ,—ਸਰਾਫੀ ਹੋਈ ਜਾਹੁ ਬਾਊਨੀ—[1]। ਸਿਖ ਕਹਿੰਦੇ: 'ਸਰਹੰਦ ਨੂੰ ਕਹਿੰਦੇ ਹਨ!' ਕਹਿੰਦਾ; 'ਜੀ ਅਜੁ ਤਾਂ ਮੈਂ ਭੁਖਾ ਹਾਂ।'

ਸਿਖਾਂ ਨੇ ਕਹਿਆ: 'ਅਗੇ ਕੀ ਖਾਂਦਾ?'

'ਸਵਾ ਲਖ ਮਣ ਕਾ ਮੇਰਾ ਅਹਾਰੁ ਹੈ, ਅਜੁ ਭੁਖਾ ਹੀ ਹਾਂ।'

ਗੁਰੂ ਜੀ ਕਹਿੰਦੇ: 'ਦੁਪਹਿਰਾ ਮਸੂਰ ਪੁਰ ਕਟਕੇ ਚਲਿਆ ਜਾਈ[2]।'

ਗੁਰੂ ਜੀ ਕਹਿੰਦੇ: 'ਵਡਾ ਜਗਾ ਬਣਾਈ ਹੈ।'

ਬਰਾੜ ਕਹਿੰਦੇ: 'ਏਥੋਂ ਕਾ ਰਾਜਾ ਬਿਨੈ ਪਾਲ ਸਿਕਾਰ ਚੜਿਆ ਸੀ, ਵੇਖੇ ਤਾਂ ਸੇਰ ਤੋਂ ਬਕ੍ਰੀ ਅੜੀ ਖੜੀ ਹੈ। ਸੇਰ ਨੂੰ ਹਲਾਇ ਦੇਂਦੀ ਹੈ, ਜਾਂ ਸੇਰੁ ਨੇੜੇ ਢੁਕਦਾ ਹੈ। ਬਿਨੈ ਪਾਲ ਨੇ ਓਸੇ ਵੇਲੇ ਓਡਿ ਹੋਰੁ ਮਿਹਨਤੀ ਲਾਇ ਦਿਤੇ;— ਗੜ੍ਹਾ[3] ਪਾਓਂ ਈਹਾਂ—। ਦਾਨਿਆਂ ਕੇ ਹਿਸਾਬ ਕਰਕੇ ਭਾਊਲਿ ਕੇ, ਉਸ ਕੀ ਭੀ ਮਿਟੀ ਹੀ ਸਿਟਾਉਂਦਾ। ਇਸ ਕੀ ਸੁਰੰਗ ਭਟਨੇਰ ਜਾਂਦੀ ਹੈ, ਵਡੀ ਚਉੜੀ ਹੈ' ॥੮੬॥

## 87. ਸਮੀਰ ਡੇਰਾ

ਅਗੇ ਗੁਰੂ ਜੀ ਚੜੇ ਸਮੀਰ ਆਇ ਡੇਰਾ ਕੀਤਾ। ਰਾਤ ਰਹੇ ਨਗਰੀ। ਡੱਲਾ ਤਿਥੇ ਹੀ ਆਨਿ ਮਿਲਿਆ। ਜਿਮੀਦਾਰ ਡੱਲੇ ਨੂੰ ਨਜ਼ਰ ਲੈਕੇ ਆਏ। ਦੇਣ ਲਗੇ ਤਾਂ ਡੱਲੇ ਨੇ ਆਖਿਆ; 'ਭੇਟਾ ਗੁਰੂ ਜੀ ਕੋ ਦੇਵੋ! ਭੇਟਾਂ ਕੀ ਲਾਇਕ ਗੁਰੂ ਜੀ ਹੈਨ। ਏਨਾਂ ਕੇ ਅਗੇ ਮੇਰੀ ਕੀ ਤਾਗਤ ਹੈ ਭੇਟਾ ਲੈਣੇ ਕੀ।'

ਗੁਰੂ ਜੀ ਬਚਨ ਕੀਤਾ; 'ਡੱਲ ਸਿੰਘ! ਕਰਾਮਾਤ ਨਾਲੋਂ ਮੁਲਾਕਾਤ ਬਡੀ ਹੈ। ਸਾਡੇ ਵਿਚ ਕਰਾਮਾਤ ਸਭੋ ਹੈ, ਜਦੋਂ ਲਾਵਾਂਗੇ ਤਦੋਂ ਹੀ ਕੋਈ ਜਾਣੂਗਾ। ਤੇਰੀ ਰਈਯਤ ਹੈ ਏਹ ਸਚੇ ਹੈਨ' ॥੮੭॥

## 88. ਤਲਵੰਡੀ ਸਾਬੋ। ਪਹਿਰੇਦਾਰਾਂ ਖੇਡਾ ਦੇਖਿਆ

ਅਗੇ ਡੇਰਾ ਗੁਰੂ ਜੀ ਤਲਵੰਡੀ ਫੇਰ ਕੀਤਾ। ਦਸਾਂ ਸਿੰਘਾਂ ਕਾ ਰਾਤ ਨੂੰ ਪਹਿਰਾ ਵਾਰੋ ਵਾਰੀ ਹੁੰਦਾ ਹੈਸੀ ਹਜ਼ੂਰ ਕਾ। ਰਾਤ ਨੂੰ ਖੇਡਾ[4] ਪਇਆ ਤਲਵੰਡੀ।

---

1. ਸਰਾਪੇ ਹੋਏ ਇਲਾਕੇ ਵਿਚ ਜਾਹ, ਭਾਵ ਸਰਹਿੰਦ ਦਾ ਹੈ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ- ਫਿਟਕੀ ਪੁਰੀ 'ਸਰੰਦ' ਉਜਾਰਹੁ।
2. ਐਨ ੧ ਅੰਸੂ ੨੪। ਅਗਲੀਆਂ ਸਤਰਾਂ ਦਾ ਅਨੁਵਾਦ ਅਗਲੇ ਅੰਸੂ ੨੫ ਦੇ ਅੰਕ ੧੨ ਤੋਂ ੧੯ ਤੱਕ ਵਿਚ ਦਿੱਤਾ ਹੈ। 3. ਕਿਲ੍ਹਾ। 4.ਖੇਲ, ਤਮਾਸ਼ਾ।

www.sikhbookclub.com



ਸਿਖ ਕਹਿੰਦੇ: 'ਚਲੋ ਵੇਖਿ ਆਈਏ। ਗੁਰੂ ਜੀ ਤਾਂ ਥਕੇ[1] ਪਏ ਹਨ, ਕੋਈ ਡਰ ਤਾਂ ਨਾਂਹੀ; ਜਾਗਿਆਂ ਥੋਂ ਅਗੇ ਹੀ ਆਇ ਜਾਹਿੰਗੇ।' ਪੰਜ ਸਿੰਘ ਨਾ ਗਏ, ਪੰਜ ਗਏ। ਜਿਹੜੇ ਵੇਖਣ ਗਏ ਕਹਿੰਦੇ: 'ਕਿਉਂ ਆਏ, ਕੀ ਲਹਿਆ ਆਇਕੇ, ਗੁਰੂ ਜੀ ਗੁੱਸਾ ਮੰਨਨਗੇ, ਚਲੋ ਚਲੀਏ।' ਡਰਦੇ ਡਰਦੇ ਆਇ ਕੇ ਖਲੇ ਰਹੇ, ਵਡੇ ਡਰੇ ਕਹਿੰਦੇ: 'ਗੁਰੂ ਜੀ ਤਾਂ ਸੁਤੇ ਭੀ ਜਾਗਦੇ ਹਨ। ਜਾਗਦੇ ਭੀ ਜਾਗਦੇ ਹਨ।'

ਜੇਹੜੇ ਨਾਂਹੀ ਸਨ ਗਏ— 'ਤੁਸੀ ਅਸੀ ਕਿਉਂ ਨਾ ਗਏ' ਕਹਿੰਦੇ। 'ਇਹ ਸਿਖ ਵੇਖਕੇ ਆਇ ਹੀ ਗਏ; ਸਤਾਬੀ ਹੀ ਆਇ ਜਾਂਦੇ, ਗੁਰੂ ਜੀ ਤਾਂ ਸੁਤੇ ਹੀ ਪਏ ਸਨ।'

ਓਇ ਭੀ ਡੇਰੇ ਨੂੰ ਗਏ ਦਿਨ ਚੜਦੇ, ਦੀਵਾਨ ਲਗੇ ਥੋਂ, ਸਭੇ ਕਠੇ ਹੋਏ।

ਗੁਰੂ ਜੀ ਕਹਿੰਦੇ: 'ਤੁਮ ਖੇਡੇ ਮਹਿ ਗਏ ਸੇ! ਇਹ ਕਿਆ ਕੀਆ?' ਜੇਹੜੇ ਨਾਂਹੀ ਸਨ ਗਏ ਓਨਾਂ ਕੋ ਕਹਿਆ। ਓਨੀਂ ਕਹਿਆ: 'ਜੀ ਅਸੀ ਨਾਹੀ ਗਏ, ਏਹ ਗਏ ਸਨ।'

'ਤੁਸੀਂ ਕੀ ਕਹਿਆ ਸੀ ਗਇਆਂ ਕੇ ਮਗਰੋਂ? ਏਨਾਂ ਕੀ ਕਹਿਆ ਜਾਇਕੇ?'

ਦੋਹੀਂ ਧਿਰੀਂ ਸਚੁ ਕਹਿ ਦਿਤਾ, ਜੇਹੀ ਜੇਹੀ ਮਨ ਮਹਿ ਆਈ ਸੀ। 'ਜੇਹੜੇ ਨਾਂਹੀ ਸੇ ਗਏ, ਇਨ ਕਾ ਰਿਦਾ ਊਹਾਂ ਸੀ ਤਮਾਸੇ ਬੀਚ। ਜੇਹੜੇ ਗਏ ਸੇ ਓਨਾਂ ਕਾ ਰਿਦਾ ਹਮਾਰੇ ਪਾਸ ਸੀ'[2] ॥੮੮॥

## 89. ਸੰਗਤ ਨੂੰ ਸ਼ਸਤ੍ਰਧਾਰੀ ਕੀਤਾ। ਜੁੱਧ ਸਿਖਾਯਾ

ਏਕ ਬੇਰ ਸ੍ਰੀ ਗੁਰੂ ਜੀ ਜੰਗਲ ਦੇਸ ਥੇ, ਤਾਂ ਕਿਸੀ ਸਿਖ ਆਨ ਕਹਿਆ: 'ਸਚੇ ਪਾਤਿਸਾਹਿ ਜੀ! ਸੰਗਤਿ ਆਂਵਦੀ ਸੀ ਤੇ ਅਮਕੇ ਸੂਬੇਦਾਰ ਖੋਸ ਲੀਨੀ ਹੈ।' ਤਾਂ ਗੁਰੂ ਜੀ ਚੁਪ ਕਰ ਰਹੇ। ਤਾਂ ਫੇਰਿ ਦੂਸਰੇ ਦਿਨ ਭੀ ਕਿਸੀ ਆਨ ਕਹਿਆ: 'ਜੋ ਗੁਰੂ ਜੀ ਸੰਗਤ ਆਂਵਦੀ ਸੀ ਦਰਸਨ ਕੋ, ਤੇ ਅਮਕੇ ਸੂਬੇਦਾਰ ਖੋਹ ਲੀਨੀ ਹੈ।'

---

1. ਪਾ: 'ਛਕੇ' ਬੀ ਹੈ, ਮੁਰਾਦ ਗਾੜ੍ਹੀ ਨੀਂਦ ਤੋਂ ਹੈ।
2. ਐਨ ੧ ਅੰਸੂ ੨੯ ਦਾ ਅਖੀਰ।

www.sikhbookclub.com



ਹੁਕਮ ਹੋਆ: 'ਭਾਈ! ਇਓਂ ਕੋਈ ਨਹੀ ਕਹਿੰਦਾ ਜੋ ਸੂਬਾਦਾਰ ਕੋ ਸੰਗਤ ਖੋਹ ਲਿਆਈ ਹੈ। ਹਭੋ ਕੋਈ ਇਓਂ ਕਹਿੰਦਾ ਹੈ, ਸੰਗਤ ਕੋ ਸੂਬਾਦਾਰ ਖੋਹ ਲੀਨਾ ਹੈ'।

ਫੇਰ ਹੁਕਮੁ ਹੋਆ: 'ਭਾਈ! ਸੰਗਤ ਸਚੀ ਹੈ ਨਵਾਂ ਪਾਤਿਸਾਹੀਆਂ ਤੀਕੁ ਸੰਗਤ ਸਿਮਰਣੀਆਂ ਫੜੀਆਂ ਹਨਿ, ਅਬ ਮੈਂ ਸੰਗਤ ਕੋ ਭਗੌਤੀ ਫੜਾਵੋਂਗਾ, ਅਰ ਚਿੜੀਆਂ ਥੋਂ ਬਾਜ ਤੁੜਾਵੋਂਗਾ।' ਤਾਂ ਫੇਰ ਊਹਾਂ ਹੀ ਹੁਕਮ ਹੋਆ: 'ਜੋ ਮੇਰਾ ਸਿਖ ਹੋਵੇਗਾ, ਸੋ ਸਸਤ੍ਰ ਬਿਨਾਂ ਨਾ ਰਹੇਗਾ।' ਤਾਂ ਸਿਖ ਸਸਤ੍ਰਧਾਰੀ ਹੋਇ ਗਏ। ਫੇਰ ਕੇਸਾਂ ਕਾ ਹੁਕਮੁ ਹੋਇਆ, 'ਜੋ ਕੇਸਾਂ ਬਿਨਾਂ ਮਨੁਖ ਅੱਧਾ ਹੈ। ਸਾਰਾ ਮਨੁਖ ਤਦ ਹੁੰਦਾ ਹੈ, ਜਬ ਕੇਸ ਹੋਹਿਂ, ਬਹੁੜ ਸਸਤ੍ਰ ਹਹਿਂ।'

ਫੇਰ ਹੁਕਮ ਹੋਆ: 'ਭਾਈ ਸੰਗਤ ਕੋ ਜੁਧਜ ਕਰਨਾ ਸਿਖਾਲਦੇ ਹਾਂ।' ਤਬ ਡੱਲਾ ਬੈਰਾੜ ਬੁਲਾਇਆ। ਹੁਕਮ ਹੋਇਆ: ਡਲਿਆ! ਆਪਣੀ ਸੈਨਾਂ ਸਾਥ ਲੈਕੇ, ਲਾਠੀਆਂ ਹਾਥ ਕਰਕੇ ਸੰਗਤ ਕੋ ਖੋਹ ਲਿਆਵੇ, ਪਰ ਮਾਰਣਾਂ ਕਿਸੀ ਕੋ ਨਹੀਂ, ਅਰ ਵਸਤੂ ਭੀ ਕਿਸੇ ਕੀ ਗਵਾਵਣੀ ਨਾਹੀ, ਕਿਉਂ ਜੋ ਫੇਰਣੀ ਹੋਗੁ, ਸੰਗਤ ਕੋ ਜੁਧ ਕਰਨੇ ਸਿਖਾਲਨੇ ਹਾਂ।'

ਤਾਂ ਡਲਾ ਬੈਰਾੜ ਸੈਨਾਂ ਸਹਿਤ ਜਾਇ ਸੰਗਤ ਕੋ ਪਇਆ। ਅਤੇ ਸੰਗਤ ਕੋ ਇਓਂ ਕਹਿ ਭੇਜਿਆ: 'ਜੋ ਏਥੇ ਅਸੀਂ ਪ੍ਰਾਹੁਣੇ ਜੇਹੇ ਬੈਠੇ ਹਾਂ, ਤੇ ਜਟ ਆਪ-ਜੋਰੇ ਹਨ, ਤੁਸਾਂ ਨੂੰ ਖੋਹਣ ਆਂਵਦੇ ਹੈਨ, ਪਰ ਤੁਸੀਂ ਖੁਹਾਵਣਾਂ ਨਹੀਂ, ਭਲੀ ਵਜੇ ਤਕੜੇ ਹੋਣਾ, ਤੇ ਭਲੀ ਵਜੇ ਸਨਮੁਖ ਹੋਣਾ, ਹਾਰਨਾ ਨਹੀਂ।'

ਗੁਰੂ ਕਾ ਬਚਨ ਪਾਇ ਕਰ ਸੰਗਤ ਤਕੜੀ ਹੋਈ। ਓਹ ਖੋਹਣ ਤੇ ਸੰਗਤ ਖੋਹਾਵੇ ਨਾਹੀ। ਵਡਾ ਸੋਰੁ ਪਇਆ ਓਸ ਜੁਧ ਕਾ। ਕਈ ਕੋਹ ਸੁਣਿਆ ਸੋਰ। ਗੁਰੂ ਜੀ ਸੁਣਿਆ ਸੋਰ। ਤਾਂ ਗੁਰੂ ਜੀ ਉਚੇ ਅਸਥਾਨ ਬੈਠਕੇ ਤਮਾਸਾ ਦੇਖ ਕਰ ਅਰੁ ਸੋਰ ਸੁਣ ਕਰਕੇ ਬਿਗਸੇ। ਹੁਕਮ ਹੋਆ: 'ਸੰਗਤਾਂ ਕੋ ਜੁਧ ਕਰਨਾ ਸਿਖਾਲਨੇ ਹਾਂ। ਇਸੀ ਹੀ ਵਜਹੁ ਹੋਨਗੇ*' ॥੮੯॥

---

* ਗੁ: ਪ੍ਰ: ਸੂ: ਐਨ ੧ ਅੰਸੂ ੨੮ ਦੇ ਸ਼ੁਰੂ ਵਿਚ ਇਹ ਸਾਖੀ ਹੈ।

www.sikhbookclub.com



## 90. ਕੜਾਹ ਲੁਟਾਇਆ

ਅਗੇ ਸਾਖੀ ਹੋਰ ਚਲੀ।

ਤਾਂ ਫੇਰਿ ਕੜਾਹੂ ਪ੍ਰਸਾਦਿ ਕਰਾਇਆ ਬਹੁਤੀ ਬੇਰ। ਜਬ ਕੜਾਹੂ ਪ੍ਰਸਾਦਿ ਹੋਇਆ ਤਬ ਹੁਕਮ ਹੋਆ, 'ਜੋ ਲੁਟਿ ਲੇਵਹੁ!' ਤਬ ਬਹੁਤੇ ਸਿਖ ਲੁਟਣ ਗਏ ਕੜਾਹੂ ਤੇ ਕਿਤਨੇ ਸਿਖ ਗੁਰੂ ਜੀ ਕੇ ਹਜ਼ੂਰ ਬੈਠੇ ਰਹੇ। ਓਹੁ ਲੁਟਣਿ ਨਾਂ ਗਏ। ਤਾਂ ਹੁਕਮ ਹੋਇਆ: 'ਕੜਾਹੂ ਲੁਟਣੇ ਨਾ ਗਏ?'

ਤਾਂ ਸਿਖਾਂ ਕਹਿਆ, 'ਸਚੇ ਪਾਤਿਸਾਹ ਜੇਹਾ ਬਾਂਡਾ[1] ਮਿਲਦਾ ਹੈ, ਤੇਹਾ ਖਾਇ ਲੈਂਦੇ ਹਾਂ; ਅਸੀਂ ਲੁਟਣ ਵਾਲਿਆਂ ਵਿਚੋਂ ਨਾਹੀਂ।'

ਹੁਕਮ ਹੋਇਆ: 'ਨਿਹਾਲ! ਖਾਲਸੇ ਵਿਚਿ ਲੁਟ ਭੀ ਹੋਵੇਗੀ, ਅਤੇ ਨਾਲੇ ਸਿਖੀ ਭੀ ਹੋਵੇਗੀ, ਦੋਵੇਂ ਬਾਤਾਂ ਹੋਵੇਂਗੀਆਂ।' ਬਹੁੜ ਗੁਰੂ ਜੀ ਸਸਤ੍ਰ ਕਰ ਪ੍ਰਸੰਨ ਹੋਵੇਂ, ਸਸਤ੍ਰਾਂ ਕੀ ਪੂਜਾ ਕਰਹਿਂ। ਜੋ ਕੋਈ ਮਾਇਆ ਲਿਆਵੇ ਐਸੀ ਖੁਸੀ ਨਾ ਮਿਲੈ ਜੈਸੀ ਸਸਤ੍ਰ ਵਾਲੇ ਕੋ ਮਿਲੈ[2] ॥੯੦॥

## 91. ਡਲੇ ਨੂੰ ਮੀਂਹ ਦਿਤਾ

ਅਗੇ ਸਾਖੀ ਹੋਰ ਚਲੀ।

ਤਾਂ ਫੇਰ ਡੱਲੇ ਬੈਰਾੜ ਕੋ ਹੁਕਮ ਹੋਆ, ਜੋ 'ਡਲਿਆ! ਤੂੰ ਰੋਜ ਲਿਆ ਕਰ ਸਰਕਾਰੋਂ।'

ਡੱਲੇ ਕਹਿਆ: 'ਬਚੇ ਪਾਤਿਸ਼ਾਹਿ ਜੀ! ਮੁਝੇ ਮੀਹੁ ਮਿਲੈ।' ਹੁਕਮ ਹੋਇਆ, 'ਡਲਿਆ! ਰੋਜ ਲੈ ਜੋ ਸਾਡੇ ਪਾਸ ਹੈ। ਮੀਹੁ ਤਾਂ ਅਸਾਡੀ ਬਗਲ ਵਿਚ ਨਾਹੀਂ ਕਿਉਂ ਜੋ ਤੈਨੂੰ ਕਢ ਦੇਈਏ।'

ਤਾਂ ਕਿਸੀ ਦਿਨ ਫੇਰ ਰੋਜ ਖੁਲਾ ਤਾਂ ਗੁਰੂ ਜੀ ਕਹਿਆ: 'ਭਾਈ ਡਲਿਆ! ਰੋਜ ਲਿਆ ਕਰੋ।' ਤਾਂ ਫੇਰ ਡਲੇ ਕਹਿਆ: 'ਸਚੇ ਪਾਤਿਸਾਹਿ ਜੀ! ਮੈਨੂੰ ਮੀਹੁ ਮਿਲੈ।' ਤਾਂ ਗੁਰੂ ਜੀ ਫੇਰ ਅਣਸੁਣਿਆ ਕੀਤਾ। ਓਥੇ ਜੰਗਲ ਵਿਚਿ ਚਿਰੰਕਾਲ ਕੀ ਔੜ ਸੀ।

ਤਾਂ ਫੇਰ ਰੋਜ ਖੁਲਿਆ ਤੇ ਡੱਲਾ ਹਜ਼ੂਰ ਬੈਠਾ ਸੀ, ਤਾਂ ਹੁਕਮ ਹੋਇਆ: 'ਡਲਿਆ ਰੋਜ ਲਿਆ ਕਰੋ ਸਰਕਾਰੋਂ।' ਤਾਂ ਫੇਰ ਡਲੇ ਕਹਿਆ, 'ਸਚੇ ਪਾਤਿਸਾਹਿ ਜੀ! ਮੈਨੂੰ ਮੀਹੁ ਮਿਲੇ!' ਤਾਂ ਹੁਕਮ ਹੋਇਆ: 'ਜਟੂ ਪਿੰਨੇ ਤਾਂ ਕੰਧ ਥੀਂ ਘਿੰਨੇ। ਜਾਹਿ, ਛੱਪੜ ਹਛੇ ਕਰਾਇ।'

---

1. ਵੰਡਾ, ਛਾਂਦਾ। 2. ਐਨ ੧ ਅੰਸੂ ੨੮ ਅੰਕ ੧੫ ਤੋਂ ੨੦।

www.sikhbookclub.com



ਤਾਂ ਡੱਲੇ ਪ੍ਰਸੰਨ ਹੋਇ ਕਰ ਲੋਕ ਕਠੇ ਕੀਏ, ਨਾਲੇ ਢੋਲ ਇਕਠੇ ਕੀਏ। ਕਿਤਨੇ ਦਿਨ ਛਪੜ ਹਛੇ ਹੋਏ। ਫੇਰ ਜਟਾਂ ਨੂੰ ਗੁਰੂ ਜੀ ਮੀਹੁ ਦਿਤਾ, ਪਰੁ ਵਡਾ ਦੀਰਘ ਮੇਘ ਦਿਤਾ। ਜਟ ਤ੍ਰਿਪਤ ਹੋਇ ਰਹੇ। ਤਾਂ ਜਟਾਂ ਥਕ ਕੇ ਆਨ ਕਹਿਆ; 'ਸਚੇ ਪਾਤਿਸਾਹਿ ਜੀ ਮੇਘ ਥੀਂ ਬਸ ਕਰਾਈਏ।'

ਤਾਂ ਗੁਰੂ ਜੀ ਮੇਘ ਥੀਂ ਬਸ ਕਰਾਇਆ, ਤਾਂ ਹੀ ਰਹਿਆ[1] ॥੯੧॥

## 92. ਮੂਲੇ ਦਾ ਪੁਨਰ ਜਨਮ

ਅਗੇ ਸਾਖੀ ਹੋਰ ਚਲੀ।

ਇਕ ਸਿਖ ਨੇ ਕਹਿਆ: 'ਜੀ, ਗੁਰੂ ਨਾਕ ਜੀ ਕੀ ਮੂਲੇ ਵਡੀ ਟਹਿਲ ਕੀਤੀ ਥੀ ਫੇਰ ਸੱਪ ਨੇ ਮਾਰਿਆ, ਅਧੋ ਗਤਿ ਨੂੰ ਪ੍ਰਾਪਤਿ ਹੋਇਆ।'

ਗੁਰੂ ਜੀ ਕਹਿੰਦੇ: 'ਮੂਹੁ ਫੇਰਿ ਗਿਆ ਸੀ। ਹੁਣ ਫੇਰ ਭਗਤਿ ਕਰੂ ਜਨਮ ਧਾਰਕੇ, ਵਠਿੰਡੇ ਕੀ ਧਰਤੀ ਤੁਗਲ ਖਤ੍ਰੀ ਕੇ ਜਨਮੇਗਾ।'

ਸਿਖ ਨੇ ਕਹਿਆ: 'ਜੀ ਕੀ ਨਿਸਾਨੀ ਹੋਵੇਗੀ?'

ਸਾਹਿਬ ਕਹਿੰਦੇ: 'ਬਗੀ ਬੋਦੀ ਹੋਗੁ, ਜਨਮ ਤੇ ਹੀ ਨਾਉਂ ਭੀ ਮੂਲਾ ਹੋਗੁ, ਟਹਿਲ ਬਿਰਥੀ ਨਹੀਂ ਜਾਂਦੀ। ਜੰਮਣ ਮਰਣ ਤੇ ਰਹਿਤ ਹੋ ਜਾਊ ਭਗਤੀ ਤੇ'[2] ॥੯੨॥

## ੯੩. ਮਾਲਵੇ ਵਿਚ ਕਾਲ ਕਾ ਕਾਰਨ ਬਿਨੈ ਪਾਲ ਰਾਜੇ ਦੀ ਵਾਰਤਾ

ਅਗੇ ਸਾਖੀ ਹੋਰ ਚਲੀ।

ਪਹਿਰਾ ਗੁਰੂ ਕਾ ਸਿਖ ਰਹਿੰਦੇ, ਸਿਖ ਕਹਿੰਦੇ ਪਹਿਰੇ ਵਾਲੇ ਇਕ ਦਿਨ: 'ਇਕ ਇਸਤ੍ਰੀ, ਰਾਤ ਸਵਾ ਪਹਿਰ ਰਹਿੰਦੀ ਹੈਸੀ, ਗੁਰੂ ਜੀ! ਅਜੁ ਹਥ ਜੋੜੀ ਖੜੀ ਰਹੀ ਸੀ। ਫੇਰ ਲੋਹੀਵਾੜੇ[3] ਮਥਾ ਟੇਕ ਕੇ ਉਠ ਗਈ।'

1. ਸੂ: ਪ੍ਰ: ਦੇ ਕਰਤਾ ਨੇ ਇਹ ਸਾਖੀ ਤੇ ਸੌ ਸਾਖੀ ਦੀ ੪੫ਵੀਂ ਤੇ ੪੮ਵੀਂ ਸਾਖੀ ਏਨਾਂ ਤਿੰਨਾਂ ਨੂੰ ਹੀ ਮਿਲਾਕੇ ਇਹ ਪ੍ਰਸੰਗ ੧ ਐਨ ਅੰਸੂ ੨੯ ਵਿਚ ਦਿਤਾ ਹੈ। ਤਿੰਨਾਂ ਦੇ ਭਾਵ ਨੂੰ ਜਿਸ ਖੂਬੀ ਨਾਲ ਮੇਲਿਆ ਹੈ ਉਹ ਉਸ ਸਾਖੀ ਦੇ ਪਾਠ ਤੋਂ ਪੂਰਾ ਸਪਸ਼ਟ ਹੋ ਜਾਂਦਾ ਹੈ।
2. ਸੂ: ਪ੍ਰ: ਨੇ ਇਸ ਟਿਕਾਣੇ ਇਹ ਸਾਖੀ ਨਹੀਂ ਦਿਤੀ।
3. ਭਾਵ ਲੋ ਹੋਣ ਵੇਲੇ, ਪਹੁ ਫਟੀ ਤੇ।

www.sikhbookclub.com



ਗੁਰੂ ਜੀ ਕਹਿੰਦੇ: 'ਹੋਗੁ'।

ਫਿਰਿ ਪੰਜ ਰਾਤੀ ਏਸੇ ਤਰਾਂ ਆਂਵਦੀ ਰਹੀ। ਫੇਰ ਇਕ ਦਿਨ ਮੱਥਾ ਟੇਕਕੇ ਨਾਂ ਆਈ। ਫੇਰ ਸਿਖਾਂ ਕਹਿਆ, 'ਜੀ ਪਾਤਿਸਾਹਿ! ਬਾਹਰੀ ਕਰੀਏ, ਕੌਣ ਸੀ ਓਹੁ ਜੀ?'

ਗੁਰੂ ਜੀ ਬਚਨ ਕੀਤਾ: 'ਏਹ ਧਰਤੀ ਹੈ ਮਾਲਵੇ ਕੀ। ਏਸ ਤੇ ਭਾਰੀ ਮਨਮਤ ਹੋਈ ਹੈ। ਤਾਂ ਹੀ ਹਮੇਸਾ ਆਨ ਕੇ ਹਥ ਜੋੜਦੀ ਹੈ।'

ਚੌਕੀ ਵਾਲਿਆਂ ਸਿੰਘਾਂ ਆਖਿਆ: 'ਜੀ, ਏਸਤੇ ਕੇਹੜੀ ਮਨਮਤ ਹੋਈ ਹੈ?'

ਗੁਰੂ ਜੀ ਬਚਨ ਕੀਤਾ, 'ਭਾਈ ਪਿਆਰਿਓ! ਇਕ ਰਾਜਾ ਥੀ ਬਿਨਾ-ਪਾਲ, ਤਿਸਨੇ ਬਠਿੰਡਾ ਬਸਾਇਆ ਸੀ। ਬਡਾ ਧਰਮਗ ਹੈਸੀ। ਤਿਸਕੇ ਰਾਜ ਬਿਚ ਨੰਗਾ ਭੁਖਾ ਨਹੀਂ ਸੀ ਕੋਈ ਰਹਿੰਦਾ। ਕਦੇ ਕਾਲ ਭੀ ਨਹੀਂ ਸੀ ਪੌਂਦਾ। ਚੋਰ ਜਾਰ ਕੋਈ ਨਹੀਂ ਹੈਸੀ। ਐਸਾ ਧਰਮ ਦਾ ਰਾਜ ਸੀ। ਨਦੀਆਂ ਕੂਏ ਬਹੁਤ ਸਨਿ, ਕੁਮੇਰ ਕੇ ਸਮਾਨ ਹੈਸੀ ਖਜਾਨਾਂ ਤਿਸਕੇ।'

ਤਾਂ ਸਿੰਘਾਂ ਕਹਿਆ: 'ਜੀ, 'ਓਸਨੂੰ ਕਿਤਨਾਂ ਚਿਰੁ ਹੋਇਆ?'

ਗੁਰੂ ਜੀ ਕਹਿੰਦੇ: 'ਓਸਨੂੰ ਚੋਦਾਂ ਸੈ ਬਰਸ ਹੋਇਆ। ਓਸ ਨੇ ਕੋਠੀਆਂ ਗਾਲ ਕੇ ਸਤਲੁਜ ਬਿਚ ਕਿਲੇ ਕੀ ਨੀਉ ਰਖੀ ਹੈਸੀ!'

ਤਾਂ ਸਿੰਘਾਂ ਆਖਿਆ: 'ਜੀ ਪਾਤਿਸਾਹਿ, ਓਦੋਂ ਦਾ ਇਟਾਂ ਦਾ ਕਿਲਾ ਕਿਕੂੰ ਰਹਿਆ?'

ਗੁਰੂ ਜੀ ਬਚਨ ਕੀਤਾ: 'ਜਿਦੋਂ ਕੱਤੇਂ ਦਾ ਮਹੀਨਾ ਆਉਂਦਾ; ਗੱਦਰ ਤਿਲ ਪਾਉਂਦਾ ਆਵਿਆਂ ਵਿਚਿ, ਇਸ ਕਰਕੇ ਰੇਹੀ ਨਹੀਂ ਲਗਦੀ। ਤਿਸ ਰਾਜਾ ਕੇ ਸਹਰ ਵਿਚ ਇਕ ਬ੍ਰਹਮਣੀ ਹੈਸੀ, ਤਿਸਕੇ ਘਰ ਪਰਾਹੁਣੇ ਆਏ। ਤਿਸਨੇ ਭੋਜਨ ਕੀਤਾ ਸੁਚ ਪਵਿਤ੍ਰ ਹੋਇਕੇ। ਜਦੋਂ ਭੋਜਨ ਤਿਆਰ ਹੋਇਆ, ਓਦੋਂ ਓਸ ਦਾ ਬਾਲਕ ਰੋਦਨ ਕਰਨੇ ਲਗਾ। ਤਾਂ ਓਹੁ ਕੁਛੜ ਲੈਕੇ ਚੂਚੀ ਦੇਣੇ ਲਗੀ। ਓਸ ਬਾਲਕ ਨੇ ਬਿਸਟਾ ਕਰ ਦਿਤੀ ਚੌਕੇ ਬੀਚ। ਤਾਂ ਓਸ ਬ੍ਰਹਮਣੀ ਐਸਾ ਨੀਚ ਕਰਮ ਕੀਤਾ ਜੈਸਾ ਕੋਈ ਨਾ ਕਰ ਸਕੇ। ਬਿਸਟਾ ਊਤੇ ਆਟਾ ਬਰੂਰ ਦਿਤਾ ਤੇ ਬ੍ਰਹਮਣਾਂ ਨੂੰ ਭੋਜਨ ਖੁਵਾਇਆ। ਅਨਾਜ ਦੇਵਤਾ ਨੇ ਬਿਸ਼ਨ ਦੇਵ ਪਾਸ ਜਾਇ ਫਰਿਆਦ ਕੀਤੀ। ਬਿਸਨ ਦੇਵ ਆਖਿਆ, ਤੇਰੀ ਅਵਗਿਆ ਕਿਸ ਕੀਤੀ? ਐਸਾ ਕੌਣ ਹੈ, ਜਿਸ ਨੇ ਤੈਨੂੰ ਦੁਖਾਇਆ? ਤੇਰਾ

www.sikhbookclub.com



ਤਾਂ ਮੈਂ ਭੀ ਅਦਬ ਕਰਦਾ ਹਾਂ। ਮੇਰੇ ਤੇ ਕੌਣ ਬਲੀ ਹੈ? ਤਾਂ ਅਨਾਜ ਦੇਵਤੇ ਆਖਿਆ, ਤੇਰੇ ਤੇ ਬਲੀ ਓਹੁ ਜਿਸਦੇ ਦੇਸ਼ ਕਾਲ ਨਾਂ ਪਾਇ। ਕੋਈ ਨੰਗਾ ਭੁਖਾ ਨਾ ਰਹੇ ਐਸਾ ਰਾਜਾ ਬਿਨਾਂਪਾਲ ਤਿਸਦੇ ਸਹਿਰ ਵਿਚ ਮੇਰੇ ਮੂਹਿ ਬਿਸਟਾ ਦਿਤੀ। ਤਿਸਕੀ ਅਵਗਿਆ ਸੁਣਕੇ ਸਰਬ ਦੇਵਤਾ ਕੋਪ ਹੋਏ। ਬਿਸਨਦੇਵ ਛਨਿਛਰ ਦੇਵਤਾ ਕੋ ਆਗਿਆ ਕਰੀ ਜੋ ਬਾਰਾਂ ਬਰਸ ਕਾ ਕਾਲ ਪਾਓ। ਕੂਇਆਂ ਕਾ ਪਾਣੀ ਸੁਕਿ ਜਾਇ। ਖਾਤਿਆਂ ਕਾ ਅਨਾਜ ਮੁਕ ਜਾਇ। ਨਦੀ ਨਾਲਾ ਬੰਦ ਹੋਇ ਜਾਇ। ਧਰਤੀ ਖਾਰੀ ਕਰ ਦੇਹਿ ਸਤਾਂ ਦਿਹਾਂ ਵਿਚ। ਤਾਂ ਛਨਿਛਰ ਦੇਵਤੇ ਤਿਸ ਰਾਜੇ ਨੂੰ ਆਖਿਆ:— ਤੂੰ ਚਲਿਆ ਜਾਹਿ, ਤੇਰੇ ਰਾਜ ਉਤੇ ਮਹਾਰਾਜ ਕੀ ਕਰੋਪੀ ਹੋਈ ਹੈ। ਤੂੰ ਧਰਮੱਗ ਰਾਜਾ ਹੈਂ। ਮੈਂ ਤੈਨੂੰ ਕਹਿ ਦਿਤਾ, ਐਥੇ ਸਤਾਂ ਦਿਹਾਂ ਨੂੰ ਕੁਛ ਨਹੀ ਰਹੂ— । ਤਾਂ ਓਹੁ ਰਾਜਾ ਉਜੈਨ ਬਿਕ੍ਰਮਾਜੀਤ ਕੇ ਸਹਿਰ ਜਾਇ ਰਹਿਆ। ਓਸ ਨੂੰ ਭੀ ਮਾਲਵਾ ਕਹਿੰਦੇ ਹੈਨ।' ਗੁਰੂ ਜੀ ਕਹਿੰਦੇ: 'ਧਰਤੀ ਸੀ, ਹੁਣ ਬਖਸੀ ਹੋਈ ਹੈ। ਸਮਾਂ ਪਾਇਕੇ ਸਭ ਪਦਾਰਥ ਹੋਣਗੇ।' ਬਰਾੜ ਸੁਣਕੇ ਵਡੇ ਖੁਸੀ ਹੋਏ* ॥੯੩॥

## 94. ਝੂਲਣ ਸਿੰਘ

ਅਗੇ ਸਾਖੀ ਹੋਰ ਚਲੀ।

ਗੁਰੂ ਜੀ ਸਿਕਾਰ ਚੜੇ ਸਨ। ਝੂਲਣ ਸਿੰਘ ਦੁਤਾਰਾ ਵਜਾਇੰਦਾ, ਪਰ ਬਹੁਤ ਚੰਗਾ। ਗੁਰੂ ਜੀ ਕੇ ਮਹਿਲਾਂ ਕੀ ਟਹਿਲਣ ਕਹਿੰਦੀ: 'ਮਹਿਲਾਂ ਪਾਸ ਵਜਾਇ! ਐਥੇ ਬੈਠਾ ਕੀ ਵਜਾਇੰਦਾ ਹਹਿਂ?'

ਕਹਿੰਦਾ: 'ਮਾਤਾ ਜੀ ਕਹਿੰਦੇ ਹੈਨਿ ਕਿ ਤੂੰਹੀ ਕਹਿੰਦੀ ਹੈਂ?'

'ਕਹਿੰਦੀ ਤਾਂ ਮੈਂ ਹੀ ਹਾਂ, ਪਰ ਗੁਸੇ ਨਾਂਹੀ ਹੋਣ ਦਿੰਦੀ, ਤੂੰ ਚਲੁ।'

'ਝੂਲਣ ਸਿੰਘ ਦੁਤਾਰਾ ਵਜਾਉਣ ਆਇਆ ਹੈ।'

ਮਾਤਾ ਜੀ ਕਹਿਆ: 'ਸਬਦੁ ਪੜੇਗਾ?'

---

* ਕਵੀ ਸੰਤੋਖ ਸਿੰਘ ਨੇ ਮਾਲਵੇ ਦੀ ਧਰਤੀ ਦਾ ਇਕ ਕੰਨਜਾਂ ਦੇ ਭੇਸ ਵਿਚ ਗੁਰੂ ਕੀ ਹਜ਼ੂਰੀ ਵਿਚ ਆਉਣਾ ਤੇ ਸਾਰੇ ਦੇਸ਼ ਨੂੰ ਧਨ ਉਪਜਾਊ ਕਰਨ ਹਿਤ ਅਰਦਾਸ ਕਰਨੇ ਦਾ ਸੰਖੇਪ ਪ੍ਰਸੰਗ ਐਨ ੧ ਦੇ ਅੰਸੂ ੨੪ ਦੇ ਸ਼ੁਰੂ ਵਿਚ ਦਿਤਾ ਹੈ ਤੇ ਮਾਲਵੇ ਨੂੰ ਵਰ ਮਿਲਨੇ ਅੰਸੂ ੨੯ ਦੇ ਅਖੀਰ ਦਿਤੇ ਹਨ ਪਰ ਇਹ ਅੰਨ ਅਵਗਜਾ ਦੀ ਪੁਰਾਣਕ ਕਥਾ ਕਵੀ ਜੀ ਨੇ ਸ੍ਵੀਕਾਰ ਨਹੀਂ ਕੀਤੀ।

www.sikhbookclub.com



ਟਹਿਲਣ ਕਹਿੰਦੀ: 'ਦੁਤਾਰਾ ਵਜਾਇੰਦਾ ਹੁੰਦਾ ਹੈ; ਕਹੋ ਤਾਂ ਵਜਾਏ।'

ਮਾਤਾ ਜੀ ਕਹਿੰਦੇ: 'ਵਜਾਏ।'

ਝੂਲਣ ਸਿੰਘ ਨੇ ਵਜਾਇਆ ਦੁਤਾਰਾ ਠਠਈ। ਵਜਾਇਕੇ ਡੇਰੇ ਉਠਿ ਗਇਆ।

ਗੁਰੂ ਜੀ ਸ਼ਿਕਾਰ ਤੇ ਆਏ। ਫੇਰ ਝੂਲਣ ਸਿੰਘ ਦੇ ਮਨ ਵਿਚ ਵਡੀ ਗ਼ੈਰਤ ਆਈ। ਮੇਰੇ ਪਾਸੋਂ ਵਡੀ ਮਨਮਤ ਹੋਈ ਹੈ। ਮੇਰੀ ਮਾਈ ਭੈਣ ਹੋਵੇ ਤਾਂ ਮੈਂ ਇਸੇ ਤਰਾਂ ਹੀ ਵਜਾਵਾਂ? ਮਨ ਵਿਚ ਤੰਗ ਹੋਇਕੇ ਇੰਦ੍ਰੀ ਕਟ ਦਿਤੀ, ਬੋਲਣ ਕਾ ਤਿਆਗੁ ਕਰ ਦੀਆ।

ਗੁਰੂ ਜੀ ਨੂੰ ਸਿਖ ਨੇ ਕਹਿਆ: 'ਜੀ ਝੂਲਣ ਸਿੰਘ ਨੇ ਇੰਦ੍ਰੀ ਕਟਿ ਸਿਟੀ ਹੈ। ਬੋਲਣ ਕਾ ਤਿਆਗੁ ਕਰ ਦੀਆ।'

ਗੁਰੂ ਜੀ ਕਹਿੰਦੇ: 'ਹਿਰਸ ਨਾ ਜਾਵੇਗੀ।'

ਜ਼ਖਮ ਰਾਜੀ ਹੋਇਆ। ਰਹਿਆ ਗੁਰੂ ਜੀ ਪਾਸ ਕੋਈ ਕਾਲ। ਫੇਰ ਮੌੜਾਂ ਬਸਿਆਂ ਥੋਂ; ਅਗੇ ਜੀਉਂਦਾਂ (ਜੀਵੰਧਿਆਂ) ਦੀ ਚੱਕ ਸੀ ਫੇਰ ਉਠਿ ਗਈ, ਦੂਲਮੀਕੇ ਭੀ ਬਸਦੇ ਸਨ ਓਇ ਭੀ ਉਠਿ ਗਏ। ਫੇਰ ਮੌੜਾਂ ਬਸਿਆਂ ਥੋਂ ਅਗੇ ਹੀ ਝੂਲਣ ਸਿੰਘ ਆਇ ਰਹਿਆ ਸੀ। ਤਪੇ ਥੋਂ ਸਿਖ ਟਹਿਲ ਕਰ ਜਾਂਦਾ। ਮੌੜੀ ਸੁ ਨਾਹਰ ਉਤੇ ਝੁੰਬੀ ਸੀ ਓਸਦੀ। ਓਦੋਂ ਫੇਰ ਮੌੜ ਓਥੇ ਬਸ਼ੇ। ਝੂਲਣ ਸਿੰਘ ਕਾ ਨਾਉਂ 'ਅਕੂਆ' ਕਹਿਣ ਲਗੇ। ਓਦੋਂ ਬੇਰੀਆਂ ਬਹੁਤ ਸਨ। ਫੇਰ ਸਾਬੋ ਕਿਆਂ ਥੋਂ ਮੌੜ ਏਥੇ ਆਇ ਬਸੇ। ਓਦੋਂ ਐਥੇ ਮੌੜਾਂ ਥੋਂ ਅਗੇ ਵਡੀ ਰੋਹੀ ਸੀ। ਇਕ ਤਪਾ ਧੌਲਾ ਰਾਇ ਸਰ ਥਾ, ਫੇਰ ਮੌੜ ਆਇ ਬਸੇ। ਝੂਲਣ ਸਿੰਘ ਕੀ ਟਹਿਲ ਕਰਨ ਲਗੇ। ਪਰੁ ਵਡਾ ਭਗਤ ਸੀ। ਜੋ ਕੁਹੁ ਮੂਹੋਂ ਕਢੇ, ਬਚਨ ਕਰੇ, ਸੋਈ ਹੋਵੇ।

ਫੇਰ ਸਾਬੋਕੇ ਆਏ ਦੌੜੇ ਮੌੜੀਂ। ਝੂਲਣ ਸਿੰਘ ਮਾਲ ਨੂੰ ਛੇੜਨ ਨਾਂ ਦੇਵੇ, ਗਾਂਈ ਮਹੀ ਨੂੰ ਤਪੇ ਵਲ ਛੇੜਨ ਨਾਂ ਦੇਵੇ। ਲਾਠੀਆਂ ਮਾਰੇ ਗਾਂਈ ਨੂੰ, ਪਿੰਡ ਵਿਚ ਵਾੜੇ, ਛੇੜਨ ਨਾਂ ਦੇਵੇ। ਲੋਕ ਕਹਿਨ: 'ਅਜ ਅਕੂਆ ਕੀ ਕਰਦਾ ਹੈ!' ਮੂਹੋ ਬੋਲਦਾ ਨਾਂਹੀ ਸੀ, ਓਸ ਕਾ ਨਾ ਬੋਲਣ ਕਾ ਪ੍ਰਣ ਸੀ ਕੀਤਾ ਹੋਇਆ। ਲੋਕਾਂ ਮਾਲ ਛੇੜ ਦਿਤਾ, ਉਸਕਾ ਆਸਾ ਨਾਂ ਸਮਝੇ। ਸਾਬੋਕੇ ਕਟਕ ਨੇ ਮਾਲੁ ਤਾਹਿ ਲਿਆ, ਫੇਰ ਮਲੂਮੀ ਹੋਈ:- ਤਾਂਹੀ ਅਕੂਆ ਮਾਲ ਨੂੰ ਮੋੜਦਾ ਸੀ। ਫੇਰ ਢਿਡ ਨੂੰ ਵਜਾਵੇ ਹਥ ਕਰੇ ਛੇਤੀ ਛੇਤੀ। ਫੇਰ ਲੋਕ ਸਮਝੇ, ਭਈ ਕਹਿੰਦਾ ਹੇ, ਤੁਮਾਰੀ ਫਤੇ ਹੋਵੇਗੀ। ਵਾਹਰ ਮਿਲੀ, ਮਾਲ

www.sikhbookclub.com



ਛਡਾਇਆ। ਵਡਾ ਭਗਤ ਹੋਆ।

ਓਹੁ ਜੋ ਗੁਰੂ ਜੀ ਕਹਿਆ ਸੀ— ਹਿਰਸ ਨਾਹੀ ਜਾਊ: ਜਦੋ ਬਹੂ ਬਿਆਹੀ ਆਵੇ ਵੇਖਣ ਜਾਇ। ਓਸ ਕੀ ਜਾਗਾ ਨੂੰ ਹੁਣ ਭੀ ਮੰਨੀਦਾ ਹੈ[1] ॥੯੪॥

## 95. ਤਲਵੰਡੀ ਵਿਖੇ ਦਮਦਮਾ

ਅਗੇ ਸਾਖੀ ਹੋਰ ਚਲੀ। ਗੁਰੂ ਜੀ ਤਲਵੰਡੀ ਬਹੁਤ ਰਹੇ। ਜਾਗਾ ਕਾ ਨਾਉ ਦਮਦਮਾ ਰਖਿਆ। ਗੁਰੂ ਜੀ ਕਹਿੰਦੇ, 'ਏਥੇ ਅਸੀ ਦਮੁ ਲਇਆ ਹੈ।' ਗੁਰੂ ਜੀ ਕਮਰ ਏਥੇ ਖੋਲੀ ਹੈ। ਅਗੇ ਕਮਰ ਅਸਨਾਨ ਕਰਕੇ ਸੁਚੇਤਾ ਕਰਕੇ ਖੋਲਦੇ ਨਾਂ, ਜਿਉਂ ਛਕਾਉਂਦੇ ਛਕਾਈ ਰਖਦੇ[2] ਅਸਨਾਨ ਸੁਚੇਤੇ ਤੀਕ। ਏਥੇ ਖੋਲੀ ਹੈ ਕਮਰ ਗੁਰੂ ਜੀ॥੯੫॥

## 96. ਦਮਦਮੇ ਬਾਰੇ ਭਵਿਖਜਤ

ਅਗੇ ਸਾਖੀ ਹੋਰ ਚਲੀ।

ਗੁਰੂ ਜੀ ਅੰਮ੍ਰਿਤ ਦੇ ਕੜਾਹੇ ਕਰਾਉਂਦੇ ਫੇਰ ਭੂੰਮ ਪਰ ਡੁਲ੍ਹਾਇ ਦੇਂਦੇ। ਸਿਖਾਂ ਕਹਿਆ: 'ਪਾਤਿਸ਼ਾਹ! ਏਹੁ ਕੀ ਹੁਕਮ ਹੈ, ਬਾਹਰੀ ਕਰੀਏ ਜੀ?'

ਗੁਰੂ ਜੀ ਕਹਿੰਦੇ: 'ਏਥੇ ਸੁਮਨਿਮਾਣੀ ਖਾਲਸਾ ਹੋਵੈਗਾ। ਸਾਡੀ ਕਾਸੀ ਹੈ ਏਹੁ। ਏਥੇ ਸਿਖ ਅਖਰ ਬਹੁਤ ਸਿਖਨਗੇ। ਬਿਦਜਾਵਾਨ ਹੋਣਗੇ[3]' ॥੯੬॥

---

1. ਇਸ ਸਾਖੀ ਵਿਚ ਦੱਸਿਆ ਹੈ ਕਿ ਡੂਲਣ ਸਿੰਘ ਬੜਾ ਭਗਤ ਹੋਇਆ ਹੈ, ਪਰ ਇਸ ਸਾਖੀ ਦਾ ਪਹਿਲਾ ਹਿੱਸਾ ਸਹੀ ਨਹੀਂ। ਜਾਪਦਾ ਹੈ ਕਿ ਜਦੋਂ ਅਕੂਆ ਸਿੰਘ ਕਰਨੀ ਵਾਲਾ ਹੋ ਗਿਆ ਤਾਂ ਚੇਲੇ ਬਾਲਿਆਂ ਨੇ ਆਪਣੀ ਵਲੋਂ ਇਹ ਇਕ ਸਾਜਨਾ ਪ੍ਰਸਿਧ ਕੀਤੀ ਹੈ, ਜੋ ਆਪਣੇ ਆਪ ਵਿਚ ਬੜੀ ਅਟਪਟੀ ਹੈ। ਗੁਰੂ ਜੀ ਦਾ ਕਹਿਣਾ ਕਿ 'ਹਿਰਸ ਨਹੀਂ ਮਿਟੂ' ਦਸਦਾ ਹੈ ਕਿ ਅਕੂਆ ਸਿੰਘ ਦਾ ਆਪਣੇ ਤੇ ਜ਼ੁਲਮੀ ਕਰਨ ਦਾ ਕਾਰਨ ਕੋਈ ਹੋਰ ਸੀ। ਸੂ: ਪ੍ਰ: ਨੇ ਇਥੋਂ ਲੈਕੇ ਇਹ ਸਾਖੀ ਐਨ ੧ ਦੇ ਅੰਸੂ ੨੭ ਵਿਚ ਦਿੱਤੀ ਹੈ।
2. ਕੱਸੀ ਰਖਦੇ, ਖਿੱਚੀ ਰਖਦੇ।
3. ਐਨ ੧ ਅੰਸੂ ੨੮ ਅੰਕ ੨੦ ਤੋਂ ੨੪ ਵਿਚ ਇਹ ਸਾਖੀ ਅਨੁਵਾਦਿਤ ਹੈ। ਤੇ ਅਗਲੀ ੯੭ ਸਾਖੀ ਬੀ ਇਸ ਦੇ ਨਾਲ ਹੀ ਹੈ। 'ਸੁਮਨਮਾਣੀ' ਦਾ ਭਾਵ ਹੈ 'ਉਮਾਹੂ ਸੋਮੇ ਵਾਂਗ'।

www.sikhbookclub.com



## 97. ਟਾਲੀ ਹੇਠ ਦੁਧ ਛਕਿਆ

ਅਗੇ ਸਾਖੀ ਹੋਰ ਚਲੀ।

ਗੁਰੂ ਜੀ ਸਿਕਾਰ ਚੜੇ, ਟਾਲੀ ਹੇਠ ਜਾਇ ਉਤਰੇ। ਓਸ ਟਾਲੀ ਕਾ ਪੰਦ੍ਰਾਂ ਹਥ ਕਾ ਗੇੜ ਹੈ। ਸਤੀ ਕੋਹੀ ਹੈ ਡੇਰੇ ਥੋਂ। ਮੌੜਾਂ ਕੇ ਲੋਕ ਓਥੇ ਦੁਧ ਕੀਆਂ ਕੜਾਉਣੀਆਂ[1] ਲੈਕੇ ਜਾਇ ਮਿਲੇ। ਦੁਧ ਸਿਖਾਂ ਨੇ ਛਕਿਆ। ਗੁਰੂ ਜੀ ਖੁਸੀ ਕੀਤੀ ਆਪ ਚੜੇ॥੯੭॥

## 98. ਕਬੀਰ ਸਮੇ ਬਾਦਸ਼ਾਹ

ਅਗੇ ਸਾਖੀ ਹੋਰ ਚਲੀ।

ਏਕ ਬੇਰ ਸ੍ਰੀ ਗੁਰੂ ਜੀ ਸਿਖੋਂ ਕੀ ਓਰ ਮੁਖ ਕਰਕੇ ਪੁਛਿਆ ਥਾ, ਜੋ 'ਜਿਸ ਸਮੇ ਕਬੀਰ ਭਗਤ ਹੋਇਆ ਸੀ ਤਿਸ ਸਮੇ ਬਾਦਸਾਹ ਕਉਣ ਥੀ?' ਤਾਂ ਸਿਖਾਂ ਕਹਿਆ; 'ਸਚੇ ਪਾਤਿਸਾਹਿ ਜੀ! ਅਸੀ ਤੌ ਨਾਹੀਂ ਜਾਣਤੇ।'

ਤਾਂ ਹੁਕਮ ਹੋਯਾ: 'ਭਾਈ ਬਾਦਸ਼ਾਹ ਸਾਥ ਦਸ ਲਾਖ ਘੋੜਾ ਚੜਦਾ ਥਾ, ਤਿਸਕੋ ਕੋਈ ਨਾਹੀਂ ਜਾਣਦਾ ਅਰ ਕਬੀਰ ਭਗਤ ਕੋ ਸਭ ਕੋਈ ਜਾਨਤਾ ਹੈ। ਸੋ ਤਿਸ ਕੋ ਸਭ ਕੋਈ ਇਸ ਕਰ ਜਾਨਤਾ ਹੈ ਜੋ ਉਹ ਪਰਮੇਸਰ ਕਾ ਭਜਨ ਕਰਤਾ ਸਾ। ਅਰ ਸੰਤੋਂ ਕੀ ਸੇਵਾ ਕਰਤਾ ਥਾ। ਜੋ ਸੰਤੋਂ ਕੀ ਸੇਵਾ ਕਰਤੇ ਹੈਂ ਅਰ ਪਰਮੇਸਰ ਕਾ ਭਜਨ ਕਰਤੇ ਹੈਂ ਤਿਨ ਕਾ ਨਾਮ ਜੁਗ ਜੁਗ ਮੈ ਅਬਿਨਾਸੀ ਹੈ, ਨਉਤਨ ਹੈ। ਅਰ ਸਾਚੇ ਪਾਤਿਸਾਹਿ ਪਰਮੇਸਰ ਕੇ ਭਜਨ ਕਰਨੇ ਵਾਲੇ ਹੈਂ। ਔਰ ਦੇਸੋ ਕੇ ਬਾਦਸਾਹ ਕੂੜੇ ਹੈਂ। ਕਬੀਰ ਭਗਤ ਕੋ ਰਾਮ ਕਬੀਰ ਕਹਿਕੇ ਬੁਲਾਵਣਾ ਆਇਆ ਹੈ। ਰਾਮ ਮਹਿ ਅਰੁ ਕਬੀਰ ਮਹਿ ਭੇਦ ਕਛੁ ਨਾ ਥਾ।'

ਸਿਖਾਂ ਆਖਿਆ: 'ਜੀ, ਓਹੁ ਪਾਤਿਸਾਹਿ ਕੇੜਾ ਥੀ?'

ਗੁਰੂ ਜੀ ਕਹਿੰਦੇ: 'ਸਕੰਦਰ-ਸਾਹ ਸੀ ਨਾਉ[2]'॥੯੮॥

---

1. ਦੁਧਾਂ ਦੀਆਂ ਕਾੜ੍ਹਨੀਆਂ। ਓਹ ਬਰਤਨ ਜਿਨਾਂ ਵਿਚ ਦੁੱਧ ਕਾੜ੍ਹਦੇ ਹਨ। ਭਾਵ ਕੜ੍ਹੇ ਹੋਏ ਦੁੱਧ ਦੇ ਭਰੇ ਭਰਾਏ ਭਾਂਡੇ ਲਿਆਏ।
2. ਹੁਬਹੂ ਇਹੋ ਪ੍ਰਸੰਗ ਸੌ ਸਾਖੀ ਦੀ ੩੦ਵੀਂ ਸਾਖੀ ਵਿਚ ਹੈ ਜੋ ਕਵੀ ਜੀ ਰੁੱਤ ੩ ਦੇ ਅੰਸੂ ੪੩ ਵਿਚ ਉਲਥਾ ਆਏ ਹਨ, ਇਸ ਲਈ ਇਸ ਪੋਥੀ ਦੀ ਇਹ ਸਾਖੀ ਉਨ੍ਹਾਂ ਏਥੇ ਐਨ ੧ ਵਿਚ ਨਹੀਂ ਦਿੱਤੀ।

www.sikhbookclub.com



## 99. ਧਰਤੀ ਨੂੰ ਕੌਣ ਉਠਾਈ ਖੜਾ ਹੈ?

ਅਗੇ ਸਾਖੀ ਹੋਰ ਤੁਰੀ।

ਇਕ ਬੇਰ ਸ੍ਰੀ ਗੁਰੂ ਜੀ ਸਿਖੋਂ ਕੀ ਓਰ ਮੁਖ ਕਰਕੇ ਪੁਛਿਆ: 'ਜੋ ਭਾਈ ਧਰਤੀ ਕਉ ਕਉਨ ਉਠਾਈ ਖੜਾ ਹੈ?'

ਤਾਂ ਸਿਖਾਂ ਕਹਿਆ: 'ਸਚੇ ਪਾਤਿਸਾਹਿ ਜੀ! ਆਪ ਕ੍ਰਿਪਾ ਕਰਕੇ ਕਹੀਏ ਜੀ?'

ਤਾਂ ਫੇਰ ਹੁਕਮ ਹੋਇਆ: 'ਨਾ ਭਾਈ, ਕਛੁ ਜੋ ਕਿਸੀ ਸੁਨਿਆ ਹੋਇ ਸੋ ਕਹੋ!'

ਤਾਂ ਸਿਖਾਂ ਕਹਿਆ: 'ਸਚੇ ਪਾਤਿਸਾਹਿ ਜੀ! ਕੋਈ ਕਹਿਤਾ ਹੈ ਧਰਤੀ ਕੋ ਬਲਦੁ ਉਠਾਈ ਖੜਾ ਹੈ, ਕੋਈ ਕਹਿਤਾ ਹੈ ਧਰਤੀ ਕੋ ਸ਼ੇਸ਼ ਨਾਗ ਉਠਾਈ ਖੜਾ ਹੈ।'

ਹੁਕਮ ਹੋਯਾ: 'ਭਾਈ ਦੋਵੇਂ ਪਰਵਾਨ, ਪਰ ਬਲਦ ਅਰੁ ਸ਼ੇਸ਼ ਨਾਗ ਕਿਸ ਕੇ ਅਧਾਰ ਖੜੇ ਹੈਂ?'

ਤਾਂ ਸਿਖਾਂ ਕਹਿਆ: 'ਸਚੇ ਪਾਤਿਸਾਹਿ ਜੀ! ਏਹੁ ਆਪ ਕਹੀਏ ਜੀ!'

ਹੁਕਮ ਹੋਇਆ: 'ਓਹੁ ਸਚ ਕੇ ਆਸਰੇ ਖੜੇ ਹੈਂ। ਜਿਤਨੇ ਖੰਡ ਬ੍ਰਹਿਮੰਡ ਹੈਂ, ਸਮੁੰਦ੍ਰ, ਧਰਤੀ, ਚੰਦ੍ਰਮਾਂ ਅਰੁ ਸੂਰਜ ਸਭ ਸਚ ਕੇ ਆਸਰੇ ਖੜੇ ਹਹਿਂ। ਅਰ ਜੋ ਕੂੜ ਚਲਤਾ ਜਾਤਾ ਹੈ ਸੋ ਭੀ ਸਚ ਕੇ ਸਾਥ ਮਿਲਿਆ ਚਲਿਆ ਜਾਤਾ ਹੈ। ਸੁਧਾ ਕੂੜ ਚਲਿਆ ਨਾਹੀ ਪਾਵਤਾ। ਜੈਸੇ ਸੁਧਾ ਲੋਹਾ ਨਾਹੀ ਤਰਤਾ, ਪਰ ਨਾਉ ਸਾਥ ਮਿਲਿਆ ਲੋਹਾ ਭੀ ਤਰਤਾ ਫਿਰਤਾ ਹੈ; ਤੈਸੇ ਕੂੜ ਭੀ ਸਚ ਸਾਥ ਮਿਲਿਆ ਚਲਿਆ ਜਾਤਾ ਹੈ।'

ਤਾਂ ਸਿਖਾਂ ਕਹਿਆ: 'ਸਤਿ ਜੀ ਸਤਿ, ਜੋ ਤੁਮਾਰੇ ਮੁਖ ਵਾਕ ਤੇ ਬਚਨ ਨਿਕਸੇ ਹੈ ਸੋ ਸਤਿ ਹੈ*' ॥੯੯॥

---

* ਦਮਦਮੇ ਦੀਆਂ ਸਾਰੀਆਂ ਸਾਖੀਆਂ ਦੇ ਅਖੀਰ ਐਨ ੧ ਅੰਸੂ ੩੦ ਦੇ ਅੰਕ ੩੭ ਤੋਂ ਅਖੀਰ ਤਕ ਇਹ ਸਾਖੀ ਕਵੀ ਜੀ ਨੇ ਗੁ: ਪ੍ਰ: ਗ੍ਰੰ: ਵਿਚ ਦਿੱਤੀ ਹੈ।

www.sikhbookclub.com



## 100. ਪਰਾਇਆ ਹੱਕ ਨਹੀਂ ਮਾਰਨਾ

ਅਗੇ ਸਾਖੀ ਹੋਰ ਤੁਰੀ।

ਇਕ ਬੇਰ ਕਿਸੀ ਸਿਖ ਪਾਸ ਕਿਸੇ ਕਾ ਲਹਿਣਾ ਥਾ। ਓਹੁ ਮੰਗੇ, ਓਹੁ ਦੇਵੇ ਨਾਂਹੀ। ਤਾਂ ਲਹਿਣੇ ਵਾਲੇ ਸਿਖ ਕਹਿਆ: 'ਸਿਖਾ ਜੇ ਤੂ ਹੁਣਿ ਨਾ ਦੇਵਹਿਗਾ, ਤਾਂ ਦਰਗਾਹਿ ਲੇਖਾ ਦੇਣਾਂ ਆਵੀਗਾ। ਓਥੇ ਫੜੀਅਹਿੰਗਾ।' ਤਾਂ ਅਗੋਂ ਦੇਵਨ ਵਾਲੇ ਸਿਖ ਇਹ ਤੁਕ ਪੜੀ:-

**ਜੋ ਲੇਖਾ ਕੋਇ ਨ ਪੁਛਈ ਜਾਂ ਗੁਰ ਬਖਸਿੰਦਾ[1]।**

ਤਦ ਇਹ ਸਭ ਬਾਰਤਾ ਗੁਰੂ ਜੀ ਭੀ ਸੁਣੀਆਂ ਓਨਹੁਂ ਕੀਆਂ। ਜਬ ਸਿਖ ਇਹ ਤੁਕ ਪੜੀਂ। 'ਜੋ ਲੇਖਾ ਕੋਇ ਨ ਪੁਛਈ ਜਾਂ ਗੁਰ ਬਖਸਿੰਦਾ' ਤਾਂ ਸ੍ਰੀ ਗੁਰੂ ਜੀ ਇਹ ਆਪ ਤੁਕ ਪੜੀ:-

**'ਹੁਕ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ॥'**

ਤਾਂ ਹੁਕਮ ਹੋਇਆ: 'ਸੁਣ ਸਿਖਾ! ਗੁਰੂ ਤਬ ਹੀ ਬਖਸੇਗਾ ਜਬੇ ਮੁਰਦਾਰੁ ਤਿਆਗੇਗਾ। ਸੋ ਮੁਰਦਾਰੁ ਪਰਾਇਆ ਹੱਕ ਹੈ। ਜਬ ਐਸਾ ਲੇਖਾ ਨਾ ਹੋਵੇ, ਤਬ ਸਭ ਸ੍ਰਿਸਟ ਇਉਂ ਹੀ ਉਧਰ ਜਾਵੇ। ਕਿਸੀ ਕਾਮ, ਕ੍ਰੋਧ ਆਦਿਕ ਕਿਉਂ ਤਿਆਗਣੇ ਹੈਂ, ਅਰ ਮਨ ਕੋ ਕਿਉਂ ਮਾਰਣਾ ਹੈ। ਤਾਂਤੇ ਇਉਂ ਬਾਤ ਹੈ:-

'ਜੋ ਨਾਨਕ ਛੁਟਣ ਕੂੜ ਬਾਝਹੁ ਸੁਭ ਕਰਣੀਆ[2]॥੧੦੦॥

## 101. ਲਿਖਣ ਸਰ

ਅਗੇ ਸਾਖੀ ਹੋਰ ਤੁਰੀ।

ਇਕ ਦਿਨ ਡਲੇ ਹੁਜ਼ੂਰ ਹਥ ਜੋੜਕੇ ਕਹਿਆ: 'ਪਾਤਿਸਾਹਿ ਜੀ! ਕੀ ਹੁਕਮ ਹੈ? ਕਈ ਹਜਾਰ ਲਿਖਣ ਘੜੀਦੀ ਹੈ, ਫੇਰ ਸਿਟੀ ਦੀਆਂ ਜਾਂਦੀਆਂ

1. ਗੁਰਬਾਣੀ ਦਾ ਪਾਠ ਹੈ: ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥ (ਮਾ:ਵਾ:ਡ:ਮ: ੫)
2. ਇਹ ਸਾਖੀ ਸੌ ਸਾਖੀ ਦੀ ਸੱਤਵੀਂ ਸਾਖੀ ਨਾਲ ਮਿਲਦੀ ਹੈ ਜੋ ਕਵੀ ਜੀ ਨੇ ਰੁਤ ੩ ਦੇ ਅੰਸੂ ੪੯ ਵਿਚ ਦਿੱਤੀ ਹੈ। ਓਥੇ ਦੋਹਾਂ ਸਿਖਾਂ ਦਾ ਨਾਮ ਮਾਲਾ ਸਿੰਘ ਤੇ ਲਾਹੌਰਾ ਸਿੰਘ ਦਿਤਾ ਹੈ। ਅੰਤਲੀ ਤੁਕ ਗੁਰਬਾਣੀ ਦਾ ਪਾਠ ਨਹੀਂ।

www.sikhbookclub.com



ਹੈਨ। ਜੀ ਪਾਤਿਸਾਹਿ! ਇਹ ਕੀ ਸੁਭਾਉ ਪਇਆ ਹੈ?'

ਗੁਰੂ ਜੀ ਕਹਿੰਦੇ: 'ਡਲ ਸਿੰਘ ਏਥੇ ਸਿਖ ਸਿਖਾਇਤ ਪੜੈਂਗੇ ਕਈ ਹਜ਼ਾਰ। ਹੁਣਿ ਤਾਂ ਨਾਹੀਂ ਕੋਈ ਪੜਦਾ, ਜਦੋਂ ਪੜਨਗੇ, ਓਦੋਜ ਬਣਾਇ ਲੈਣਗੇ। ਇਹ ਹਮਾਰੀ ਦ੍ਰਿਸਟਿ ਹੈ।

ਚੌਪਈ॥ ਇਹ ਹੈ ਪ੍ਰਗਟ ਹਮਾਰੀ ਕਾਂਸੀ।
ਪੜ ਹੈਂ ਇਹਾਂ ਫੇਰ ਮਤਿ ਨਾਸੀ।
ਲੇਖਕ ਗੁਨੀ ਕਵਿੰਦ ਗਿਆਨੀ।
ਬੁਧਿ ਵਡੀ ਹੁਇ ਹੈਂ ਅਤਿ ਗਿਆਨੀ॥੧॥'

ਡਲੇ ਕਹਿਆ: 'ਭਲਾ ਜੀ, ਗੁਰੂ ਜੀ!
ਤੁਸਾਂ ਕਾ ਕਹਿਣਾ ਸਤਿ ਹੋਵੈਗਾ[1]' ॥੧੦੧॥

## 102. ਦਮਦਮੇ ਨਿਵਾਸ। ਡੱਲੇ ਅੰਮ੍ਰਿਤ ਛਕਿਆ

ਅਗੇ ਸਾਖੀ ਹੋਰ ਚਲੀ।

ਚੌਪਈ॥ ਉਚ ਦਮਦਮਾਂ ਅਧਿਕ ਕਰਾਯੋ।
ਜਿਹ ਸਮ ਉਪਮਾ ਅਵਰ ਨ ਗਾਯੋ।
ਬੈਠਤਿ ਆਪ ਤਹਾਂ ਜਬਿ ਆਈ।
ਸਭ ਸੰਗਤ ਦਰਸੈ ਤਬ ਜਾਇ॥੧॥
ਬਹੁਰੋ ਆਪਿ ਗੁਰੂ ਸਰਿ ਆਵੈਂ।
ਬੋਲ ਸੰਗਤੀ ਕਾਰ ਕਢਾਵੈਂ।
ਅਨਿਕ ਚਰਿਤ੍ਰ ਕਰੈਂ ਉਹ ਥਾਨੈ।
ਕੌਨ ਕਵਿੰਦ ਸੁ ਸਕਤ ਬਖਾਨੈ॥੨॥
ਸਾਯੰਕਾਲ ਜੰਡਾਣੈ[2] ਆਈ।
ਰੋਜਦਾਰ ਸਭ ਲੇਹਿੰ ਬੁਲਾਈ।
ਸਭ ਕੋ ਰੋਜ ਦੇਤ ਉਹ ਥਾਨੈ।
ਮੁਹਰ ਰਪੱਯਾ ਪੈਸਾ ਜਾਨੈ॥੩॥

---

1. ਪਿਛੇ ੯੬ ਅੰਕ ਵਾਲੀ ਸਾਖੀ ਨਾਲ ਇਸ ਦਾ ਭਾਵ ਸਾਂਝਾ ਹੈ, ਕਵੀ ਸੰਤੋਖ ਸਿੰਘ ਜੀ ਨੇ ਦੁਹਾਂ ਦਾ ਭਾਵ ਐਨ ੧ ਅੰਸੂ ੨੮ ਵਿਚ ਕੱਠਾ ਹੀ ਦਿਤਾ ਹੈ।
2. ਪਾ:- ਜੰਡਿਆਣੇ।

www.sikhbookclub.com



ਮਧੁਭਾਰ ਛੰਦ॥ ਤਬੈ ਆਲ ਆਨੈ। ਬਿਠੌ ਤੌਨ ਥਾਨੈ।
ਤਬੈ ਲਾਗ ਲੱਛਾ। ਸੁ ਢਾਡੀ ਪ੍ਰਤੱਛਾ॥੪॥

ਝੂਲਨਾ॥ ਆਨਿ ਬੈਰਾੜ ਸਭ ਡੱਲ ਤੇ ਆਦਿ ਲੈ ਮਿਲੇ ਪਗ ਕੰਜ ਕੇ ਆਨ ਤੀਰਾ*। ਸਿਖ ਅਰੁ ਸੰਤ ਆਨੰਤ ਮਿਲ ਆਵਈ ਪ੍ਰਭੂ ਕੇ ਹੇਤ ਮਨੁ ਮੋਦ ਪਾਈ। ਹੋਤ ਕਈ ਖਾਲਸਾ ਝੂਠ ਤਜਿ ਲਾਲਸਾ ਮਿਲਜੋ ਤਿਹ ਆਨ ਸਭ ਸੰਗ ਭਾਈ। ਪੁਰੀ ਆਨੰਦ ਤੇ ਚੌਗੁਨੋ ਜਾਨਿਯੇ ਵਾਰ ਪੁਨ ਪਾਰ ਨਿਰਖਜੋ ਨ ਜਾਈ। ਹੋਤ ਆਨੰਦ ਧੁਨ ਕੀਰਤਨ ਜਾਨਿਯੈ ਬਜਤ ਸੰਗੀਤ ਕੀ ਤਾਰ ਗਾਈ॥੫॥ ਭਾਵਨੀ ਧਾਰ ਇਕ ਸੇਵਹੀਂ ਨਾਥ ਕੋ, ਚਾਕਰੀ ਦਾਂਮ ਇਕ ਰੋਜ ਲੇਹੀਂ। ਪੁਤ੍ਰ ਕਲਿਤ੍ਰ ਇਕ ਧਾਰਿ ਹਿਤ ਪੂਜਹੀਂ, ਦੂਧ ਔ ਮਾਲ ਕੀ ਆਸ ਕੇਹੀ। ਇਕ ਜੋ ਦਾਸ ਉਦਾਸ ਹ੍ਵੈ ਜਗਤ ਤੇ ਸ੍ਰੀ ਘਨ ਸਜਾਮ ਕੇ ਆਸਨੇ ਹੀ। ਰੈਨ ਦਿਨ ਆਵਹੀ ਚਲੀ ਬਹੁ ਸੰਗਤਾ ਪ੍ਰੇਮ ਪਾਦਰਥੰ ਨਾਥ ਦੇਹੀਂ॥੬॥

ਦੋਹਰਾ॥ ਰੋਜ ਅਸਰਫੀ ਮੁੰਦ੍ਰਕਾ ਦੇਤ ਗੁਰੂ ਜੀ ਨਿਤ।
ਧੌਬਤੀਆਂ ਸੁਨਿਕਰਿ ਚਲੇ ਆਵਤ ਬੀਰ ਅਨਿਤ॥੭॥
ਦੁੰਦਭਿ ਨਾਦ ਮ੍ਰਿਦੰਗ ਧੁਨਿ ਆਵਜ ਤੂਰ ਅਪਾਰ।
ਜਲਧ ਮੇਘ ਜਿਮ ਗਾਜਹੀ ਸਦ ਸਾਚੈ ਦਰਬਾਰ॥੮॥
ਆਧ ਜਾਮ ਦਿਨ ਚੜੇ ਲਗ ਹੋਇ ਨ ਕਿਸੇ ਦਿਦਾਰ।
ਫਿਰ ਬੈਠੇਂ ਸੁਖ ਮਹਲ ਜਬ ਦਰਸੈਂ ਹਿਤ ਧਾਰ॥੯॥

ਰਸਾਵਲ॥ ਤਹਾ ਤੇ ਜੁ ਆਵੈ। ਸੁ ਡੇਰੇ ਸਿਧਾਵੈ।
ਸੁਨਜੋ ਐਸ ਪਾਈ। ਚਲਜੋ ਦੇਸੁ ਆਈ॥੧੦॥
ਗੁਰੂ ਜੀ ਨਿਧਾਨਾ। ਰਖੈਂ ਚਾਕਰਾਨਾ।
ਧੰਨ ਯੌ ਬਸਾਵੈਂ। ਮਲੋ ਮੇਘ ਆਵੈ॥੧੧॥
ਜਹਾਂ ਬੈਠਿ ਆਈ। ਸੁ ਦੇਤਾ ਹੀਂ ਜਾਈ।
ਉਰੂ ਪਾਟ ਨੀਚੇ। ਦਿਵੈਂ ਬਿੱਤ ਸੀਚੇ॥੧੨॥
ਕਿਤੇ ਜੋ ਬਰਾਰਾ। ਕਰੈਂ ਐਸ ਕਾਰਾ।
ਨਿਸੰ ਮਧਜ ਆਈ। ਖੁਦੈਂ ਤੌਨ ਜਾਈ॥੧੩॥
ਜਹਾਂ ਆਪ ਤੇਈ। ਗੁਰੂ ਰੋਜ ਦੇਈਂ।

---

* ਇਹ ਇਕ ਤੁਕ ਅਗੇ ਦਿਤੇ ਝੂਲਨੇ ਦੇ ਦੋ ਛੰਦਾਂ ਤੋਂ ਵਧੀਕ ਹੈ।

www.sikhbookclub.com



ਕਛੂ ਥਾਂ ਨ ਪਾਵੈਂ। ਅਗਾਧੰ ਠਰਾਵੈਂ॥੧੪॥
ਲਜਾ ਸੋ ਲਜਾਈ। ਰਹੇ ਮੋਨਤਾਈ।
ਜਿਤੇ ਐ ਨਰੇਸਾ। ਹੁਤੇ ਮੱਧਿ ਦੇਸ਼ਾ॥੧੫॥
ਸਭੈ ਤੌਨ ਜਾਈ। ਮਿਲੇ ਖਾਸ ਆਈ।
ਸਬੂਹੰ ਬਿਚਾਰੀ। ਗੁਰੂ ਆਵਤਾਰੀ॥੧੬॥
ਇਕੰ ਰੈਨ ਡੱਲਾ। ਇਤੈ ਆਨ ਕੱਲਾ।
ਅਸੰ ਢਾਲ ਧਾਰੇ। ਰਹਜੋ ਠਾਂਢ ਦੁਆਰੇ॥੧੭॥
ਸੁ ਚੌਕੀ ਦਿਆਲਾ। ਕਰੀ ਤਾਂ ਬਿਸਾਲਾ।
ਰਹੇ ਆਪ ਗਾਈ: 'ਸਵੌਂ ਡਰ ਜਾਈ'॥੧੮॥
ਗਯੋ ਸੋ ਨ ਧਾਂਮਾ। ਜਗਜੋ ਚਾਰ ਜਾਂਮਾ।
ਪੁਨੰ ਹੋਇ ਦਜਾਲਾ। ਕਹਾ ਯੌ ਕ੍ਰਿਪਾਲਾ॥੧੯॥
'ਜਿਸੀ ਇਛ ਹੋਈ। ਲਵੋ ਮਾਂਗ ਸੋਈ।
ਗੁਰੂ ਹੈ ਸਹਾਈ। ਮੰਗੋ ਇੱਛ ਕਾਈ'॥੨੦॥
ਤਿਨੈ ਹਾਥ ਜੋਰੀ। 'ਬਿਨੈ ਹੈ ਸੁ ਮੋਰੀ।
ਹੁਨੰ ਇਛ ਨਾਂਹੀ। ਰਖੋ ਚਰਨ ਮਾਂਹੀ'॥੨੧॥

ਜਿਥੇ ਪਾਤਿਸਾਹਿ ਆਪ ਹੋਵੋ ਓਥੇ ਦਾਸ ਨੂੰ ਪੀੜੀ ਕਾ ਥਾਉਂ ਰਖਣਾ।
'ਡੱਲ ਸਿੰਘ! ਅੰਮ੍ਰਿਤ ਛਕੁ, ਸਿੰਘ ਛਕਦੇ ਹਨਿ!'

ਡਲਾ ਕਹਿੰਦਾ: 'ਜੀ, ਮੈਂ ਬਹੁਤ ਛਕਿਆ ਹੈ!'

ਗੁਰੂ ਜੀ ਕਹਿੰਦੇ: 'ਤੈਂ ਕਦ ਛਕਿਆ ਹੈ?'

ਕਹਿੰਦਾ: 'ਪਾਤਿਸ਼ਾਹ! ਜੋ ਸੀਤ ਪ੍ਰਸਾਦਿ ਆਪ ਕੇ ਥਾਲ ਕਾ ਹੈ, ਸੋਈ ਅੰਮ੍ਰਿਤ ਹੈ।'

'ਡਲ ਸਿੰਘ! ਖੰਡੇ ਕਾ ਅੰਮ੍ਰਿਤ ਛਕੁ!'

'ਪਾਤਿਸਾਹਿ! ਓਹ ਭੀ ਤਾ ਖੰਡੇ ਕਾ ਹੁੰਦਾ ਹੈ। ਤੁਸੀਂ ਪ੍ਰਸਾਦਿ ਕਰਦ ਭੇਟ ਕਰਕੇ ਛਕਦੇ ਹਹੁ।'

ਸਾਹਿਬ ਬਹੁਤ ਬਿਗਸੇ। ਫੇਰ ਕਹਿੰਦੇ: 'ਡਲ ਸਿੰਘ! ਏਹੁ ਹਮਾਰੀ ਖੁਸੀ ਹੈ!' ਡਲ ਸਿੰਘ ਕਹਿੰਦਾ: 'ਸਤਿ ਬਚਨ ਜੀ, ਸਤਿ ਬਚਨ'। ਉਠਕੇ ਪੈਰੀ ਪਇਆ।

ਅਗਲੇ ਭਲਕ ਕੜਾਹੁ ਪ੍ਰਸਾਦਿ ਕੀਤਾ, ਅੰਮ੍ਰਿਤ ਛਕਿਆ, ਸੌ ਸਿੰਘ ਸੁਨਹਿਰੀਆ ਹੋਇਆ।

www.sikhbookclub.com



ਫੇਰ ਗੁਰੂ ਜੀ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਸ੍ਰੀ ਸਾਹਿਬ, ਢਾਲਾ, ਦੋ ਹਜ਼ਾਰ ਕੀ ਜੜਾਊ ਕੰਙਣਾਂ ਕੀ ਜੋੜੀ ਬਖਸੀ। ਗਲੋਂ ਲਾਹਿਕੇ ਚੋਲਾ ਬਖਸਿਆ। ਕਹਿੰਦਾ: 'ਜੀ! ਚੋਲਾ ਗਲ ਨਹੀਂ ਪਾਉਂਦਾ, ਏਸਨੂੰ ਮੱਥਾ ਟੇਕਾਂਗੇ।' ਡਲ ਸਿੰਘ ਪਰ ਬਹੁਤ ਖੁਸੀ ਹੋਈ।

ਇਕ ਦਿਨ ਭਜਾਊ[1] ਆਇਆ: 'ਤੁਰਕ ਆਂਵਦਾ ਹੈ ਡਲ ਸਿੰਘ!' ਦੂਰ ਬਾਹਰ ਜੰਡ ਹੇਠ ਜਾਇ ਕੇ ਡੇਰਾ ਕਰ ਦੇਇ ਕਮਰਕਸੀ ਸਾਰੀ ਫੌਜ ਨਾਲ'। ਕਹਿੰਦਾ: 'ਪਾਤਿਸਾਹਿ ਜੇ ਕਿਤੇ ਤੁਰਕ ਨਾਲ ਟਾਕਰਾ ਭੀ ਹੋਇ ਗਇਆ, ਬਰਾੜਾਂ ਕੀ ਤਲਵਾਰ ਵੇਖੋਗੇ ਜੀ।' ਗੁਰੂ ਜੀ ਬਹੁਤ ਖੁਸੀ ਹੋਏ[2] ॥੧੦੨॥

## 103. ਰਾਮ ਸਿੰਘ ਤਿਲੋਕ ਸਿੰਘ ਨੂੰ ਵਰ

ਅਗੇ ਸਾਖੀ ਹੋਰ ਤੁਰੀ।

ਇਕ ਬੇਰ ਗੁਰੂ ਜੀ ਨੂੰ ਰਾਮਾ ਸਿੰਘ ਤਿਲੋਕਾ ਸਿੰਘ ਰਸਤ ਲੈਕੇ ਗਏ ਗਡਿਆਂ ਉਤੇ, ਫੂਲ ਤੇ ਦਮਦਮੇ ਗੁਰੂ ਜੀ ਨੂੰ ਮੱਥਾ ਟੇਕਣ। ਗੁਰੂ ਜੀ ਕਹਿੰਦੇ: 'ਰਾਮਾ ਸਿੰਘ ਤਿਲੋਕਾ ਸਿੰਘ! ਰਸਤ ਘਰ ਥੋਂ ਆਂਦੀ ਹੈ?'

'ਜੀ ਪਾਤਿਸਾਹਿ! ਘਰਾਂ ਦੀ ਹੈ। ਸਭ ਭਾਈਆਂ ਦੀ ਹੈ। ਹੋਰ ਭਾਈਆਂ ਕੀ ਭੀ ਹੈ। ਕਿਸੇ ਕੀ ਮਣੁ, ਕਿਸੇ ਕੀ ਦੋਇ ਮਣ।'

ਸਿਖਾਂ ਕਹਿਆ: 'ਜੀ, ਰਾਮਾ ਸਿੰਘ ਤਲੋਕਾ ਸਿੰਘ ਨੇ ਸਾਹਿਬਜ਼ਾਦਿਆਂ ਕਾ ਭੀ ਸਿਸਕਾਰ ਕੀਤਾ ਸੀ। ਆਪਣਾ ਜਾਣਕੇ ਸਰੀਰ ਕਮਲਾ ਕਰ ਲਿਆ ਸੀ।'

ਇਕ ਸਿਖ ਕਹਿੰਦਾ: 'ਜੀ ਪਾਤਿਸਾਹਿ ਜੀ! ਏਹੁ ਤਾਂ ਕਾਂਗੜ ਮਥਾ ਟੇਕ ਗਏ ਸੇ।'

ਗੁਰੂ ਜੀ ਕਹਿੰਦੇ: 'ਕੁਹ ਮਾਂਗੋ, ਜੋ ਇਛਿਆ ਹੈ ਗੁਰੂ ਪੂਰੀ ਕਰੇਗਾ।'

'ਚਕਰ ਬਸਦੇ ਫਿਰਦੇ ਸਨ ਅਗੇ, ਗੁਰੂ ਪਾਤਸ਼ਾਹ ਜੀ! ਜਦੋਂ ਦੇ ਐਤ ਭੂਮ ਆਏ ਹਾਂ, ਤਦੋਂ ਕਾ ਐਤ ਭੂਮ ਹਛੂੰ ਪੈਰੁ ਨਾਹੀ ਗਡਿਆ।'

---

1. ਸੂੰਹੀਆਂ ਯਾ ਟਾਂਗੂ; ਨੱਸਕੇ ਪਹਿਲੇ ਖ਼ਬਰ ਦੇਣ ਵਾਲਾ।
2. ਐਨ ੧ ਅੰਸੂ ੨੮ ਦੇ ਅੰਕ ੨੭ ਤੋਂ ਅਖੀਰ ਤਕ ਕਵੀ ਸੰਤੋਖ ਸਿੰਘ ਜੀ ਨੇ ਇਹ ਪ੍ਰਸੰਗ ਦਿੱਤਾ ਹੈ।

www.sikhbookclub.com



ਗੁਰੂ ਜੀ ਕਹਿੰਦੇ 'ਰਾਮਾ ਸਿੰਘ, ਤਲੋਕਾ ਸਿੰਘ! ਤੁਮਾਰਾ ਪੈਰੁ ਬਹੁਤ ਚੰਗਾ ਟਿਕ ਜਾਵੇਗਾ। ਤੁਮਾਰਾ ਹੀ ਰਾਜ ਕੁਰਸੀ ਬਕੁਰਸੀ ਰਹੇਗਾ ਦਿਲੀ, ਲਹੌਰ ਕੇ ਬੀਚ।' ਸਾਰੀ ਸੰਗਤਿ ਉਤੇ ਖੁਸੀ ਹੋਈ। ਸਭ ਸੰਗਤ ਨੇ ਮਥਾ ਟੇਕਿਆ। ਰਾਮਾ ਸਿੰਘ ਤਲੋਕਾ ਸਿੰਘ ਨੂੰ ਪੱਗਾਂ ਪੈਨਾਈਆਂ।

ਗੁਰੂ ਜੀ ਕਹਿੰਦੇ: 'ਤੁਮਾਰਾ ਰਾਜੁ ਪਹਾੜਿ ਅਟਕ ਤੀਕੁ ਹੋਵੈਗਾ।'

ਘਰਾਂ ਨੂੰ ਮੁੜੇ। ਸਤਿ ਦਿਨ ਗੁਰੂ ਜੀ ਕਾ ਦੀਦਾਰੁ ਕਰਦੇ ਰਹੇ[1] ॥੧੦੩॥

## 104. ਵੰਗੇਹਰੀਆਂ ਨੂੰ ਬਖਸ਼ੀਸ਼

ਅਗੇ ਸਾਖੀ ਹੋਰ ਚਲੀ।

ਜਦੋਂ ਬਠਿੰਡੇ ਗੁਰੂ ਜੀ ਨੇ ਵੰਗੇਹਰੀਆਂ ਥੋਂ ਮਹਿਆਂ ਸੀ ਮੰਗਾਇਆ, ਓਨੀ ਕਹਿਆ ਸੀ ਮਹਿਆਂ ਮਾਰ ਖੰਡ— ਆਪਿ ਵਿਚਿ ਦੀ ਗਲ ਕਰਕੇ— ਦਸੋ! ਜਿਸ ਵੇਲੇ ਸਿਖ ਜਾਣਗੇ ਲਾਉਣੇ, ਤਦੋਂ ਸਿਖਾਂ ਨੂੰ ਮਾਰੂ, ਤਮਾਸਾ ਵੇਖਾਂਗੇ।— ਕਹਿਆ ਸਿਖਾਂ ਨੂੰ— ਜੀ ਅਹੁ ਖੜਾ ਹੈ ਮਹਿਆਂ, ਗੁਰੂ ਕਿਆਂ ਨੂੰ ਜੇ ਲੋੜੀਦਾ ਹੈ ਤਾਂ ਲੈ ਜਾਹੁ, ਜੰਡ ਨਾਲ ਖਹਿੰਦਾ ਹੈ ਖੜਾ— । ਜਾਇਕੇ ਸਿਖਾਂ ਹਕਿਆ, — ਚਲੁ ਭਾਈ ਦੇਵਤਾ ਤੇਰੀ ਮੁਕਤ ਕਰੀਏ; ਗੁਰੂ ਜੀ ਨੇ ਸਦਿਆ ਹਰਿ— । ਮਹਿਆਂ ਤੁਰ ਪਇਆ। ਫੇਰ ਵੰਗੇਹਰੀਏ ਕਹਿੰਦੇ: 'ਗੁਰੂ ਜੀ ਸਚਾ ਗੁਰੂ ਹੈ। ਏਹੁ ਤਨਖਾਹ ਬਖਸਾਈਏ, ਗੁਰੂ ਜੀ ਤੇ ਚਲਕੇ।' ਦੁਇ ਬੰਦੂਕਾਂ ਲਈਆਂ, ਕੁਹ ਰਸਤ ਲਈ, ਕੂਹਕ ਰੂਪਰਸੁ[2] ਲਇਆ। ਗੁਰੂ ਜੀ ਬੰਦੂਕਾਂ ਉਤੇ ਰੂਪਰਸ ਉਤੇ ਖੁਸੀ ਹੋਏ।

ਜਾਇ ਕਹਿੰਦੇ: 'ਜੀ, ਅਸੀਂ ਮਹੋਂ ਵਾਲੀ ਗਲ ਕਪਟ ਕੀਤਾ ਸੀ। ਤੁਸੀਂ ਸਾਡਾ ਪੜਦਾ ਢਕਿਆ ਹੈ।' ਗੁਰੂ ਜੀ ਖੁਸੀ ਕੀਤੀ।

ਓਨੀ ਕਹਿਆ: 'ਜੀ, ਰਾਮੇ ਤਲੋਕੇ ਨੂੰ ਰਾਜੁ ਬਖਸਿਆ ਹੈ; ਸਾਨੂੰ ਭੀ ਕ੍ਰਿਪਾ ਹੋਵੇ।'

ਗੁਰੂ ਜੀ ਕਹਿਆ: 'ਤੁਸੀ ਆਇ ਮਿਲੇ ਹਹੁ। ਤੁਸਾਂ ਪਾਸੋਂ ਕੋਈ ਕਾਲ ਏਤਨੀ ਕੁ ਜਗਾ ਟਿਕੀ ਰਹੇਗੀ, ਜਿਤਨੀ ਕੁ ਹੁਣਿ ਹੈ' ॥੧੦੪॥

---

1. ਨਾਭੇ ਪਟਿਆਲੇ ਦੇ ਵਡਿਆਂ ਨੂੰ ਇਹ ਵਰ ਦਾ ਪ੍ਰਸੰਗ ਕਵੀ ਜੀ ਨੇ ਐਨ ੧ ਅੰਸੂ ੨੯ ਦੇ ਸ਼ੁਰੂ ਵਿਚ ਇਥੋਂ ਹੀ ਲੈਕੇ ਦਿਤਾ ਹੈ। ਤੇ ਅਗਲਾ 'ਵੰਗੇਹਰੀਆਂ ਨੂੰ ਬਖ਼ਸੀਸ' ਦਾ ਪ੍ਰਸੰਗ ਬੀ ਇਸੇ ਅੰਸੂ ਵਿਚ ਹੈ।
2. ਲੂਣ।

www.sikhbookclub.com



## 105. ਦੱਖਣ ਨੂੰ ਟੁਰੇ ਦਮਦਮਿਓਂ

ਪਾਤਸ਼ਾਹੀ ੧੦ ਗੁਰੂ ਜੀ ਨੇ ਦਖਣ ਜਾਣੇ ਕੀ ਤਿਆਰੀ ਕੀਤੀ। ਏਹੁ ਸੱਦ ਦਸ ਦਿਹ ਅਗੋਂ ਦੀ ਕੀਤੀ:-

ਮਾਝਿ ਪਾਤਿਸਾਹੀ ੧੦॥ ਲੱਖੀ ਜੰਗਲ ਖਾਲਸਾ ਦੀਦਾਰੁ ਆਨਿ ਲਗਾ। ਤਬ ਉਚਾਰ ਹੋਇਆ-

ਸੁਣ ਕੈ ਸਦੁ ਮਾਹੀ ਦਾ ਮੇਹੀ ਪਾਣੀ ਘਾਹੁ ਮੁਤੇ ਨੇ।
ਕਿਸੇ ਨਾਲ ਨ ਰਲੀਆ ਕਾਈ ਕੇਹੋ ਸੌਕ ਪਿਓ ਨੇ
ਗਇਓ ਫਿਰਾਕ ਮਿਲਿਓ ਮ੍ਰਿਤ ਮਾਹੀ ਤਾਹੀ ਸੁਕਰ ਕੀਤੋਨੇ॥੧॥

ਸੁਣਕੇ ਗੁਰੂ ਜੀ ਕਾ ਬਾਕ ਸਰਬਤ੍ਰ ਖਾਲਸੇ ਨੇੜੇ ਦੂਰ ਤੇ ਹੁਮ ਹੁਮਾਇ ਕੇ ਆਏ ਦਰਸਨਾ ਨੂੰ। ਭਾਈ ਰੂਪੇ ਤੇ ਭਾਈ ਧਰਮ ਸਿੰਘ ਆਇਆ। ਬੁਧੂ ਸੁਧੂ ਦੀਵਾਨੇ ਆਏ। ਅਭੈ ਰਾਮ ਸੋਢੀ ਆਇਆ ਕੋਠੇ ਤੇ। ਅਬਲੂ ਮਹਿਮੇ ਤੇ। ਦਾਨ ਸਿੰਘ ਆਇਆ, ਆਪਣੇ ਬੇਟੇ ਗੁਰਬਖਸ਼ ਸਿੰਘ ਕੋ ਸਾਥ ਲੈਕੇ। ਅੰਮ੍ਰਿਤਸਰ ਤੇ ਭਾਈ ਮਨੀ ਸਿੰਘ ਜੀ ਆਏ, ਸੰਗਤ ਕੋ ਸਾਥ ਲੈਕੇ। ਰਮਦਾਸੋਂ ਭਾਈ ਗੁਰਬਖਸ਼ ਸਿੰਘ ਜੀ ਆਏ ਸੰਗਤਿ ਕੋ ਸਾਥ ਲੈਕੇ। ਚੱਕਾ ਤੇ ਭਾਈ ਰਾਮ ਸਿੰਘ ਭਾਈ ਦਿਆਲ ਸਿੰਘ ਆਏ। ਫੂਲ ਤੇ ਰਾਮ ਸਿੰਘ ਤਿਲੋਕ ਸਿੰਘ ਆਏ। ਭੁਚੋ ਤੇ ਭਾਈ ਗੋਦੜੀਆ ਆਇਆ। ਸਰਬਤ੍ਰ ਨੇ ਆਨਿ ਹਜ਼ੂਰ ਦਰਸ਼ਨ ਕੀਤਾ। ਆਪਣੀ ਆਪਣੀ ਭੇਟਾ ਰਖੀ ਸਰਬਤ੍ਰ ਨੇ। ਦਰਬਾਰੀ ਘਰਬਾਰੀ ਦੀਵਾਨੇ ਸੇ ਗੁਰੂ ਜੀ ਕੇ। ਓਨਾਂ ਬੇਨਤੀ ਕੀਤੀ: 'ਜੀ ਪਾਤਿਸਾਹਿ, ਆਪ ਮਾਲਵੇ ਦੇਸ ਵਿਚਿ ਗੁਰੂ ਕੀ ਕਾਂਸੀ ਬੈਠੇ ਹੋ, ਦਰਸਨ ਦੇਂਦੇ ਹੋ। ਸਿਖ ਸਖਾ ਸਭ ਕੋਈ ਚਲਿਆ ਆਂਵਦਾ ਹੈ। ਦਖਣ ਭੱਠ ਪਈ ਕਾ ਕੀ ਨਾਓਂ ਲੈਂਦੇ ਹੋ!'

ਗੁਰੂ ਜੀ ਬਚਨ ਕੀਤਾ: 'ਨਾ ਵੇ! ਸਾਡਾ ਕਾਰਜ ਹੀ ਹੈ। ਅਸਾਨੂੰ ਜਰੂਰ ਜਾਣਾ ਹੀ ਹੈ। ਦਮਦਮੇ ਕੇ ਸਮਾਨ ਅਸਥਾਨ ਨਹੀਂ ਹੈ ਹੋਰੁ, ਪਰ ਅਸੀਂ ਜਾਣਾ ਹੀ ਹੈ।' ਰਾਮੇ ਸਿੰਘ ਨੂੰ ਤਲੋਕੇ ਸਿੰਘ ਨੂੰ ਖੁਸੀ ਕੀਤੀ, ਸਿਰੇਪਾਓ ਦੀਏ। ਰਾਮ ਸਿੰਘ ਦਿਆਲ ਸਿੰਘ ਕੋ ਖੁਸੀ ਕੀਤੀ, ਸਿਰੇਪਾਓ ਦੀਏ। ਭਾਈ ਗੁਰਬਖਸ ਸਿੰਘ, ਭਾਈ ਮਨੀ ਸਿੰਘ, ਭਾਈ ਧਰਮ ਸਿੰਘ, ਦਾਨ ਸਿੰਘ ਕਾ ਬੇਟਾ ਗੁਰਬਖਸ ਸਿੰਘ, ਭਾਈ ਸੰਤੋਖ ਸਿੰਘ ਏਹ ਪੰਜੇ ਨਾਮਦਾਰ ਗੁਰੂ ਜੀ ਕੇ, ਸਾਥ ਹੀ ਚੜੇ, ਚਰਨ ਕਮਲੋਂ ਕੇ। ਪ੍ਰਿਥਮੇ ਦਰਬਾਰੀ ਘਰਬਾਰੀ ਭਜੇ ਰਾਤ, ਪਾੜਕੇ ਬਰਾੜਾਂ ਨੂੰ ਸਾਥ ਲੈਕੇ। ਸੋਢੀ ਅਭੈ ਸਿੰਘ ਨੂੰ ਗੁਰੂ ਜੀ ਕਹਿੰਦੇ

www.sikhbookclub.com



ਹੁੰਦੇ: ਇਹ ਭਾਂਡਾ ਸੁਧ ਹੈ, ਵਸਤੂ ਪਾਵਨ ਵਾਲਾ। ਤਿਸਨੂੰ ਦੀਵਾਨੇ ਸੁਧੂ ਬੁਧੂ ਰਸਤੇ ਵਿਚੋਂ ਸੁਤੇ ਨੂੰ ਮੰਜਾ ਚੂਕ ਲਿਆਏ।

ਆਪ ਚੜੇ, ਨੌਮੀ ਪਾਤਿਸਾਹੀ ਕੇ ਅਸਥਾਨ ਅਰਦਾਸ ਕਰਵਾਈ। ਨੌ ਦਿਨ ਗੁਰੂ ਤੇਗ ਬਹਾਦਰ ਜੀ ਰਹੇ। ਨੌ ਮਹੀਨੇ, ਨੌ ਦਿਨ, ਨੌ ਪਹਿਰ, ਨੌ ਘੜੀਆਂ, ਨੌ ਪਲ ਗੁਰੂ ਗੋਬਿੰਦ ਸਿੰਘ ਜੀ ਰਹੇ। ਚੜੇ ਕਤਕ ਕੀ ਸੁਦੀ ਤਿਥਿ ਪੰਚਮੀ ਦਿਨ ਵੀਰਵਾਰ, ਸਵਾ ਪਹਿਰ ਦਿਨ ਚੜੇ ਕੂਚ ਕੀਆ ਦਖਣ ਕੌ[1]॥੧੦੫॥

## 106. ਡੇਰਾ ਕੇਵਲ

ਦਮਦਮੇ ਤੇ ਡੇਰਾ ਸਤ ਕੋਹ, ਕੇਵਲ ਕੀਆ॥੧੦੬॥

## 107. ਝੋਰੜ ਡੇਰਾ

ਅਗੇ ਝੋਰੜੀ ਦੁਪਹਿਰੇ ਡੇਰਾ ਕੀਆ॥੧੦੭॥

## 108. ਝੰਡੇ ਡੇਰਾ

ਝੰਡੇ ਡੇਰਾ ਕੀਆ ਅਠਾਰਾਂ ਕੋਸ॥੧੦੮॥

## 109. ਸਰਸੇ ਡੇਰਾ, ਡੱਲਾ ਨਸਿਆ

ਸਰਸੇ ਡੇਰਾ ਕੀਆ ਬਾਰਾਂ ਕੋ। ਗੁਰੂ ਜੀ ਪਲੰਘ ਪਰ ਬੈਠੇ ਸੇ, ਡਲ ਸਿੰਘ ਭੀ ਪਲੰਘ ਕੇ ਪਾਸ ਬੈਠਾ ਸੀ। ਗੁਰੂ ਜੀ ਊਪਰ ਚੜੇ ਪਜਾਵੇ[2] ਕੇ। ਕਹਿੰਦੇ: 'ਡਲ ਸਿੰਘ! ਆਊ, ਤੈਨੂੰ ਜੇਹੜਾ ਮੂਲਖ ਦੇਣਾ ਹੈ ਵਿਖਾਈਏ!' ਕਹਿੰਦਾ: 'ਜੀ ਜਦੋਂ ਚਲਾਂਗੇ ਓਦੋਂ ਵੇਖ ਲਵਾਂਗੇ, ਪਾਤਿਸਾਹਿ ਜੀ!'

ਡਲ ਸਿੰਘ ਨੇ ਗੁਰੂ ਜੀ ਕੇ ਪਲੰਘ ਕੇ ਉਪਰ ਕੰਙਣ ਤੇ ਖੰਡਾ ਬਿਛਾਊਣੇ ਕੇ ਹੇਠ ਕੀ ਧਰ ਦਿਤੇ। ਫੇਰ ਰਾਤ ਨੂੰ ਗੁਰੂ ਜੀ ਕੇ ਡੇਰੇ ਨੂੰ ਦੁਇ ਬਾਰੀ ਪਰਕੰਮਿਆਂ ਦੇਕੇ ਭਜ ਗਇਆ। ਬੇਨਵਾ ਫਕੀਰ ਫਿਰਦਾ ਸੀ, ਪਰਕੰਮਿਆਂ ਦੇਂਦਾ ਓਸਨੇ ਓਦੋਂ ਵੇਖਿਆ ਸੀ ਜਾਂਦਾ।

ਗੁਰੂ ਜੀ ਕਹਿੰਦੇ: 'ਬੁਲਾਵੋ, ਡੱਲ ਸਿੰਘ ਨੂੰ!'

---

1. ਦਮਦਮੇ ਤੋਂ ਦਖਣ ਨੂੰ ਟੁਰਨ ਦਾ ਇਹ ਪ੍ਰਸੰਗ ਕਵੀ ਜੀ ਨੇ ਸਵਿਸਥਾਰ ਐਨ ੧ ਦੇ ਅੰਸੂ ੩੨, ੩੩ ਵਿਚ ਦਿੱਤਾ ਹੈ। ਦਮਦਮਿਓਂ ਚੱਲਕੇ ਕੇਵਲ, ਝੋਰੜ, ਝੰਡੇ ਤੋਂ ਸਰਸੇ ਡੇਰਾ ਕਰਨ ਦਾ ਵੇਰਵਾ ਵੀ ਇਸੇ ਅੰਸੂ ੩੩ ਵਿਚ ਹੈ।
2. ਆਵੇ ਉਤੇ।

www.sikhbookclub.com



ਪਿਛਲੇ ਪਹਿਰ ਕੀ ਰਾਤ ਕਾ ਚਾਰ ਘੜੀਆਂ ਕਾ ਅੰਮ੍ਰਿਤ ਵੇਲਾ ਰਹਿੰਦਾ ਸੀ। ਬੇਨਵਾ ਕਹਿੰਦਾ: 'ਡੱਲਾ ਨ ਮੱਲਾ, ਏਕੁ ਅੱਲਾ ਹੀ ਅੱਲਾ।' ਕਹਿੰਦਾ: 'ਜੀ, ਡਲਾ ਭਾਗ ਗਇਆ ਹੈ।' ਗੁਰੂ ਜੀ ਕਹਿੰਦੇ: 'ਤਿੰਨ ਜਨਮ ਮਿਲਦਾ ਆਇਆ ਸੀ।'

ਗੁਰੂ ਜੀ ਬੋਲਣ ਨਾਂਹੀ ਚੁਪ ਕਰ ਰਹੇ। ਡੱਲਾ ਕਹਿੰਦਾ ਹੁੰਦਾ ਸੀ— ਜੀ, ਜਿਥੇ ਆਪ ਕਾ ਥਾਉਂ ਰਹਿਣੇ ਕਾ ਹੋਵੇ ਓਥੇ ਗੁਰੂ ਜੀ! ਪੀੜ੍ਹੀ ਕਾ ਥਾਂਉ ਦਾਸ ਕੋ ਰਖਣਾਂ ਜੀ— ।

ਗੁਰੂ ਜੀ ਕਹਿੰਦੇ: 'ਆਪ ਹੀ ਉਠ ਗਇਆ ਹੈਂ— ਵੇ ਡੱਲਾ!'

ਗੁਰੂ ਜੀ ਕਹਿੰਦੇ ਹੁੰਦੇ: 'ਡੱਲ ਸਿੰਘ ਦਖਣ ਨੂੰ ਹਮ ਜਾਵਣਾਂ ਹੈ ਸਭ ਤਿਆਰ ਹੋਵੋ।' ਡੱਲ ਸਿੰਘ ਕਹਿੰਦਾ ਹੁੰਦਾ: 'ਜੀ, ਏਥੇ ਹੀ ਰਹੋ।' ਗੁਰੂ ਜੀ ਕਹਿੰਦੇ: 'ਤੁਮ ਭੀ ਚੜੋ।' ਡੱਲ ਸਿੰਘ ਕਹਿੰਦਾ ਹੁੰਦਾ: 'ਜੀ ਏਨਾਂ ਝਾੜਾਂ ਕਾ ਰਾਖਾ ਕੋਈ ਨਾਹੀ।' ਗੁਰੂ ਜੀ ਕਹਿੰਦੇ ਹੁੰਦੇ: 'ਤੈਹੀ ਨਾਂਹੀ ਹੋਣਾ, ਝਾੜਾਂ ਕੇ ਰਾਖੇ ਕੇਤੇ ਹੀ ਹੋਏ ਹਨ, ਹੋਨਿਗੇ ਅਗੇ ਕੇਤੇ*' ॥੧੦੯॥

## 110. ਨੌਹਰ ਡੇਰਾ

ਚੜੇ ਗੁਰੂ ਜੀ, ਅਗੇ ਡੇਰਾ ਬਾਰੀਂ ਕੋਹੀਂ ਨੌਹਰ ਕੀਤਾ। ਗੁਰੂ ਜੀ ਕਹਿੰਦੇ: 'ਨੌਹਰ ਗੁਰੂ ਕੀ ਮੁਹਰ ਲੁਟੇਗਾ ਖਾਲਸਾ।' ਵਡਾ ਉਚਾ ਚਬੂਤਰਾ ਸੀ। ਗੁਰੂ ਜੀ ਘੋੜੇ ਸਮੇਤ ਪੌੜੀਏ ਪੌੜੀਏ ਸਿਖਰ ਚਬੂਤਰੇ ਕੇ ਚੜ ਗਏ। ਓਥੇ ਮਹਿਲ ਕੇ ਕਬੂਤਰ ਸੇ ਬਹੁਤ; ਇਕੁ ਸਿਖ ਸੁਰਾਹੀਦਾਰ ਹੇਠੋਂ ਭੰਨਾਂ ਆਇਆ ਗੁਰੂ ਕੇ ਪਾਸ ਨੂੰ। ਇਕ ਕਬੂਤਰ ਹੇਠ ਸੀ ਬੈਠਾ। ਸਿਖ ਕੇ ਪੈਰਾਂ ਹੇਠਿ ਆਇਕੇ ਮਰਿ ਗਿਆ। ਜੇਹੜੇ ਬੈਠੇ ਸੇ ਚਬੂਤਰੇ ਊਪਰ, ਓਨੀ ਗੁਸਾ ਮੰਨਿਆ, ਕਹਿੰਦੇ, 'ਸਿਖ ਨੇ ਕਬੂਤ੍ਰ ਮਾਰਿ ਦੀਆ।' ਗੁਰੂ ਜੀ ਕਹਿੰਦੇ: 'ਕਿਆ ਹੋਇਆ! ਸਭਨੀ ਹੀ ਮਰ ਜਾਣਾ ਹੈ?'

ਓਇ ਕਹਿੰਦੇ: 'ਸਭ ਹੀ ਮਾਰ ਦੇਹੁ।'

ਗੁਰੂ ਜੀ ਕਹਿੰਦੇ: 'ਸਭ ਹੀ ਮਰ ਜਾਨਗੇ!'

ਕਬੂਤਰ ਲਗੇ ਮਹਿਲ ਉਤਿਓਂ ਮਰ ਮਰ ਡਿਗਣ। ਹਜ਼ਾਰਾਂ ਕਬੂਤਰ ਸਨ, ਮਰ ਗਏ।

ਓਨੀ ਲੋਕੀਂ ਕਹਿਆ: 'ਗੁਰੂ ਜੀ, ਏਨਾਕੋ ਜੀਵਾਵੋ ਜੀ!'

---

* ਐਨ ੧ ਅੰਸੂ ੩੩।

www.sikhbookclub.com



ਗੁਰੂ ਜੀ ਕਹਿੰਦੇ, 'ਚੋਗ ਪਾਵੇ ਜੀਵਨਗੇ!'

ਓਨੀ ਚੋਗ ਪਾਈ ਮੋਠਾਂ ਕੀ, ਸਭਨੀਂ ਚੁਗੀ। ਜੇਹੜਾ ਸਿਖ ਥੋ ਮੁਇਆ ਸੀ, ਓਹ ਨਾਂ ਜੀਵਿਆ।

ਸਿਖ ਨੇ ਕਹਿਆ: 'ਜੀ, ਏਹੁ ਭੀ ਜੀਵਾਈਏ ਜੀ!'

ਗੁਰੂ ਜੀ ਕਹਿੰਦੇ: 'ਏਸ ਨੂੰ ਚੋਗ ਪਾਓ ਜੀਵੇਗਾ।'

ਸਿਖ ਨੇ ਚੋਗ ਪਾਈ, ਓਹ ਵੀ ਜੀਵਿਆ।

ਗੁਰੂ ਜੀ ਨੌਹਰ ਡੇਰਾ ਕੀਤਾ ਤਾਲ ਕੇ ਬੀਚ, ਛੀਨ ਤਲਾਈ।

ਅਠਾਰਾਂ ਸੈ ਗਿਆਰੇ ਖਾਲਸੇ ਲੁਟੀ, ਮਾਰੀ, ਮੁਹਿਰਾਂ ਲੁਟੀਆਂ[1]।

ਅਗੇ ਗੁਰੂ ਜੀ ਡੇਰਾ ਕੂਚ ਕੀਤਾ ਭਾਦਰਾ, ਅਠਾਰ੍ਹੀਂ ਕੋਹੀਂ ਹੋਇਆ॥੧੧੦॥

## 111. ਸੁਹੇਵੇ ਡੇਰਾ

ਅਗੇ ਡੇਰਾ ਸੁਹੇਵੇ ਸਤੀਂ ਕੋਹੀਂ। ਓਥੇ ਜੰਡ ਸੀ ਵਡਾ। ਗੁਰੂ ਜੀ ਕਹਿੰਦੇ: 'ਇਸ ਜੰਡ ਕੇ ਵੀਚ ਜਿਸ ਦਿਨ ਪਿਪਲੁ ਲਗੂ, ਆਪ ਪਿਪਲ ਮੌਲ ਗਇਆ, ਜੰਡ ਮਰ ਗਇਆ, ਓਦੋਂ ਖਾਲਸੇ ਕਾ ਰਾਜ ਹੋਊ[2]' ॥੧੧੧॥

---

1. ਕਵੀ ਸੰਤੋਖ ਸਿੰਘ ਜੀ ਨੇ ਇਹ ਪ੍ਰਸੰਗ ਐਨ ੧ ਦੇ ਅੰਸੂ ੩੪ ਵਿਚ ਕਵਿਤਾ ਵਿਚ ਉਲਟਾਯਾ ਹੈ ਤੇ ੧੮੧੧ ਦੀ ਵਾਰਤਾ ਦਾ ਭੀ ਥੋੜਾ ਵਧੀਕ ਹਾਲ ਦਿੱਤਾ ਹੈ, ਜੋ ਏਥੇ ਨਹੀਂ ਹੈ।
2. ਸੁਹੇਵੇ ਦੀ ਇਹ ਸੰਖੇਪ ਸਾਖੀ ਕਵੀ ਜੀ ਨੇ ਐਨ ੧ ਦੇ ਅੰਸੂ ੩੪ ਵਿਚ ਇੰਨੀ ਹੀ ਦਿੱਤੀ ਹੈ। ਪਰ ਸਰ ਅਤਰ ਸਿੰਘ ਭਦੌੜ ਵਾਲਿਆਂ ਦੀ ਪੋਥੀ ਵਿਚ ਇਸ ਸਾਖੀ ਤੋਂ ਅਗੇ ਵਿਸਥਾਰ ਸਹਿਤ ਸੁਹੇਵੇ ਦੀ ਇਕ ਹੋਰ ਸਾਖੀ ਬੀ ਦਿਤੀ ਹੈ ਜਿਸਦੇ ਅੰਤਰਗਤਿ ਕੁਛ ਇਸ ਤੋਂ ਪਹਿਲੀਆਂ ਤੇ ਕੁਝ ਅਗੋਂ ਦੀਆਂ ਸਾਖੀਆਂ ਆ ਜਾਂਦੀਆਂ ਹਨ। ਇਸ ਵਿਚ ਡਲੇ ਦੀ ਭਾਬੀ ਦਾ ਧੀ ਮਾਰਨ ਦੇ ਅਪ੍ਰਾਧ ਦੀ ਭੁੱਲ ਬਖਸ਼ਾਉਣ ਦਾ ਤੇ ਸੁਹੇਵੇ ਦੀ ਜੰਡ ਪਿਪਲ ਦੀ ਸਾਖੀ ਦਾ ਲੰਮਾ ਪ੍ਰਸੰਗ ਹੈ ਜੋ ਅਪਣੇ ਅਟਪਟੇ ਪਨ ਤੇ ਪਿਛਲੀਆਂ ਸਾਖੀਆਂ ਦੀ ਪੁਨਰੁਕਤਿ ਹੋਣ ਦੇ ਕਾਰਨ ਆਖਜੇਪਕ ਸਿੱਧ ਹੁੰਦਾ ਹੈ। ਭਾਈ ਸੰਤੋਖ ਸਿੰਘ ਜੀ ਦੇ ਗੁ: ਪ੍ਰ: ਸੂ: ਗ੍ਰੰ: ਵਿਚ ਇਹ ਪ੍ਰਸੰਗ ਨਹੀਂ ਹੈ ਜੋ ਸਹੀ ਕਰਦਾ ਹੈ ਕਿ ਇਹ ਸਾਖੀ ਮਗਰੋਂ ਦੀ ਰਚਨਾ ਹੈ। ਇਹ ਸਾਖੀ ਅਸੀਂ ਅੰਤਕਾ ੧ ਵਿਚ ਅਖੀਰ 'ਤੇ ਦਿੰਦੇ ਹਾਂ।

www.sikhbookclub.com



## 112. ਮਧੂ ਸਿੰਘਾਣੇ ਡੇਰਾ

ਅਗੇ ਮਧੂ ਸਿੰਘਾਣੇ ਡੇਰਾ ਅਠਾਰੀਂ ਕੋਹੀਂ ਕੀਤਾ॥੧੧੨॥

## 113. ਪੁਸ਼ਕਰ ਡੇਰਾ

ਅਗੇ ਪੁਹਕਰ ਡੇਰਾ ਅਠਾਰੀਂ ਕੋਹੀਂ ਕੀਤਾ॥੧੧੩॥

## 114. ਡੇਰਾ ਚੂਰੂ

ਅਗੇ ਡੇਰਾ ਚੁਰੂ ਕੀਤਾ॥੧੧੪॥

## 115. ਦਾਦੂ ਦੁਆਰੇ

ਨਰਾਇਣੇ ਡੇਰਾ ਅਗੇ ਦਾਦੂ ਦੁਆਰੇ ਹੋਇਆ। ਗੁਰੂ ਜੀ ਤੀਰ ਨਾਲ ਦਾਦੂ ਕੀ ਜਾਗਾ ਨੂੰ ਨਮਸਕਾਰ ਕਰੀ। ਖਾਲਸੇ ਨੇ ਕਹਿਆ: 'ਗੁਰੂ ਜੀ ਤਨਖਾਹ ਦੇਹੁ, ਦਾਦੂ ਕੀ ਜਾਗਾ ਕੋ ਨਮਸਕਾਰ ਕਰੀ ਹੈ!'

ਗੁਰੂ ਜੀ ਕਹਿੰਦੇ: 'ਖਾਲਸਾ ਜੀ ਲਹੋ ਤਨਖਾਹ!'

ਖਾਲਸੇ ਨੇ ਪੰਜ ਹਜਾਰ ਦਮੜਾ ਲਾਇਆ।

ਫੇਰ ਇਕੁ ਸਿਖ ਕਹਿੰਦਾ: 'ਖਾਲਸਾ ਸੀ! ਪੰਜ ਹਜਾਰ ਬਹੁਤਾ ਹੈ! ਗੁਰੂ ਜੀ ਨੂੰ ਪੰਜ ਸੈ ਕੀ ਅਵਾਜ ਕਹੁ।'

ਫਿਰ ਇਕ ਸਿੰਘ ਕਹਿੰਦਾ: 'ਪੰਜ ਸੈ ਭੀ ਬਹੁਤਾ ਹੈ!'

ਫੇਰ ਇਕੁ ਕਹਿੰਦਾ: 'ਗੁਰੂ ਜੀ ਪਾਸ ਖਜਾਨੇ ਕੀ ਪਰਵਾਹ ਹੈ?

ਫੇਰ ਇਕੁ ਸਿੰਘ ਕਹਿੰਦਾ: 'ਪੰਜ ਲਖ ਲਵਾਂਗੇ।'

ਫੇਰ ਇਕੁ ਸਿੰਘ ਕਹਿੰਦਾ: 'ਗੁਰੂ ਜੀ ਤਾਂ ਏਤਾ ਹੀ ਦੇਇ ਦੇਣਿਗੇ। ਫੇਰ ਖਾਲਸੇ ਨੂੰ ਭੀ ਤਨਖਾਹ ਤਕੜੀ ਲਗਿਆ ਕਰੇਗੀ। ਗੁਰੂ ਜੀ! ਸਵਾ ਸੌ ਦਮੜਾ, ਕਹਿੰਦਾ ਹੈ ਖਾਲਸਾ!'

ਗੁਰੂ ਜੀ ਸਵਾ ਸੌ ਦਮੜਾ ਦੀਆ ਖਾਲਸੇ ਨੂੰ। ਖਾਲਸੇ ਜੀ ਨੇ ਲੈਕੇ ਦਮੜੇ ਲੰਗਰ ਕਾ ਤੰਬੂ ਬਣਾਇ ਦੀਆ।

ਓਦੋਂ ਦਾਦੂ ਜੀ ਕਾ ਪੋਤਾ ਚੇਲਾ ਸੀ। ਤਿਥੇ ਸਿਖ ਭੀ ਜਾਇ ਬੈਠੇ, ਸਾਧ ਆਖਦੇ: 'ਇਹ ਕੌਣ ਹੈਨ?'

ਸਿੰਘ ਕਹਿੰਦੇ: 'ਇਹ ਗੁਰੂ ਗੋਬਿੰਦ ਸਿੰਘ ਹੈਨ। ਗੁਰੂ ਨਾਨਕ ਜੀ ਦੀ ਗਦੀ ਉਪਰ। ਪਾਤਸਾਹਿ ਕੇ ਸਾਥ ਇਨੋ ਹੀ ਨੇ ਜੁਧ ਕੀਆ। ਆਠ ਮਹੀਨੇ

www.sikhbookclub.com



ਸੰਗ੍ਰਾਮ ਹੋਤਾ ਰਹਿਆ ਹੈ। ਤਿਸਕਾ ਦਸ ਲਾਖ ਘੋੜਾ ਜੀਤਾ। ਫੇਰਿ ਆਪ ਨਿਕਸੇ। ਦੂਸਰਾ ਜੁੱਧ ਮਾਲਵੇ ਬੀਚ ਕੀਆ। ਤਿਥੇ ਭੀ ਜੀਤ ਹੋਈ।'

ਮਹੰਤ ਅਪਾ ਦਰਸਨ ਨੂੰ ਤਈਆਰ ਹੋਆ। ਸਾਧਾਂ ਕਹਿਆ: 'ਏਥੇ ਹੀ ਸਦ ਲਹੋ!' ਤਾਂ ਮਹੰਤ ਆਖਿਆ: 'ਸਾਨੂੰ ਹੀ ਜਾਣਾ ਜੋਗ ਹੈ ਐਸੇ ਮਹਾਤਮਾਂ ਪਾਸ ਫੇਰ ਸਾਡੇ ਅਸਥਾਨ ਆਏ ਹੈਨ।

ਥਾਲ ਪਤਾਸਿਆਂ ਕਾ ਲੀਆ। ਹੋਰ ਸਾਧ ਭੀ ਦਰਸਨ ਕੋ ਆਏ। ਗੁਰੂ ਜੀ ਬੋਹੜ ਕੇ ਥੜੇ ਉਤੇ ਬੈਠੇ ਥੇ; ਆਨਿ ਸਾਧੋਂ ਨੇ ਮਥਾ ਟੇਕਿਆ।

ਗੁਰੂ ਜੀ ਬਚਨ ਕੀਤਾ: 'ਆਵੋ ਦਾਦੂ ਦੇ ਸਿਖੋ! ਬੈਠੋ।'

ਮਹੰਤ ਆਖਿਆ: 'ਗੁਰੂ ਜੀ! ਤੁਸਾਂ ਦਾਵਾ ਕੀਤਾ ਤਾਂ ਐਤਨੇ ਜੁਧ ਜੰਗ ਹੋਏ। ਇਹ ਤੋ ਗਦੀ ਨਿਰਦਾਵੇ ਵਾਲੀ ਥੀ?'

ਗੁਰੂ ਜੀ ਕਹਿੰਦੇ: 'ਨਾ ਵੇ ਦਾਦੂ ਦਿਆ ਸਿਖਾ! ਇਉਂ ਨਹੀਂ। ਇਟ ਚਕਦੇ ਨੂੰ ਪਥਰ ਚਕੀਏ ਤਾਂ ਵਾਰੇ ਆਈਦਾ ਹੈ। ਏਨਾਂ ਤੁਰਕਾਂ ਨੇ ਸਾਧ ਸੰਤ, ਗਊ ਬ੍ਰਹਮਣ ਕੋ ਬਡਾ ਦੁਖ ਦੀਆ ਥਾ, ਅਬ ਇਨਾਂ ਕੀ ਸਫਾ ਉਠਾ ਦੇਵਾਂਗੇ।

ਸਾਧਾਂ ਨੇ— ਗੁਰੂ ਜੀ ਨੂੰ— ਦਾਦੂ ਕਿਆ ਨੇ, ਲੰਗਰ ਨੂੰ ਰਸਤ ਦਿਤੀ।

ਗੁਰੂ ਜੀ ਕਹਿੰਦੇ: 'ਸਾਡੇ ਬਾਜਾਂ ਕੋ ਤਾਂਬਾ[1] ਦੇਹੁ!'

ਸਾਧ ਕਹਿੰਦੇ: 'ਜੀ ਅਜ ਚੋਗ ਹੀ ਪਾਇ ਦੇਹੁ।'

ਗੁਰੂ ਜੀ ਕਹਿੰਦੇ: 'ਚੋਗ ਚੁਗਦਦੇ ਹਨਿ ਤਾਂ ਚੋਗ ਪਾਹਿ ਦੇਹੁ।' ਸਾਧੀਂ ਜੁਆਰ ਕੀ ਚੋਗ ਪਾਈ। ਬਾਜੀਂ ਚੋਗ ਹੀ ਚੁਗ ਲਈ[2]॥੧੧੫॥

## 116. ਲਾਲੀ ਡੇਰਾ

ਅਗੇ ਗੁਰੂ ਜੀ ਡੇਰਾ ਕੂਚ ਕੀਤਾ ਲਾਲੀ, ਪਚੀ ਕੋਹੀਂ ਹੋਇਆ॥੧੧੬॥

## 117. ਮਘਰੌਦੇ

ਅਗੇ ਡੇਰਾ ਗੁਰੂ ਜੀ ਕੂਚ ਕੀਤਾ, ਮਘਰੌਦੇ ਕੀਤਾ, ਪਚੀ ਕੋਹੀਂ॥੧੧੭॥

---

1. ਤਾਮਾ, ਮਾਸ, ਬਾਜ਼ਾਂ ਦਾ ਖਾਜਾ।
2. ਇਹ ਸਾਖੀ ਸਵਿਸਥਾਰ ਕਵੀ ਜੀ ਨੇ ਐਨ ੧ ਦੇ ਅੰਸੂ ੩੯ ਤੇ ੩੭ ਵਿਚ ਦਿੱਤੀ ਹੈ ਤੇ ਅਗਲੇ ਤਿੰਨਾਂ ਮੁਕਾਮਾਂ; ਲਾਲੀ, ਮਘਰੌਦੇ ਤੇ ਕੁਲਾਯਤ ਦਾ ਜ਼ਿਕਰ ਬੀ ਅੰਸੂ ੩੭ ਵਿਚ ਅੰਕ ੧੩ ਤੋਂ ੨੦ ਵਿਚ ਦੇ ਦਿੱਤਾ ਹੈ।

www.sikhbookclub.com



## 118. ਕੁਲਾਇਤ

ਕੁਲਾਇਤ ਅਗੇ ਡੇਰਾ ਗੁਰੂ ਜੀ ਕੀਤਾ ਬਾਰੀਂ ਕੋਹੀਂ। ਦਸ ਦਿਨ ਡੇਰਾ ਉਥੇ ਹੀ ਰਖਿਆ* ॥੧੧੮॥

ਸਤਿਗੁਰੂ ਸਤਿਗੁਰੂ ਜੀ ਸਹਾਇ॥

– ਇਤਿ –

---

* ਸਰ ਅਤਰ ਸਿੰਘ ਜੀ ਵਾਲੇ ਨੁਸਖੇ ਵਿਚ ਪੁਸਤਕ ਦੀ ਸਮਾਪਤੀ ਪਿਛੋਂ ਇਕ ਸਾਖੀ ਹੋਰ ਆਖੇਪਕ ਦਿੱਤੀ ਹੈ ਜਿਸ ਦੇ ਸ਼ੁਰੂ ਵਿਚ 'ਸੁਏਤ ਸਰ ਦੀ ਸਾਖੀ' ਲਿਖਿਆ ਹੈ। ਇਹ ਸਾਖੀ ਪਿਛੇ ਅੰਕ ੭੬ ਵਿਚ ਉਸ ਪੋਥੀ ਵਿਚ ਬੀ ਆ ਚੁਕੀ ਹੈ ਪਰ ਅਖੀਰ ਵਿਚ ਫਿਰ ਇਸਨੂੰ ਦੁਬਾਰਾ ਤੇ ਫੇਲਾਕੇ ਵਿਚ ਦਿੱਤਾ ਗਿਆ ਹੈ, ਜਿਥੇ ਕਿ ਉਸਦਾ ਠੀਕ ਥਾਂ ਟਿਕਾਣਾ ਨਹੀਂ ਹੈ। ਸਰ ਅਤਰ ਸਿੰਘ ਜੀ ਨੇ ਅਪਣੇ ਅੰਗ੍ਰੇਜ਼ਜੀ ਤਰਜਮੇ ਵਿਚ ਬੀ ਇਹ ਸਾਖੀ ਉਲਥਾਈ ਹੋਈ ਹੈ। ਪਰ ਕਵੀ ਸੰਤੋਖ ਸਿੰਘ ਜੀ ਦੀ ਰਚਨਾ ਵਿਚ ੭੬ ਸਾਖੀ ਤੋਂ ਛੁਟ ਸੁਏਤ ਸਰ ਦੀ ਹੋਰ ਸਾਖੀ ਨਹੀਂ, ਜੋ ਬੀ ਸਾਖ ਹੈ ਇਸਦੇ ਆਖੇਪਕ ਤੇ ਮਗਰੋਂ ਪਾਈ ਹੋਈ ਹੋਣ ਦੀ। ਇਹ ਸਾਖੀ ਅੰਤ ਵਿਚ ਅੰਤਕਾ ੨ ਵਿਚ ਦਿੱਤੀ ਜਾ ਰਹੀ ਹੈ।

www.sikhbookclub.com



**ਅੰਤਕਾ ੧.**

ੴ ਸ੍ਰੀ ਵਾਹਿਗੁਰੂ ਜੀ ਫਤਹਿ॥

## ਪਾਤਸਾਹੀ ੧੦॥ ਸਾਖੀ ਸੁਹੇਵੇ ਸਾਹਿਬ ਜੀ ਕੀ। ਗੁਰਦੁਆਰੇ ਜੀ ਕੀ*

ਇਕ ਦਿਨ ਦੌਲਤ ਰਾਮ ਨੂੰ ਕਾਢ ਦੀਆ ਥੀ ਸੁਹੇਵੇ ਤੇ ਰਾਜੇ ਕਰਨ ਸਿੰਘ ਨੈ; ਗੁੜ੍ਹੀ ਆਇ ਰਹਿਆ ਸੀ। ਜੋ ਸਚੇ ਪਾਤਸ਼ਾਹਿ ਦਮਦਮੇ ਸਾਹਿਬ ਤੇ ਆਏ ਹੈਨ, ਬਡੇ ਪੂਰਨ ਪੁਰਖ ਹੈਨ, ਕਰਨ ਕਾਰਨ ਹੈਨ, ਔਤਾਰੀ ਲੋਕ ਹੈਨ। ਸੋਭਾ ਸੁਣਕੇ ਦਮਦਮੇ ਸਾਹਿਬ ਆਇਆ। ਆਇ ਹਜੂਰ ਮਥਾ ਟੇਕਿਆ, ਹਥ ਜੋੜਿ ਆਇ ਖੜਾ ਹੋਇਆ। ਤਾਂ ਬਚਨ ਹੋਇਆ, 'ਦੌਲਤ ਰਾਮ ਤੂੰ ਕਿਸ ਮਨੋਰਥ ਆਇਆ ਹੈਂ?'

ਕਹਿੰਦਾ: 'ਜੀ ਮੈਂ ਘਰਾਂ ਤੇ ਕਾਢ ਦਿਤਾ ਹਾਂ ਰਾਜੇ ਕਰਨ ਸਿੰਘ ਨੈ, ਤੁਸਾਡੀ ਸਰਨ ਆਇਆ ਹਾਂ।'

ਬਚਨ ਹੋਇਆ: 'ਦੌਲਤ ਰਾਮ! ਤੂੰ ਚਲੁ ਘਰਾਂ ਨੂੰ, ਅਸੀਂ ਭੀ ਆਵਾਂਗੇ।' ਦੌਲਤ ਰਾਮ ਚੜਿ ਆਇਆ।

ਇਤਨੇ ਡਲੇ ਬਰਾੜ ਕੀ ਭਾਬੀ ਹਥਿ ਜੋੜ ਕਰਿ ਖੜੀ ਹੋਈ ਬਹੁਤ ਬੇਨਤੀ ਕਰੀ। ਬਚਨ ਹੋਇਆ: 'ਸਿਖਣੀਏਂ! ਤੂੰ ਕਿਸ ਮਨੋਰਥ ਆਈ ਹੈਂ?'

ਕਹਿਆ: 'ਜੀ ਸਚੇ ਪਾਤਸਾਹਿ! ਮੈਨੂੰ ਬੇਟੀ ਮਾਰੀ ਕਾ ਸਰਾਪ ਲਗਾ ਹੈ ਜੀ, ਮੈਨੂੰ ਬਖਸੋ ਜੀ, ਮੈਂ ਅਨੇਕ ਜਨਮ ਨਹੀਂ ਛੁਟਾਂਗੇ, ਤੁਸੀਂ ਕ੍ਰਿਪਾ ਕਰੋ ਬਖਸੋ ਜੀ।'

ਸਚੇ ਪਾਤਿਸਾਹਿ ਚੁਪ ਕਰ ਗਏ।

ਸਿਖਣੀ ਪੁਛਿਆ ਸਿਖਾਂ ਨੂੰ: 'ਸਿਖੋ! ਸਚੇ ਪਾਤਿਸਾਹਿ ਕਿਹੜੀ ਟਹਿਲ ਪਰ ਦਿਆਲ ਹੁੰਦੇ ਹੈਨ?' ਸਿਖਾਂ ਕਹਿਆ: 'ਘੋੜਿਆਂ ਕੀ ਟਹਿਲ ਪਰ ਦਿਆਲ ਹੁੰਦੇ ਹੈਨ।'

---

* ਪਿਛੇ ਆ ਚੁਕੀਆਂ ਸਾਖੀਆਂ ਦਾ ਵਿਸਤ੍ਰਿਤ ਆਖੇਪਕ ਰੂਪ ਹੈ ਇਹ ਸਾਖੀ। ਦੇਖੋ ਟੂਕ ਪਿਛੇ ਪੰਨਾ 105 ਦੇ ਹੇਠ।

www.sikhbookclub.com



ਲਗੀ ਘੋੜਿਆਂ ਕੀ ਟਹਿਲ ਕਰਣ।

ਸਚੇ ਪਾਤਿਸਾਹਿ ਕੂਚ ਕੀਆ ਦਮਦਮੇ ਤੇ; ਸੁਖਾ ਛਕਿਆ ਕੇਵਲ, ਸਰਸੇ ਮੁਕਾਮ ਕੀਆ। ਖੇਡਣੇ ਚੜੇ, ਖੇਡਦੇ ਖੇਡਦੇ ਇਕ ਪੰਜਾਵੇ ਊਪਰ ਚੜ ਗਏ। ਬਚਨ ਹੋਇਆ ਸਿਖਾਂ ਨੂੰ, 'ਸਿਖੋ! ਦੇਖੋ ਤਾਂ ਦਖਣ ਕਿਥੇ ਕੁ ਹੈ? ਆਪੇ ਹੀ ਬਾਂਹਿ ਪਸਾਰ ਕਹਿਆ, ਆਹਿ ਨੇੜੇ ਹੀ ਹੈ*!'

ਕੋਈ ਕੁ ਦਿਨ ਬਸੇ ਸਰਸੇ। ਸਰਸੇ ਤੇ ਕੂਚ ਕੀਆ, ਮੁਕਾਮ ਨੌਹਰ ਕੀਆ। ਕੋਈ ਦਿਨ ਬਸੇ ਨੌਹਰ ਤੇ ਕੂਚ ਕੀਆ। ਸੁਖਾ ਛਕਿਆ, ਸੂਰ ਪੁਰ ਸੁਹੇਵੇ ਮੁਕਾਮ ਕੀਆ। ਦੌਲਤ ਰਾਮ ਚਾਰ ਬੇਟੇ ਲੈ ਕਰਿ ਆਣ ਮਥਾ ਟੇਕਿਆ ਹਜੂਰ।

ਤਾਂ ਬਚਨ ਹੋਇਆ: 'ਦੌਲਤ ਰਾਮ ਤੇਰੇ ਕੈ ਬੇਟੇ ਹੈਨ?'

ਕਹਿਆ: 'ਜੀ ਪੰਜ ਬੇਟੇ ਹੈਨ!'

ਬਚਨ ਹੋਇਆ, 'ਪੰਜਵਾਂ ਕਹਾਂ ਹੈ?'

'ਜੀ, ਏਥੇ ਫਿਰਦਾ ਹੋਇਗਾ, ਬਾਉਲਾ ਹੈ।'

ਤਾਂ ਬਚਨ ਹੋਇਆ: 'ਓਹੁ ਬਾਵਲਾ ਨਹੀਂ ਸਿਆਣਾ ਹੈ, ਓਸ ਨੂੰ ਬੁਲਾਵੋ।' ਬੁਲਾਇਆ ਆਣ ਹਥ ਬੰਨ ਕੇ ਮਥਾ ਟੇਕਿਆ।

ਬਚਨ ਹੋਇਆ: 'ਇਸ ਕਾ ਨਾਉਂ ਕਿਆ ਹੈ?'

ਕਹਿਆ: 'ਜੀ ਇਸ ਕਾ ਨਾਉਂ ਬੂਲਾ ਹੈ ਜੀ।'

'ਇਨੂੰ ਬੂਲਾ ਨਹੀਂ ਕਹਿਣਾ! ਇਸ ਨੂੰ ਲਾਲ ਸਿੰਘ ਕਹਿਣਾ! ਏਹੁ ਤੇਰੇ ਘਰ ਮੈ ਲਾਲ ਹੈ। ਏਹੋ ਇਸ ਦੇਸ ਕਾ ਰਾਜਾ ਹੋਵੈਗਾ। ਅਰੁ ਇਹ ਚਾਰੋਂ ਇਸ ਕੀ ਕਮਾਈ ਖਾਵੈਂਗੇ।'

ਦੌਲਤ ਰਾਮ ਪੰਜੇ ਬੇਟੇ ਲੈ ਕਰਿ ਘਰਾਂ ਨੂੰ ਗਇਆ।

ਇਤਨੇ ਭਾਈ ਰੂਪੇ ਕਿਆਂ ਨੇ ਪਲਘੁ ਬੁਣਕੇ ਮੰਜੀ ਸਾਹਿਬ ਹਜੂਰ ਕੀਆ। ਸਚੇ ਪਾਤਿਸਾਹਿ ਦਿਆਲ ਹੋਏ। ਚੌਹਟਿ ਸਾਖੀਆਂ ਕੀ ਪੋਥੀ ਬਖਸੀ ਧਰਮ ਸਿੰਘ ਪਰਮ ਸਿੰਘ ਨੂੰ।

---

* ਆਵੇ ਦੇ ਉਪਰ ਚੜਕੇ ਜੋ ਗੁਰੂ ਜੀ ਨੇ ਬਚਨ ਕਹੇ, ਪਿਛੇ ਪੰਨਾ 103 ਪਰ ਆ ਚੁਕੀ ਸਾਖੀ ਵਿਚ ਦਿੱਤੇ ਵਾਕਾਂ ਨਾਲ ਨਹੀਂ ਮਿਲਦੇ ਜੋ ਬੀ ਇਸ ਸਾਖੀ ਨੂੰ ਆਖੇਪਕ ਸਿੱਧ ਕਰਦੇ ਹਨ।

www.sikhbookclub.com



ਇਤਨੇ ਸਚੇ ਪਾਤਿਸਾਹਿ ਕਾ ਧਿਆਨੁ ਘੋੜਿਆਂ ਵਲੁ ਹੋਇ ਗਇਆ। ਦੇਖੇ ਤਾਂ ਇਕੁ ਸਿਖਣੀ ਫਿਰਦੀ ਹੈ। ਬਚਨ ਹੋਇਆ, 'ਸਿਖੋ! ਘੋੜਿਆਂ ਬਿਚਿ ਸਿਖਣੀ ਕੌਣ ਫਿਰਦੀ ਹੈ? ਬੁਲਾਵੋ।' ਬੁਲਾਈ, 'ਜੀ' ਆਣ ਹਜ਼ੂਰ ਹਥ ਬੰਨ ਕੇ ਬੇਨਤੀ ਕਰੀ। ਤਾਂ ਬਚਨ ਹੋਇਆ: 'ਸਿਖਣੀਏ ਤੂੰ ਕਿਸ ਮਨੋਰਥ ਫਿਰਦੀ ਹੈਂ?'

ਕਹਿਆ: 'ਜੀ ਮੈਨੂੰ ਬੇਟੀ ਮਾਰੀ ਕਾ ਸਰਾਪ ਲਗਜਾ ਹੈ, ਜੀ ਤੁਸੀਂ ਕ੍ਰਿਪਾ ਕਰੋ, ਬਖਸੋ ਜੀ, ਫੇਰ ਮੈਂ ਅਨੇਕ ਜਨਮ ਨਹੀਂ ਛੁਟਾਂਗੀ।'

ਸਚੇ ਪਾਤਿਸਾਹਿ ਚੁਪ ਕਰ ਗਏ। ਚੁਪ ਕਰ ਬਚਨ ਹੋਇਆ: 'ਸਿਖਣੀਏ! ਇਸ ਤਲਾਉ ਵਿਚ ਬੜ ਜਾਹ ਸੁਧਾ ਜੋੜੀਂ, ਸੁਧਾ ਕਪੜੀਂ।

ਸਿਖਣੀ ਤਲਾਉ ਵਿਚਿ ਵੜ ਗਈ। ਜਾਂ ਮੁਹਿ ਜਲੁ ਪੈਣ ਲਗਾ, ਤਾਂ ਬਚਨ ਹੋਇਆ; 'ਸਿਖਣੀਏ ਮੁੜ ਆਉ, ਤੇਰਾ ਪਾਪ ਦੂਰ ਹੋ ਗਇਆ।' ਤਾਂ ਸਿਖਣੀ ਮੁੜਿ ਆਈ।

ਤਾਂ ਫੇਰ ਬਚਨ ਹੋਇਆ ਸਿਖਾਂ ਨੂੰ: 'ਸਿਖੋ! ਜੋ ਸਿਖ ਸਿਖਣੀ ਨੂੰ ਸਰਾਪ ਲਗੇਗਾ ਬੇਟੀ ਮਾਰੀ ਕਾ, ਸੁਧਾ ਕਪੜੀਂ ਸੁਧਾ ਜੋੜੀਂ ਐਸ ਤਲਾਉ ਵਿਚਿ ਗੋਤੇ ਮਾਰੇਗਾ, ਤਨਖਾਹ ਬਖਸਾਵੈਗਾ, ਉਸਕਾ ਪਾਪ ਜਾਵੈਗਾ*।'

ਇਤਨੇ ਸਚੇ ਪਾਤਿਸਾਹਿ ਨੇ ਕਮਰਕਸਾ ਖੋਲਿਆ। ਛੈ ਉਂਗਲਾਂ ਕਾ ਸਪੋਲੀਆ ਨਿਕਲਕੇ ਢਹਿ ਪਇਆ। ਸਿਖ ਲਗੇ ਮਾਰਨੇ। ਭਜ ਕੇ ਜੰਡ ਵਿਚਿ ਵੜ ਗਿਆ। ਸਿਖਾਂ ਪੁਛਿਆ: 'ਸਚੇ ਪਾਤਿਸਾਹਿ, ਇਹਿ ਕੀ ਭਾਣਾਂ ਵਰਤਿਆ?'

ਬਚਨ ਹੋਇਆ: 'ਸਿਖੋ! ਇਹਿ ਕਾਲ ਥੀ, ਹਮ ਨੇ ਪਕੜਿਆ ਥੀ, ਇਸ ਮਾਲਵੇ ਮਾਂਹਿ ਤੇ ਉਸ ਮਾਲਵੇ ਮਾਹਿ ਛੋਡਾਂਗੇ— ਉਜੈਨ ਕੀ ਧਰਤੀ। ਸਾਥੋਂ ਏਥੇ ਹੀ ਛੁਟਿ ਗਇਆ।'

ਫੇਰ ਬਚਨ ਹੋਇਆ ਸਿਖਾਂ ਨੂੰ: 'ਸਿਖੋ! ਏਥੇ ਕਿਤੇ ਬ੍ਰਹਮਾਂ ਬੀ ਹੈ, ਦੇਖੋ ਤਾਂ ਸਿਖੋ!'

---

* ਸਤਿਗੁਰੂ ਜੀ ਇਹ ਖੁਲ੍ਹ ਕਦੇ ਨਹੀਂ ਦੇ ਸਕਦੇ ਕਿ ਲੋਕ ਧੀਆਂ ਮਾਰਕੇ ਕਿਸੇ ਖਾਸ ਤਲਾਉ ਵਿਚ ਇਸ਼ਨਾਨ ਕਰ ਲੈਣ ਤਾਂ ਓਹ ਦੋਸ਼ੀ ਜਾਂ ਪਾਪੀ ਨਹੀਂ ਰਹਿਣਗੇ।

www.sikhbookclub.com



ਸਿਖ ਲਗੇ ਦੇਖਣ, ਸਾਰੇ ਫਿਰੇ, ਜੰਡਾਂ ਵਿਚਿ ਕਿਤੇ ਨਜਰ ਨਾਂ ਆਇਆ। ਕਹਿਆ: 'ਜੀ ਸਚੇ ਪਾਤਿਸਾਹਿ ਕਿਤੇ ਤਾਂ ਨਜ਼ਰ ਨਾਹੀਂ ਆਇਆ।'

ਤਾਂ ਫੇਰ ਬਚਨ ਹੋਇਆ ਇਕ ਸਿਖ ਨੂੰ: 'ਸਿਖਾ! ਇਸ ਜੰਡ ਉਪਰ ਚੜ!'

ਤਾਂ ਸਿਖ ਚੜ੍ਹ ਗਿਆ: ਦੇਖੇ ਤਾਂ ਇਕੁ ਛੇ ਉਂਗਲ ਕਾ ਪਿਪਲੁ ਖੜਾ ਹੈ। ਕਹਿਆ: 'ਜੀ, ਇਕੁ ਛੇ ਉਂਗਲ ਦਾ ਪਿਪਲੁ ਖੜਾ ਹੈ।'

'ਸਿਖੋ! ਇਹੁ ਪਿਪਲ ਨਾਂਹੀ, ਇਹੁ ਤਾਂ ਬ੍ਰਹਮਾ ਹੈ। ਬਰਮੇ ਦਾ ਰੂਪ ਸਭ ਪਿਪਲੁ ਹੈਨ। ਪਰੁ ਇਸ ਸੇ ਬ੍ਰਹਿਮਾਂ ਕੀ ਜੋਤ ਬਹੁਤੀ ਹੈ। ਕੈਸੇ ਕਰਕੇ? ਜੈਸੇ ਔਤਾਰ ਤਾਂ ਸਭੀ ਬਿਸਨ ਭਗਵਾਨ ਕੇ ਹੂਏ ਹੈਂ। ਪਰ ਕਿਸਨਾ ਔਤਾਰ ਹੂਆ, ਉਸ ਮਹਿ ਬਿਸਨ ਭਗਵਾਨ ਕੀ ਜੋਤ ਬਹੁਤੀ ਥੀ। ਤੈਸੇ ਕਰਕੇ ਇਸ ਮੈ ਬ੍ਰਹਿਮੇ ਕੀ ਜੋਤ ਬਹੁਤੀ ਹੈ। ਅਰੁ ਏਹੁ ਜੰਡ ਰਾਖਸ ਹੈ, ਪਿਪਲ ਦੇਵਤਾ ਹੈ। ਇਸ ਰਾਖਸ ਨੂੰ ਦੇਵਤਾ ਅਲੋਪ ਕਰ ਲੇਵੇਗਾ। ਜਬ ਹਮ ਪੰਜਾਬ ਧਰਤੀ ਮਹਿ ਆਂਵਾਂਗੇ। ਖਾਲਸੇ ਕੀ ਤੇਗ ਖੜੀ ਹੋਵੇਗੀ। ਪਲੀ ਪਲ ਖਾਲਸੇ ਕਾ ਤੇਜ ਬਧੈਗਾ। ਚਾਰ ਖੂਟ ਮੈ ਹੋਵੈਗਾ ਖਾਲਸਾ।'

ਇਤਨੇ ਦੌਲਤ ਰਾਮ, ਫਤੇ, ਦੋਵੇਂ ਭਾਈ ਆਣ ਹਜੂਰ ਮਥਾ ਟੇਕਿਆ। ਸਚੇ ਪਾਤਿਸਾਹਿ ਸੁਖਾ ਰਗੜਿਆ ਪਜਾਲਾ ਕੀਤਾ ਹੈ। ਤਾਂ ਬਚਨ ਹੋਇਆ: 'ਫੱਤੇ ਤੂੰ ਪਜਾਲਾ ਪੀਉ!'

ਕਹਿੰਦਾ 'ਜੀ ਮੈਂ ਨਹੀਂ ਪੀਂਦਾ!'

'ਨਾਂ ਓਇ ਫੱਤੇ ਤੂੰ ਪਜਾਲਾ ਪੀਉ!'

'ਜੀ, ਮੈ ਨਹੀ ਪੀਂਦਾ।'

'ਨ ਓਇ ਫਤੇ ਤੂੰ ਪਜਾਲਾ ਪੀਉ!'

'ਜੀ ਮੈਂ ਨਹੀਂ ਪੀਂਦਾ! ਮੈਂ ਕਮਲਾ ਹੋਇ ਜਾਵਾਂਗਾ।'

ਫੇਰ ਬਚਨ ਹੋਇਆ ਦੌਲਤ ਰਾਮ ਨੂੰ, ਦੌਲਤ ਰਾਮ ਨੇ ਪੀਆ। ਪੀ ਕਰ ਦੋਵੇਂ ਭਾਈ ਘਰਾਂ ਨੂੰ ਗਏ।

ਇਤਨੇ ਭਾਗਲੀ ਬੁੱਢੀ ਦੂਧ ਕਾ ਗੜਵਾ ਲੈ ਕਰ ਆਣ ਹਜੂਰ ਮੱਥਾ ਟੇਕਿਆ। ਬੁਢੀ ਦੀ ਗੋਦੀ ਬਾਲਕੀ ਥੀ।

ਬਚਨ ਹੋਇਆ: 'ਸਿਖਣੀਏ! ਏਹ ਬਾਲਕੀ ਤੇਰੀ ਕੀ ਲਗਦੀ ਹੈ?'

www.sikhbookclub.com



ਕਹਿਆ: 'ਜੀ, ਸਚੇ ਪਾਤਿਸਾਹਿ! ਏਹੁ ਮੇਰੀ ਬੇਟੀ ਹੈ।'

ਬਚਨ ਹੋਇਆ: 'ਸਿਖਣੀਏ! ਇਸ ਕਾ ਦੋਹਤਾ ਹਮਾਰਾ ਸਿਖੁ ਹੋਵੈਗਾ। ਬਡਾ ਸੂਰ ਬੀਰ ਹੋਵੈਗਾ। ਫੌਜਾਂ ਕਾ ਮੁਹਰੀਆ ਹੋਵੈਗਾ। ਅਗੇ ਕੋਈ ਖੜਾ ਰਹਿ ਸਕੇਗਾ ਨਾਹੀ।'

ਇਤਨੇ ਦੌਲਤਰਾਮ, ਫੱਤੇ, ਦੋਵੇਂ ਭਾਈ ਘਰੀਂ ਪਹੁੰਚੇ। ਲੋਕਾਂ ਕਹਿਆ: 'ਦੌਲਤ ਰਾਮ ਪਿਜਾਲਾ ਪੀ ਆਇਆ, ਫਤੇ ਪਿਜਾਲਾ ਕੋਈ ਪੀਤਾ ਨਾਂਹੀ, ਫਤੇ ਤੈਂ ਪਿਆਲਾ ਕਜੋਂ ਪੀਤਾ ਨਾਹੀਂ?'

ਫਤੇ ਕਹਿਆ: 'ਮੈ ਹੁਣ ਪੀ ਆਂਵਦਾ ਹਾਂ ਜੀ!'

ਆਂਨਿ ਹਜੂਰ ਮਥਾ ਟੇਕਿਆ: 'ਜੀ ਪਜਾਲਾ ਕੁਛ ਮੈਨੂੰ ਬੀ ਦੇਹੁ! ਪਿਆਲਾ ਦੌਲਤ ਰਾਮ ਪੀ ਗਇਆ।'

ਤਾਂ ਕਹਿਆ: 'ਭੰਗ ਪਈ ਹੈ ਤੂੰ ਪੀ ਲੈ!'

ਕਹਿਆ: 'ਜੀ ਭੰਗ ਹੀ ਦੇਹੁ!'

ਲੋਟਾ ਸੁਨਹਿਰਾ ਸਾਫਾ ਧੋਇ ਕੇ ਨੁਗਦਾ ਪਾਇਕੇ ਪਿਆਇ ਦਿਤਾ, ਪੀ ਕਰ ਕਮਲਾ ਹੋਇ ਗਇਆ*।

ਇਤਨੇ ਸਚੇ ਪਾਤਿਸਾਹਿ ਦਿਆਲ ਹੋਇ ਡੱਲੇ ਬਰਾੜ ਉਪਰ। 'ਆਉ ਡਲਿਆ ਸਾਡੇ ਨਾਲ ਚਲ ਤੂੰ ਦਖਣ ਨੂੰ, ਤੈਨੂੰ ਦਖਣ ਦਾ ਰਾਜ ਦਿਆਂਗੇ।'

ਕਹਿਆ: 'ਜੀ ਮੈਂ ਤਾ ਮੁਲਖ ਦਾ ਰਾਖਾ ਹਾਂ ਮੈਨੂੰ ਏਥੇ ਹੀ ਛਡੋ।'

'ਨਾਂ ਓਇ ਡਲਿਆ, ਤੂੰ ਸਾਡੇ ਨਾਲ ਚਲੁ ਨੁਰੰਗਾ ਮਰ ਗਿਆ ਹੈ। ਦਿਲੀ ਦਾ ਤਖਤ ਸੁੰਨਾ ਪਇਆ ਹੈ, ਤੈਨੂੰ ਓਹ ਭੀ ਦੇਵਾਂਗੇ। ਤੂੰ ਸਾਡੇ ਨਾਲ ਚਲੁ*।'

ਕਹਿਆ: 'ਜੀ ਮੈਂ ਤਾਂ ਗਊਆਂ ਦਾ ਰਾਖਾ ਹਾਂ, ਮੈਨੂੰ ਏਥੇ ਹੀ ਛਡੋ!'

'ਨਾਂ ਓਇ ਡਲਿਆ ਤੂੰ ਸਾਡੇ ਨਾਲ ਚਲੁ, ਜਿਥੇ ਸਾਡਾ ਮੰਜੀ ਦਾ ਥਾਂਉ ਹੋਵੇਗਾ, ਓਥੇ ਪੀੜੀ ਕਾ ਤੈਨੂੰ ਭੀ ਦੇਵਾਂਗੇ ਥਾਉਂ।'

'ਜੀ ਰਾਠ ਪੈਕੇ ਮਾਰ ਲੇਵੇਂਗੇ। ਮੈਂ ਤਾਂ ਮੁਲਖ ਦਾ ਰਾਖਾ ਹਾਂ, ਮੈਨੂੰ ਇਥੇ ਹੀ ਛਡੋ।'

---

* ਇਸ ਸਾਖੀ ਦੇ ਆਖੇਪਕਾਰ ਦੀਆਂ ਏਹ ਅਟਪਟੀਆਂ, ਤੇ, ਸੁਖੇ ਦੇ ਪਿਆਲੇ ਦੀਆਂ ਬਨਾਉਟਾਂ ਕਿੰਨੀਆਂ ਹਾਸੇ ਯੋਗ ਹਨ।

www.sikhbookclub.com



'ਜਾਹਿ ਓਇ ਡਲਿਆ! ਮੁਲਖ ਬਾਦਸਾਹੀ ਰਹੂਗਾ, ਤੂੰ ਨਹੀਂ ਹੋਵੇਂਗਾ!'

ਇਤਨੇ ਰਾਮਾ ਸਿੰਘ ਤੇ ਤਲੋਕਾ ਸਿੰਘ ਹਥ ਬੰਨ ਬੇਨਤੀ ਕਰੀ: 'ਜੀ ਸਚੇ ਪਾਤਿਸਾਹਿ ਸਾਨੂੰ ਹੁਕਮ ਹੋਵੇ, ਅਸੀਂ ਨਾਲ ਚਲਾਂਗੇ ਦਖਣ ਨੂੰ।'

ਬਚਨ ਹੋਇਆ: 'ਰਾਮ ਸਿੰਘ ਤੇ ਤਲੋਕ ਸਿੰਘ! ਥੁਆਨੂੰ ਇਥੇ ਦਾ ਹੀ ਰਾਜ ਬਖਸਿਆ ਹੈ।'

ਇਤਨੇ ਰਾਤ ਪੈ ਗਈ। ਡਲਾ ਮਲਾ ਦਰਬਾਰੀ ਘਰਬਾਰੀ ਭਜ ਗਏ। ਸਵੇਰ ਹੋਈ ਤਾਂ ਬਚਨੁ ਹੋਇਆ: 'ਏਥੇ ਦਰਬਾਰੀ ਘਰਬਾਰੀ ਡੱਲਾ ਮੱਲਾ ਭੀ ਹੈ?'

ਇਕ ਮਲੰਗ ਫਕੀਰ ਥੀ ਸੰਗਤ ਸੇਤੀ। ਉਸ ਨੇ ਕਹਿਆ: 'ਨਾ ਦਰਬਾਰੀ ਨਾਂ ਘਰਬਾਰੀ, ਨਾਂ ਡਲਾ ਨ ਮਲਾ, ਸਾਡਾ ਏਕ ਅੱਲਾ ਹੂ ਅਲਾਹ।'

ਇਤਨੇ ਦੌਲਤ ਰਾਮ ਖੇਸ ਲੈ ਕਰਿ ਆਣ ਹਜੂਰ ਮੱਥਾ ਟੇਕਿਆ। ਤਾਂ ਬਚਨੁ ਹੋਇਆ: 'ਦੌਲਤ ਰਾਮ! ਜਿਨਾ ਦੇ ਖੇਸ ਭਿਨਾ ਦੇਸ। ਜਾਓ! ਪੰਜ ਪੀੜੀਆਂ ਤੇਰਾ ਰਾਜੁ ਹੋਵੈਗਾ। ਛੀਵੀ ਪੀੜੀ ਮੇਰਾ ਖਾਲਸਾ ਹੋਵੈਗਾ।'

ਫੇਰ ਬਚਨੁ ਹੋਇਆ ਸਿਖਾਂ ਨੂੰ: 'ਜਾਓ! ਖਾਲਸਾ ਜੀ ਸੌਦਾ ਲੈ ਆਓ! ਕੜਾਹ ਪ੍ਰਸਾਦ ਦੀ ਸਮਗ੍ਰੀ ਦਾ। ਸਵਾ ਪੰਜ ਰੁਪਏ ਲੈ ਜਾਵੋ। ਚਾਰ ਆਨੇ ਸਾਹੂਕਾਰ ਨੂੰ ਬਡਿਆਈ ਦੇਂਦੇ ਆਵੋ!' ਸਿਖਾਂ ਕਹਿਆ: 'ਜੀ! ਲੈ ਆਂਵਦੇ ਹਾਂ।'

ਜਾਇ ਸਾਹੂਕਾਰ ਨੂੰ ਕਹਿਆ: 'ਸਾਹੂਕਾਰ! ਸਾਨੂੰ ਕੜਾਹ ਪ੍ਰਸਾਦ ਦੀ ਸਮਗ੍ਰੀ ਦਾ ਸੌਦਾ ਪਾਇ ਦੇਹਿ! ਚਾਰ ਆਨੇ ਆਪਣੀ ਵਡਿਆਈ ਦੇ ਰਖਿ ਲੈ।'

ਓਸਨੇ ਕਹਿਆ: 'ਜੀ ਮੈਂ ਪਾਇ ਦਿਨਾ ਹਾਂ'। ਚੌਹਾਂ ਦਾ ਪਾਇ ਦਿਤਾ। ਕਹਿਆ: 'ਜੀ ਮੈਂ ਪੂਰੇ ਪੰਜਾਂ ਰੁਪਈਆਂ ਦਾ ਸੌਦਾ ਪਾਇ ਦਿਤਾ ਹੈ। ਚਾਰ ਆਨੇ ਆਪਣੀ ਵਡਿਆਈ ਦੇ ਰਖ ਲਏ ਹੈਨ!'

ਸਿਖ ਲੈਕੇ ਹਜੂਰ ਆਏ! ਬਚਨ ਹੋਇਆ: 'ਸਿਖੋ' ਕੈ ਰੁਪਏ ਦਾ ਸੌਦਾ ਆਂਦਾ ਹੈ!'

ਸਿਖ ਕਹਿਆ: 'ਜੀ ਪੂਰੇ ਪੰਜਾ ਰੁਪਈਆਂ ਦਾ ਸੌਦਾ ਆਂਦਾ ਹੈ। ਚਾਰ

www.sikhbookclub.com



ਆਨੇ ਸਾਹੂਕਾਰ ਨੂੰ ਬਡਿਆਈ ਦੇ ਦੇ ਆਏ ਹਾਂ!'

ਤਾਂ ਬਚਨ ਹੋਇਆ: 'ਚੌਹਾਂ ਕਾ ਕਿਉ ਆਂਦਾ ਹੈ? ਬੁਲਾਵੋ ਸਾਹੂਕਾਰ ਨੂੰ!' ਬੁਲਾਇਆ, ਆਣ ਹਜ਼ੂਰ ਖੜਾ ਹੋਇਆ। ਪੁਛਿਆ: 'ਸਾਹੂਕਾਰ! ਤੈਂ ਕੈ ਰੁਪੈਆਂ ਦਾ ਸੌਦਾ ਦਿਤਾ ਹੈ?'

ਸਾਹੂਕਾਰ ਕਹਿਆ, 'ਜੀ ਮੈਂ ਪੂਰੇ ਪੰਜਾਂ ਰੁਪੈਆਂ ਦਾ ਸੌਦਾ ਦਿਤਾ ਹੈ। ਚਾਰ ਆਨੇ ਆਪਣੀ ਬਡਿਆਈ ਦੇ ਰਖ ਲਏ ਹੈਨ।'

ਤਾਂ ਬਚਨ ਹੋਇਆ: 'ਚਹੁੰ ਕਾ ਕਜੋਂ ਦਿਤਾ ਹੈ?'

ਸਾਹੂਕਾਰ ਹੱਥ ਜੋੜਕੇ ਪੈਰਾਂ ਤੇ ਢਹਿ ਪਇਆ। ਤਨਖਾਹ ਲਾਈ ਗਿਆਰਾਂ ਗੁਣੀ, ਸਿਖ ਬਣਾਇਆ, ਕੜਾਹੁ ਪ੍ਰਸਾਦਿ ਬਣਾਇ ਕੇ ਸਿਖਾਂ ਨੂੰ ਖੁਸ਼ੀ ਦਿਤੀ: 'ਪੰਜਾਬ ਧਰਤੀ ਕੋ ਜਾਓ! ਅਪਣੇ ਬਾਲ ਬਚੇ ਵਿਚਿ ਰਹਿਣਾਂ, ਸਿਖੀ ਮੈ ਕਾਇਮੁ ਰਹਿਣਾਂ।'

ਸਚੇ ਪਾਤਿਸਾਹਿ ਦਖਣ ਕੋ ਸਿਧਾਰੇ। ਕਤਕ ਕੇ ਪਿਛਲੇ ਪਖ ਕੀ ਪੰਚਮੀ ਨੂੰ। ਬੋਲੋ ਭਾਈ ਜੀ ਵਾਹਿਗੁਰੂ ਜੀ। ਸਾਖੀ ਪੂਰੀ ਹੋਈ; ਸਤਿ ਕਰ ਮੰਨਣਾਂ*। ਜੋ ਪੜੇ ਸੁਣੇਗਾ, ਪ੍ਰੇਮ ਕਰਕੈ ਸੋ ਗੁਰੂ ਜੀ ਸਹਾਇਤਾ ਕਰਣੇਗੇ॥੧੧੨॥

---

* ਪੋਥੀ ਦੀਆਂ ਸਾਖੀਆਂ ਵਿਚੋਂ ਕਿਸੇ ਸਾਖੀ ਵਿਚ ਬੀ ਇਹ ਪਦ ਨਹੀਂ ਆਏ। ਇਨਾਂ ਤੋਂ ਇਸ ਸਾਖੀ ਦੇ ਰਚਨਹਾਰ ਦਾ ਅਸਲ ਪੋਥੀ ਦੇ ਲੇਖਕ ਤੋਂ ਵੱਖਰਾ ਹੋਣਾ ਗੁੱਝਾ ਨਹੀਂ ਰਹਿ ਜਾਂਦਾ।

www.sikhbookclub.com



## ਅੰਤਕਾ ੨.

ਸਤਿਗੁਰੂ ਜੀ ਸਤਿਗੁਰੂ ਜੀ ਸਹਾਇ॥੧॥

# ਸਾਖੀ ਸੁਇਤ ਸਰ ਕੀ*

ਅਗੇ ਡੇਰਾ ਜਸੀ ਹੋਇਆ। ਗੁਰੂ ਜੀ ਸਣੇ ਘੋੜੇ ਸਸਤ੍ਰ ਬਸਤ੍ਰ ਸਮੇਤ ਤਲਾਉ ਵਿਚਿ ਠਿਲ ਪਏ। ਅਗਲੇ ਸਿਰੇ ਜਾਇ ਨਿਕਲੇ। ਘੋੜਾ ਮੁਸਕੀ ਸੀ। ਸਿਰ ਘੋੜੇ ਕਾ ਮੁਸਕੀ ਰਹਿਆ, ਹੋਰ ਚਿਟਾ ਹੋਇ ਗਇਆ। ਗੁਰੂ ਕੀ ਸੁਰਮਈ ਪੌਸਾਕ ਸੀ, ਚਿਟੀ ਹੋਇ ਗਈ। ਦਸਤਾਰ ਸੁਰਮਈ ਰਹੀ। ਗੁਰੂ ਜੀ ਬਾਹਰ ਨਿਕਸੇ; ਹੋਰ ਪੌਸਾਕੀ ਪਹਿਰੀ।

ਸਿਖਾਂ ਕਹਿਆ: 'ਜੀ ਏਹੁ ਕੀ ਹੁਕਮ ਹੋਇਆ। ਘੋੜਾ ਪੌਸਾਕੀ ਚਿਟੀ ਹੋਈ। ਘੋੜੇ ਸਣੇ ਵੜੇ ਤਾਲ ਵਿਚਿ?'

'ਭਾਈ ਸਿਖੋ! ਇਹੁ ਤੀਰਥ ਹੈ। ਪੁਰਬੀ ਕਾ ਬੇਲਾ ਸੀ।' ਗੁਰੂ ਜੀ ਕਹਿੰਦੇ 'ਏਹੁ: ਤੀਰਥ ਹੈ। ਏਥੇ ਰਾਮਤੀਰਥੋਂ ਆਇ ਉਤਰੇ ਹਨ, ਰਾਮਾ ਔਤਾਰ ਲਊ ਕੁਸੂ ਕੇ ਜੁਧ ਸਮੇ।'

ਸਿਖ ਲਗੇ ਅਸਨਾਨ ਕਰਨ।

ਗੁਰੂ ਜੀ ਕਹਿੰਦੇ: 'ਓਦੋਂ ਪੁਰਬੀ ਕਾ ਵੇਲਾ ਸੀ। ਅਭੀ ਨਛਤ੍ਰ ਸੀ।'

ਸਿਖਾਂ ਅਰਦਾਸ ਕੀਤੀ: 'ਜੀ ਸਚੇ ਪਾਤਿਸਾਹਿ, ਏਹੁ ਕੀ ਹੁਕਮ ਹੋਇਆ! ਆਪ ਕੀ ਦਸਤਾਰ ਚਿਟੀ ਕਜੋਂ ਨਾ ਹੋਈ? ਘੋੜੇ ਕਾ ਸੀਸ ਚਿਟਾ ਕਜੋਂ ਨਾ ਹੋਇਆ?'

ਗੁਰੂ ਜੀ ਕਹਿਆ: 'ਏਹੁ ਤੀਰਥ ਐਸਾ ਹੈ, ਜੇਹੜਾ ਅਸਨਾਨ ਕਰੇਗਾ, ਪਾਪਾਂ ਤੇ ਨਿਰਮਲ ਹੋਵੈਗਾ। ਘੋੜੇ ਦੇ ਸਿਰ ਦੀ ਨਿਸਾਨੀ ਰਹੀ ਹੈ। ਦਖਣ

---

* ਪਿਛੇ ਆ ਚੁਕੀ ਸਾਖੀ ੭੯ ਦਾ ਦੁਬਾਰਾ ਕਥਿਆ ਮਗਰੋਂ ਪਾਇਆ ਆਖੇਪਕ ਰੂਪ ਹੈ ਇਹ ਸਾਖੀ। ਦੇਖੋ ਟੂਕ ਪੰਨਾ 108 ਦੇ ਹੇਠਲੀ।

www.sikhbookclub.com



ਨੂੰ ਜਾਵਾਂਗੇ; ਸਿਖ ਕਹਿਣਗੇ ਐਸਾ ਤੀਰਥ ਆਇਆ ਸੀ, ਘੋੜਾ ਚਿਟਾ ਹੋਇਆ। ਅਗੇ ਸਿਖ ਪੁਛਨਗੇ ਕੇਹਾ ਜੇਹਾ ਸੀ? ਜੈਸੇ ਸੀਸ ਕੰਨਜ ਹੈਨ, ਐਸਾ ਸੀ। ਸੁਰਮਈ ਦਸਤਾਰ ਨਿਹੰਗਾਂ ਸਿੰਘਾਂ ਵਾਸਤੇ ਰਹੀ ਹੈ। ਏਥੇ ਹੀ ਰਾਮਾ ਨੰਦ ਨੇ ਤਪ ਕੀਆ ਹੈ।'

ਸਿਖਾਂ ਪੁਛਿਆ: 'ਸਚੇ ਪਾਤਿਸਾਹਿ ਜੀ ਰਾਮਾ ਨੰਦ ਤਾਂ ਕ਼ਾਸ਼ੀ ਵਿਚ ਹੋਏ ਹੈਨ'

ਗੁਰੂ ਜੀ ਕਹਿਆ: 'ਰਾਮਾ ਨੰਦ ਦੋ ਹੋਏ ਹੈਨ। ਕਾਸੀ ਬਿਖੇ ਤਾਂ ਭਗਤਾਂ ਦਾ ਗੁਰੂ ਹੋਇਆ ਹੈ। ਏਹੁ ਰਾਮਾ ਨੰਦ ਨਾਰਦ ਦਾ ਸਿਖ ਹੋਇਆ ਹੈ। ਗਊਆਂ ਚਾਰਦਾ ਸੀ। ਨਾਉ ਆਲੀ ਸੀ। ਵਹਿਮਣ ਬਠਿੰਡੇ ਵਲ ਦੇ ਪਾਸੇ ਬੀੜ ਹੈ। ਬੀੜ ਵਿਚ ਥੇਹੁ ਹੈ। ਓਹੁ ਵਡਾ ਨਗਰ ਸੀ। ਨਾਰਦ ਦੀ ਕ੍ਰਿਪਾ ਹੋਈ। ਉਪਦੇਸ਼ ਕੀਤਾ, ਸੀਸ ਉਤੇ ਹਥ ਧਰਿਆ ਦਿਸਟ ਖੁਲੀ। ਓਸ ਵੇਲੇ ਬਚਨ ਕਰਿਆ। "ਜੋ ਕਹੂ ਆਲੀ ਸੋ ਰਹੂ ਖਾਲੀ। ਜੋ ਆਖੂ ਰਾਮਾ ਨੰਦ ਸੋ ਹੋ ਜਾਊ ਅਨੰਦ।" ਜਿਸ ਵੇਲੇ ਦ੍ਰਿਸਟ ਖੁਲ ਗਈ। ਆਪ ਤੀਰਥ ਵਲ ਚਲਿ ਆਇਆ, ਗਊਆਂ ਨਗਰ ਨੂੰ ਚਲੀਆਂ ਗਈਆਂ। ਏਸ ਤੀਰਥ ਉਤੇ ਤਪਿ ਆਂਣ ਕੀਤਾ। ਏਥੇ ਹੀ ਸਮਾਧ ਹੋਈ ਹੈ, ਅਹਿ ਤੀਰਥ ਦੇ ਉਤਰ ਵਲ।'

ਸਿਖਾਂ ਅਰਦਾਸ ਕੀਤੀ: 'ਜੀ ਸਚੇ ਪਾਤਿਸਾਹਿ! ਅਸਨਾਨ ਦਾ ਮਹਾਤਮ ਵਸੇਖ ਕੇਹੜੇ ਦਿਨ ਦਾ ਹੈ ਜੀ?'

ਗੁਰੂ ਜੀ ਕਹਿਆ: 'ਵਸੇਖ ਮਾਘ ਦੀ ਸੰਗ੍ਰਾਂਦ ਕਾ ਹੈ।'

ਤੀਰਥ ਦੇ ਆਥਣ ਵਲ ਬੜੇ ਫੁਲਾਹ ਹੇਠ ਉਤਰੇ ਹੈਨ। ਸਿਖਾਂ ਨੂੰ ਕਹਿਆ 'ਇਹ ਸ੍ਰਿਤ ਸਰ ਹੈ। ਇਸ ਤਲਾਉ ਕਾ ਨਾਉ।'

ਏਹ ਸਾਖੀ ਸਾਰੇ ਮਾਲਵੇ ਪਰਧਾਨ ਹੈ।

ਫੇਰ ਗੁਰੂ ਜੀ ਕਹਿੰਦੇ: 'ਜਸੀ ਆਇ ਚਲੇ ਗੜ ਖਾਇ ਚਲੇ'। ਏਤਨੇ ਫੁਲੋ ਸੰਗਤ ਵਲ ਗਰਦੌਨਾ ਦਿਸਿਆ। ਸਿਖਾਂ ਅਰਦਾਸ ਕ਼ੀਤੀ: 'ਜੀ ਸਚੇ ਪਾਤਿਸਾਹਿ! ਤੁਰਕਾਂ ਦਾ ਦਲੁ ਆਉਂਦਾ ਹੈ।'

ਗੁਰੂ ਜੀ ਕਹਿਆ: 'ਤੁਰਕ ਕੋਈ ਨਹੀਂ, ਸੰਗਤ ਆਉਂਦੀ ਹੈ।'

ਲਬਾਣੇ ਸਿਖ ਦਿਆਂ ਅਸਵਾਰਾਂ ਕਹਿਆ: 'ਅਗੇ ਕਟਕ ਹੈ।' ਅਗੇ ਵੇਖਣ ਨੂੰ ਆਏ। ਏਧਰੋਂ ਸਿਖ ਗਏ। ਮੇਲਾ ਹੋਇ ਗਇਆ। ਸਿਖਾਂ ਥੀ ਓਨਾਂ ਪੁਛਿਆ: 'ਏਹ ਕਉਣ ਉਤਰਿਆ ਹੈ?'

www.sikhbookclub.com



ਸਿਖਾਂ ਕਹਿਆ: 'ਸਚੇ ਪਾਤਿਸਾਹਿ, ਗੁਰੂ ਗੋਬਿੰਦ ਸਿੰਘ ਜੀ ਹੈਨ। ਅਤੇ ਤੁਸੀ ਕਉਨ ਹਉ ?'

ਉਨਾਂ ਕਹਿਆ: 'ਅਸੀਂ ਲਬਾਣੇ ਸਿਖ ਦੇ ਨੌਕਰ ਹਾਂ ਜੀ।'

ਸਿਖਾਂ ਆਣ ਕਹਿਆ: 'ਸੰਗਤ ਹੈ ਜੀ, ਗੁਰੂ ਕੀ।'

ਲਬਾਣੇ ਸਿਖ ਦਿਆਂ ਅਸਵਾਰਾਂ ਜਾਇ ਕਹਿਆ, 'ਗੁਰੂ ਜੀ ਹੈਨ।' ਫੇਰ ਕੋਈ ਘੜੀ ਪਿਛੋਂ ਲਬਾਣਾ ਆਇ ਉਤਰਿਆ। ਗੁਰੂ ਜੀ ਨੂੰ ਗੁੜ ਮਥਾ ਟੇਕਿਆ ਤੀਹ ਮਣ। ਓਦੋਂ ਦੇਗ ਨਾ ਬਣਾਈ, ਗੁੜ ਹੀ ਛਕਾਇਆ ਸਿਖਾਂ ਨੂੰ, ਘੋੜਿਆਂ ਨੂੰ ਨਿਹਾਰੀ ਗੁੜ ਹੀ ਵਰਤਾਇਆ। ਓਹੁ ਲਬਾਣਾ ਸਿਖ ਦਸਵੰਧ ਦਿੰਦਾ ਹੁੰਦਾ ਸੀ। ਉਸ ਦੀ ਭਾਵਨੀ ਗੁੜ ਹੀ ਦੇਣੇ ਦੀ ਸੀ।

ਤੀਰਥ ਦੇ ਉਗਣ ਵਲ ਦੇ ਪਾਸੇ ਦੋ ਜੋਗੀ ਆਣ ਖੜੇ ਹੋਏ। ਹਥਿ ਜੋੜ ਨਮਸਕਾਰ ਕਰੀ। ਗੁਰੂ ਜੀ ਆਦਰੁ ਕੀਆ ਦਸਤ ਸਿਉ।

ਫੇਰ ਗੁਰੂ ਜੀ ਏਕ ਅੰਗੁਲੀ ਖੜੀ ਕਰੀ, ਫੇਰ ਦੋ, ਫੇਰ ਤਿੰਨ, 'ਚਾਰ ਪਾਂਚੋਂ ਕਰੀਆਂ। ਫੇਰ ਗੁਰੂ ਜੀ ਪੰਜਾ ਛਾਤੀ ਸਿਜੋਂ ਲਗਾਇਆ। ਜੋਗੀ ਦੇਖ ਕਰਿ ਪ੍ਰਸਿੰਨ ਹੋ ਕਰਿ ਚਲੇ ਗਯੇ। ਸਿਖਾਂ ਅਰਦਾਸ ਕਰੀ: 'ਸਚੇ ਪਾਤਿਸਾਹਿ ਆਪ ਕਾ ਬਚਨ ਹੈ, ਕੰਨ ਕਟੇ ਕਾ ਮੇਲ ਨਹੀਂ ਕਰਣਾ। ਏਹ ਤਾਂ ਕੰਨ ਕਟੇ ਹੈਸਨ ?'

ਗੁਰੂ ਜੀ ਕਹਿਆ: 'ਏਹ ਗੋਪੀ ਚੰਦ ਭਰਥਰੀ ਹੈਸਨ।'

ਤਾਂ ਸਿਖਾਂ ਕਹਿਆ: 'ਸਾਨੂੰ ਭੀ ਦਰਸ਼ਨ ਕਰਾਈਏ ਜੀ!'

ਗੁਰੂ ਜੀ ਕਹਿਆ: 'ਹੁਣ ਤਾਂ ਦਿੱਲੀ ਦੇ ਲਾਲ ਬਜ਼ਾਰ ਵਿਚ ਹੈਨ।'

ਸਿਖਾਂ ਅਰਦਾਸ ਕਰੀ: 'ਜੀ ਅੰਗੁਲੀ ਪੰਜੇ ਕਾ ਅਰਥ ਪ੍ਰਗਟ ਕਰੀਏ ਜੀ ?

ਤਾਂ ਗੁਰੂ ਜੀ ਕਹਿਆ: 'ਓਨਾਂ ਪ੍ਰਸਨ ਕੀਤਾ ਸੀ: ਏਹੁ ਸਮਾਂ ਕਲਜੁਗ ਦਾ ਕਠਨ ਹੈ, ਰਖੀਸਰ ਮੁਨੀਸਰ ਅਤੇ ਸਿਧ ਡਰਦੇ ਇਸ ਲੋਕ ਨੂੰ ਛਡ ਗਏ ਹੈਨ, ਅਤੇ ਤੁਸੀਂ ਜਹਾਜ ਪੂਰਿਆ ਹੈ, ਪਾਰ ਕਜੋਂ ਕਰ ਲੰਘੇਗਾ ?' ਗੁਰੂ ਜੀ ਕਹਿਆ: 'ਅੰਗੁਲੀਆਂ ਕਰ ਉਤਰਿ ਦੀਆ ਸੀ। ਇਸ ਕਾ ਅਰਥੁ ਇਹੁ ਹੈ ਜੋ ਕੋਈ ਇਕ ਸਿਖ ਦੀ ਸੇਵਾ ਭਾਵਨੀ ਕਰ ਕਰੇਗਾ, ਏਕ ਹੀ ਸਿਖ ਦੀ ਸੇਵਾ ਕਰਿਨੇ ਕਰ ਪਾਰ ਲੰਘੇਗਾ। ਫੇਰ ਉਨਹੁ ਨੇ ਕਹਿਆ ਸਚੇ ਪਾਤਿਸਾਹਿ ਜੀ, ਸਿਖ ਦੇ ਅੰਤਸਕਰਨ ਮਲਨ ਹੋਵੈਗੇ, ਉਨ ਬਿਖੇ ਬਲ ਥੋੜਾ ਹੋਵੈਗਾ, ਤਾਂ ਓਹੁ ਕੈਸੇ ਲੰਘਾਵੇਗਾ। ਫੇਰ ਅਸੀਂ ਦੋ ਅੰਗੁਲੀਆਂ ਖੜੀਆਂ ਕਰੀਆਂ।

www.sikhbookclub.com



ਇਸੀ ਪਰਕਾਰ ਬਾਰੰਬਾਰ ਉਨਕੇ ਪੁਛਣੇ ਕਰਿ ਪਾਂਚੋ ਅੰਗੁਲੀ ਖੜੀ ਕਰੀ। ਤਾਂ ਉਨਹੂ ਨੇ ਫੇਰ ਭੀ ਸੰਕਜਾ ਕਰੀ, ਕਹਿਆ: ਜੀ, ਸਮਾ ਕਠਨ ਹੈ! ਪੰਜਾ ਕਰਿ ਸਿਖ ਜੇ ਨਾ ਲੰਘੇ ਤਾਂ ਫੇਰ ਅਸੀਂ ਪੰਜਾ ਛਾਤੀ ਨਾਲ ਲਾਇ ਲੀਆ।'

ਫੇਰ ਗੁਰੂ ਜੀ ਕਹਿਆ: 'ਜੇਹੜਾ ਸਿਖੁ ਸਾਡਾ ਹੋਵੈਗਾ। ਪੰਜਾਂ ਪਜਾਰਯਾਂ ਦੀ ਸੇਵਾ ਕਰੇਗਾ ਭਾਵਨੀ ਕਰ, ਉਸਦੇ ਵਾਲੀ ਅਸੀਂ ਹਾਂ। ਫੇਰ ਉਨਹੂ ਨੇ ਕਹਿਆ ਸਤ ਬਚਨ ਜੀ! ਜੇ ਆਪ ਵਾਲੀ ਹਉ ਤਾਂ ਕਿਜਾ ਸੰਸਾ ਹੈ ਜੀ।'

ਡੇਰਾ ਦਸ ਦਿਨ ਰਹਿਆ। ਨਗਰੀ ਨੇ ਹੋਰਨਾਂ ਨਗਰੀਆਂ ਨੇ ਟਹਿਲ ਕੀਤਾ। ਜਮਾਂ ਨਿਰਨਾਂ ਇਹੁ: ਗੁਰੂ ਜੀ ਨੌ ਦਿਹ, ਨੌ ਪਹਿਰ, ਨੌ ਘੜੀਆਂ, ਨੌ ਪਲ ਡੇਰਾ ਰਹਿਆ।

ਗੁਰੂ ਜੀ ਚੜਨ ਲਗੇ ਨਗਰੀ ਨੇ ਜਥਾ ਸਕਤਿ ਸੀ ਸੋ ਮਥਾ ਟੇਕਿਆ॥੧੨੦॥

॥ਸਾਖੀ ਪੂਰੀ ਹੋਈ॥

www.sikhbookclub.com

"...'ਮਾਲਵਾ ਦੇਸ ਰਟਨ ਕੀ ਸਾਖੀ ਪੋਥੀ' ਦਾ ਕਰਤਾ ਕੋਈ ਅਗਿਆਤ ਸਾਧੂ ਹੈ। ਭਾਈ ਵੀਰ ਸਿੰਘ ਨੇ ਅੰਦਰਲੀ ਗਵਾਹੀ ਦੇ ਆਧਾਰ 'ਤੇ ਇਸ ਦਾ ਲੇਖਕ ਕੋਈ ਉਦਾਸੀ ਸਾਧੂ ਮੰਨਿਆ ਹੈ ਕਿਉਂਕਿ ਸਾਖੀ ਤੋਂ ਪਹਿਲਾਂ ਬਾਬਾ ਗੁਰਦਿੱਤਾ ਜੀ ਦਾ ਮੰਗਲਾਚਰਣ ਕੀਤਾ ਗਿਆ ਹੈ। ...ਭਾਈ ਵੀਰ ਸਿੰਘ ਨੇ ਇਸ ਦੇ ਲਿਖਣ ਪਿੱਛੇ ਪ੍ਰੇਰਣਾ ਸ੍ਰੋਤ ਭਾਈ ਸੰਤੋਖ ਸਿੰਘ ਨੂੰ ਕਲਪਿਆ ਹੈ ਕਿ ਜਦੋਂ ਉਹ ਗੁਰ-ਇਤਿਹਾਸ ਲਿਖ ਰਹੇ ਸਨ ਤਾਂ ਉਨ੍ਹਾਂ ਨੇ, ਹੋ ਸਕਦਾ ਹੈ, ਕਿਸੇ ਸਾਧੂ ਨੂੰ ਮਾਲਵੇ ਦਾ ਦੌਰਾ ਕਰਕੇ ਗੁਰ ਇਤਿਹਾਸ ਇਕੱਤਰ ਕਰਨ ਲਈ ਪ੍ਰੇਰਿਆ ਹੋਵੇ। ਉਸ ਨੇ ਇਹ ਪੋਥੀ ਲਿਖ ਕੇ ਭਾਈ ਸਾਹਿਬ ਦੇ ਸਪੁਰਦ ਕੀਤੀ ਹੋਵੇ ਜਿਸ ਤੋਂ ਉਨ੍ਹਾਂ ਨੇ ਪੂਰਾ ਲਾਭ ਉਠਾਇਆ ਹੈ। 'ਮਾਲਵਾ ਦੇਸ ਰਟਨ ਕੀ ਸਾਖੀ ਪੋਥੀ' ਦਾ ਕਾਲ ਨਿਰਣਯ ਵੀ ਇਸ ਵਿਚ ਵਰਣਿਤ ਘਟਨਾਵਾਂ ਤੇ ਬਾਹਰਲੇ ਪ੍ਰਮਾਣਾਂ ਨੂੰ ਲੈ ਕੇ ਕੀਤਾ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਵੱਲੋਂ ਇਹ ਸਾਰੀਆਂ ਸਾਖੀਆਂ ਕਵਿਤਾਈਆਂ ਗਈਆਂ ਹਨ ਜਿਸ ਤੋਂ ਸ੍ਵੈ-ਸਪਸ਼ਟ ਹੈ ਕਿ ਉਸ ਵੇਲੇ ਤੱਕ ਇਹ ਪੁਸਤਕ ਲਿਖੀ ਜਾ ਚੁੱਕੀ ਸੀ। ...ਇਸ ਗਿਆਨ ਤੇ ਸ੍ਰੋਤ ਸਮੱਗਰੀ ਦੇ ਅਧਿਐਨ ਤੋਂ ਜੋ ਤੱਥ ਸਾਹਮਣੇ ਆਏ ਉਸ ਅਨੁਸਾਰ ਇਹ ਰਚਨਾ 1880 ਬਿ. ਵਿਚ ਲਿਖੀ ਗਈ ਸਿੱਧ ਹੋਈ।..."

– ਡਾ. ਗੁਰਮੁਖ ਸਿੰਘ

ISBN 978-93-84777-56-2

www.bvsss.org

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001

Cover design by Sarbjit Singh